# ਫ਼ਰੀਦ ਬਾਣੀ
# ਦਾ
# ਬਿੰਬ-ਵਿਧਾਨ

ਕਸ਼ਮੀਰ ਸਿੰਘ ਕਾਦਰ

Marfat.com

Collection of Prof. Muhammad Iqbal Mujaddidi
Preserved in Punjab University Library.

پروفیسر محمد اقبال مجددی کا مجموعہ
پنجاب یونیورسٹی لائبریری میں محفوظ شدہ

Marfat.com

Marfat.com

# ਫ਼ਰੀਦ ਬਾਣੀ ਦਾ ਬਿੰਬ-ਵਿਧਾਨ

ਕਸ਼ਮੀਰ ਸਿੰਘ ਕਾਦਰ
ਐਮ. ਫਿਲ.

ਵਾਰਿਸਸ਼ਾਹ ਫਾਊਂਡੇਸ਼ਨ
ਅੰਮ੍ਰਿਤਸਰ

Marfat.com

FARID BANI DA BIMB VIDHAN
By : KASHMIR SINGH QADIR, M. Phil.
Lecturer, G. N. College, Sukhchainana Sahib (Phagwara)

137001

ਪਹਿਲੀ ਵਾਰ : 1989

ਮੁੱਲ : 65 ਰੁਪਏ

ਟਾਈਟਲ : ਵਿਮਲ ਤਿਵਾੜੀ

ਪ੍ਰਾਪਤੀ ਸਥਾਨ :
ਵਾਰਿਸਸ਼ਾਹ ਫਾਊਂਡੇਸ਼ਨ
42, ਗੁਰੂ ਤੇਗ ਬਹਾਦਰ ਨਗਰ, ਪੋਸਟ ਆਫ਼ਿਸ ਖਾਲਸਾ ਕਾਲਿਜ,
ਅੰਮ੍ਰਿਤਸਰ।

ਛਾਪਕ :
ਗੰਭੀਰ ਪ੍ਰਿੰਟਿੰਗ ਪ੍ਰੈਸ,
ਚੌਂਕ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਫੋਨ 33380

Marfat.com

ਆਪਣੇ ਛੋਟੇ ਭਰਾ

**ਗੁਰਮੁੱਖ ਸਿੰਘ 'ਗੋਰੀ'**

ਨੂੰ

ਜਿਸ ਦੇ ਗੁਰਮਤਿ ਪਿਆਰ ਨੇ ਮੈਨੂੰ

ਬਾਬਾ ਫਰੀਦ ਜੀ ਦੀ ਬਾਣੀ ਨੂੰ ਪਿਆਰ ਕਰਨ ਦਾ

ਮੌਕਾ ਦਿੱਤਾ

ਅਤੇ

**ਮਾਤਾ ਜੀ ਸ੍ਰੀਮਤੀ ਚੰਨਣ ਕੌਰ (ਚੰਨੋ)**

ਅਤੇ

**ਪਿਤਾ ਜੀ ਸ੍ਰ. ਦਰਸ਼ਨ ਸਿੰਘ ਜੀ**

ਨੂੰ

ਆਦਰ ਸਹਿਤ ਸਮਰਪਿਤ ।

Marfat.com

Marfat.com

# ਤਤਕਰਾ

— ਮੁੱਖ ਸ਼ਬਦ 7

ਕਾਵਿ ਬਿੰਬ ਦਾ ਸਿੱਧਾਂਤ 9-36

1. ਬਿੰਬ ਦਾ ਖੇਤਰ

ੳ) ਮਨੋਵਿਗਿਆਨ ਅ) ਦਰਸ਼ਨ ੲ) ਸਾਹਿਤ ਸ) ਕਵਿਤਾ

2. ਕਵਿਤਾ ਵਿਚ ਬਿੰਬ ਦਾ ਮਹੱਤਵ

ੳ) ਕਾਵਿ-ਅਭਿਵਿਅਕਤੀ ਦਾ ਯੋਗ ਮਾਧਿਅਮ ਅ) ਕਵੀ ਦੀ ਕਾਵਿ-ਪ੍ਰਤਿਭਾ ਦੀ ਕਸਵੱਟੀ

3. ਕਾਵਿ-ਬਿੰਬ ਦੀ ਪਰਿਭਾਸ਼ਾ

ੳ) ਕੋਸ਼ਗਤ ਸਰੂਪ ਅ) ਪੱਛਮੀ ਦ੍ਰਿਸ਼ਟੀਕੋਣ ੲ) ਭਾਰਤੀ ਦ੍ਰਿਸ਼ਟੀਕੋਣ

4. ਕਾਵਿ-ਬਿੰਬ ਦੇ ਤੱਤ

ੳ) ਅਨੁਭਵ ਅ) ਭਾਵ ੲ) ਆਵੇਗ ਸ) ਇੰਦਰੀਅਤਾ

5. ਕਾਵਿ-ਬਿੰਬ ਦੀ ਸਿਰਜਣ-ਪ੍ਰਕ੍ਰਿਆ

ੳ) ਬਿੰਬ ਦਾ ਸਿਰਜਣ ਵਿਕਾਸ ਅ) ਬਿੰਬ ਦਾ ਉਦਗਮ ਸ੍ਰੋਤ

ੲ) ਸਿਰਜਣ ਪ੍ਰਕ੍ਰਿਆ ਦਾ ਵਿਕਾਸ-ਕ੍ਰਮ

6. ਕਾਵਿ-ਬਿੰਬ ਅਤੇ ਹੋਰ ਕਾਵਿ-ਤੱਤ

ੳ) ਪ੍ਰਤੀਕ ਅ) ਬਿੰਬ ਅਤੇ ਪ੍ਰਤੀਕ ੲ) ਬਿੰਬ ਅਤੇ ਰੂਪਕ ਸ) ਬਿੰਬ ਅਤੇ ਉਪਮਾ ਹ) ਬਿੰਬ ਅਤੇ ਦ੍ਰਿਸ਼ਟਾਂਤ

ਬਾਬਾ ਫ਼ਰੀਦ ਦੀ ਬਿੰਬ ਸਾਮਗ੍ਰੀ ਤੇ ਸ੍ਰੋਤ 37-84

1. ਪ੍ਰਕ੍ਰਿਤੀ

ੳ) ਬਨਸਪਤੀ ਅ) ਪੰਛੀ, ਪਸ਼ੂ ਤੇ ਜੀਵ-ਜੰਤੂ ੲ) ਜਲ, ਜਲ-ਸ੍ਰੋਤ ਅਤੇ ਜਲ-ਕ੍ਰਿਆਵਾਂ ਸ) ਰੁੱਤਾਂ, ਮਹੀਨੇ, ਦਿਨ ਰਾਤ ਹ) ਅੱਗ, ਅਗਨੀ-ਕ੍ਰਿਆਵਾਂ, ਹਨੇਰਾ, ਰੌਸ਼ਨੀ ਕ) ਧਰਤੀ ਅਤੇ ਧਰਤੀ ਦੇ ਵੱਖ ਵੱਖ ਰੂਪ ਖ) ਧਾਤਾਂ ਅਤੇ ਹੋਰ ਪਦਾਰਥ ਗ) ਖੁਸ਼ਬੂਦਾਰ ਪਦਾਰਥ

Marfat.com

2. ਮਨੁੱਖਾ ਜੀਵਨ

ੳ) ਘਰੇਲੂ ਚੀਜ਼ਾਂ ਵਸਤੂਆਂ ਅ) ਖਾਣ ਪੀਣ ਦੇ ਪਦਾਰਥ ੲ) ਮਨੁੱਖੀ ਸਰੀਰ, ਸਰੀਰਕ ਹਰਕਤਾਂ, ਸਰੀਰਕ ਅਵਸਥਾਵਾਂ ਸ) ਮਨੁੱਖੀ ਬਸਤਰ ਤੇ ਹਾਰ ਸ਼ਿੰਗਾਰ ਹ) ਮਨੁੱਖੀ-ਰਿਸ਼ਤੇ-ਨਾਤੇ ਕ) ਰੀਤਾਂ ਰਸਮਾਂ ਖ) ਮਨੁੱਖੀ ਕੰਮ-ਧੰਦੇ ਗ) ਰਾਜਸੀ ਵਾਤਾਵਰਣ

3. ਇਸਲਾਮੀ ਮਿਥਿਹਾਸ ਅਤੇ ਧਾਰਮਿਕ ਵਿਸ਼ਵਾਸ

ੳ) ਅਜ਼ਰਾਈਲ ਅ) ਸ਼ੈਤਾਨ ੲ) ਦੋਜ਼ਖ਼ ਸ) ਕਿਆਮਤ ਦਾ ਦਿਨ, ਲੇਖਾ ਹ) ਰੂਹ ਕ) ਦਰਗਾਹ ਖ) ਪੁਲਿਸਰਾਤ
ਗ) ਨਮਾਜ਼

ਬਿੰਬਾਵਲੀ ਰਾਹੀਂ ਵਿਸ਼ੇ ਦਾ ਨਿਰੂਪਣ 85-114

ੳ) ਪ੍ਰਭੂ ਜਾਂ ਪਰਮਾਤਮਾ (ਖ਼ੁਦਾ) ਅ) ਪ੍ਰਭੂ ਪਿਆਰ ਜਾਂ ਰੱਬੀ ਇਸ਼ਕ
ੲ) ਬੰਦਗੀ ਜਾਂ ਨਾਮ ਸਿਮਰਨ (ਇਬਾਦਤ) ਸ) ਬਿਰਹਾ
ਹ) ਗੁਰੂ ਜਾਂ ਮੁਰਸ਼ਦ ਦੀ ਸ਼ਰਨ ਕ) ਦਰਵੇਸ਼ ਅਤੇ ਦਰਵੇਸ਼ੀ
ਖ) ਜੀਵਨ ਦੀ ਨਾਸ਼ਮਾਨਤਾ, ਬੁਢਾਪਾ ਅਤੇ ਮੌਤ ਗ) ਸਦਾਚਾਰ ਜਾਂ ਨੈਤਿਕਤਾ ਘ) ਫੁਟਕਲ ਵਿਚਾਰ

ਬਾਬਾ ਫ਼ਰੀਦ ਦੇ ਬਿੰਬ-ਵਿਧਾਨ ਦਾ ਬਹੁ-ਪੱਖੀ ਮੁਲਾਂਕਣ 115-146

1. ਬਿੰਬਾਵਲੀ ਦੀਆਂ ਵਿਸ਼ੇਸ਼ਤਾਵਾਂ

ੳ) ਉਤੇਜਨਾ ਅ) ਤੀਬਰਤਾ ੲ) ਨਵੀਨਤਾ ਤੇ ਤਾਜ਼ਗੀ
ਸ) ਪਰਿਚਯ ਜਾਂ ਜਾਣ-ਪਛਾਣ ਹ) ਉਪਜਾਇਕਤਾ ਅਤੇ ਵਿਅੰਜਕਤਾ ਕ) ਅਨੁਰੂਪਤਾ ਜਾਂ ਉਚਿਤਤਾ

2. ਬਿੰਬ ਨਿਰਮਾਣ ਦਾ ਮਾਧਿਅਮ

ੳ) ਉਪਮਾ ਅ) ਰੂਪਕ ੲ) ਦ੍ਰਿਸ਼ਟਾਂਤ ਸ) ਪ੍ਰਤੀਕ
ਹ) ਮਾਨਵੀਕਰਣ ਕ) ਮੁਹਾਵਰੇ ਅਤੇ ਅਖਾਉਤਾਂ ਖ) ਬਿਰਤਾਂਤ

3. ਬਿੰਬਾਵਲੀ ਦਾ ਕਾਰਜ ਤੇ ਉਪਯੋਗਤਾ

ੳ) ਸੰਵੇਦਨਾ ਪ੍ਰਦਾਨ ਕਰਨਾ ਅ) ਅਮੂਰਤ ਭਾਵਾਂ ਦਾ ਮੂਰਤੀਕਰਣ
ੲ) ਭਾਵਾਂ ਦੀ ਸੁਹਜ-ਭਰਪੂਰ ਅਭਿਵਿਅਕਤੀ ਸ) ਮਾਰਮਿਕ ਭਾਵਾਂ ਦੀ ਸਫਲ ਅਭਿਵਿਅਕਤੀ ਹ) ਕਾਵਿ ਵਿਚ ਸਜੀਵਤਾ ਲਿਆਉਣੀ ਕ) ਪ੍ਰਭਾਵ ਦੀ ਉਤਪਤੀ
ਖ) ਕ੍ਰਮਬੱਧਤਾ ਲਿਆਉਣਾ

4 ਕਵਿਤਾ ਵਿਚ ਬਿੰਬ ਦੀ ਸਥਿਤੀ

ੳ) ਸ਼ਬਦ ਵਿਚ ਬਿੰਬ ਅ) ਵਾਕੰਸ਼ ਵਿਚ ਬਿੰਬ ੲ) ਵਾਕ ਵਿਚ

Marfat.com

ਬਿੰਬ ਸ) ਵਾਕ-ਸਮੂਹ ਜਾਂ ਕੁਝ ਵਾਕਾਂ ਵਿਚ ਬਿੰਬ

ਹ) ਸ਼ਲੋਕ ਵਿਚ ਬਿੰਬ ਕ) ਦੋ ਸ਼ਲੋਕਾਂ ਵਿਚ ਇਕ ਬਿੰਬ

5. **ਬਿੰਬ ਦੀ ਪ੍ਰਕ੍ਰਿਤੀ**

ੳ) ਅਖੰਡਿਤ ਤੇ ਖੰਡਿਤ ਬਿੰਬ ਅ) ਪ੍ਰਧਾਨ ਬਿੰਬ ਅਤੇ ਲਘੂ ਬਿੰਬ

ੲ) ਸੰਜੁਕਤ ਬਿੰਬ ਸ) ਇਕੋ ਵਿਸ਼ੇ ਲਈ ਵਿਰੋਧੀ ਪ੍ਰਕ੍ਰਿਤੀ ਵਾਲੇ ਬਿੰਬ

6. **ਬਾਬਾ ਫ਼ਰੀਦ ਦੀ ਬਿੰਬਾਵਲੀ ਅਤੇ ਗੁਰਬਾਣੀ**

**ਪੁਸਤਕ-ਸੂਚੀ** 147

Marfat.com

Marfat.com

## ਮੁਖ ਸ਼ਬਦ

ਐਮ. ਫਿਲ. ਪੰਜਾਬੀ ਦੇ ਦੂਜੇ ਸਿਮੈਸਟਰ ਦੇ ਤੀਜੇ ਕੋਰਸ ਦੀ ਪ੍ਰੀਖਿਆ ਲਈ ਆਪਣਾ ਟਰਮ-ਪੇਪਰ ਲਿਖਣ ਲਈ ਵਿਭਾਗ ਵਲੋਂ ਮੈਨੂੰ ਜਿਹੜਾ ਵਿਸ਼ਾ ਦਿੱਤਾ ਗਿਆ ਉਹ ਸੀ, 'ਫ਼ਰੀਦ-ਬਾਣੀ ਵਿਚ ਨੈਤਿਕਤਾ'। ਇਹ ਟਰਮ-ਪੇਪਰ ਲਿਖਣ ਦੌਰਾਨ ਮੈਨੂੰ ਬਾਬਾ ਫਰੀਦ ਦੀ ਬਾਣੀ ਉਪਰ ਲਿਖੀਆਂ ਗਈਆਂ ਬਹੁਤ ਸਾਰੀਆਂ ਆਲੋਚਨਾਤਮਕ ਪੁਸਤਕਾਂ ਪੜ੍ਹਨ ਦਾ ਮੌਕਾ ਮਿਲਿਆ। ਮੈਂ ਇਹ ਮਹਿਸੂਸ ਕੀਤਾ ਕਿ ਵਿਦਵਾਨਾਂ ਨੇ ਬਾਬਾ ਫ਼ਰੀਦ ਦੀ ਵਿਚਾਰਧਾਰਾ ਉਪਰ ਤਾਂ ਬਹੁਤ ਕੁਝ ਲਿਖਿਆ ਹੈ ਪਰ ਉਸ ਦੀ ਬਿੰਬਾਵਲੀ ਬਾਰੇ ਬਹੁਤ ਹੀ ਘੱਟ ਚਰਚਾ ਕੀਤੀ ਹੈ। ਜੇਕਰ ਕਿਸੇ ਵਿਦਵਾਨ ਨੇ ਬਾਬਾ ਫ਼ਰੀਦ ਦੇ ਕਾਵਿ-ਬਿੰਬਾਂ ਬਾਰੇ ਚਰਚਾ ਕੀਤੀ ਵੀ ਹੈ ਤਾਂ ਉਹ ਬਹੁਤ ਹੀ ਸੰਖੇਪ ਤੇ ਸੀਮਿਤ ਹੈ। ਫ਼ਰੀਦ-ਬਿੰਬਾਵਲੀ ਦਾ ਬਹੁਪੱਖੀ ਮੁਲਾਂਕਣ ਤਾਂ ਕਿਸੇ ਵਿਦਵਾਨ ਨੇ ਵੀ ਨਹੀਂ ਕੀਤਾ। ਬਾਬਾ ਫ਼ਰੀਦ ਹੀ ਨਹੀਂ ਸਗੋਂ ਪੰਜਾਬੀ ਦੇ ਇਕ ਦੋ ਕਵੀਆਂ ਨੂੰ ਛੱਡ ਕੇ ਹੋਰ ਕਿਸੇ ਵੀ ਕਵੀ ਦੇ ਬਿੰਬ-ਵਿਧਾਨ ਉਪਰ ਵਿਸਤ੍ਰਿਤ ਚਰਚਾ ਨਹੀਂ ਹੋਈ। ਇਸ ਦਾ ਇਕ ਕਾਰਣ ਸ਼ਾਇਦ ਇਹ ਵੀ ਹੈ ਕਿ ਪੰਜਾਬੀ ਵਿਚ ਕਾਵਿ-ਬਿੰਬ ਦੇ ਸਿੱਧਾਂਤ ਸੰਬੰਧੀ ਵੀ ਕੇਵਲ ਨਾ-ਮਾਤਰ ਹੀ ਚਰਚਾ ਹੋਇਆ ਹੈ।

ਮੇਰਾ ਵਿਚਾਰ ਇਹ ਹੈ ਕਿ ਕਿਸੇ ਕਵੀ ਦੀ ਰਚਨਾ ਦਾ ਅਧਿਐਨ ਤਦ ਤਕ ਸੰਪੂਰਣ ਨਹੀਂ ਕਿਹਾ ਜਾ ਸਕਦਾ ਜਦ ਤਕ ਉਸ ਦੇ ਬਿੰਬ-ਵਿਧਾਨ ਦਾ ਬਹੁਪੱਖੀ ਮੁਲਾਂਕਣ ਨਾ ਕੀਤਾ ਜਾਵੇ। ਕਵਿਤਾ ਵਿਚ ਬਿੰਬ ਦਾ ਬਹੁਤ ਹੀ ਮਹੱਤਵ ਹੈ। ਬਿੰਬ ਕੇਵਲ ਕਾਵਿ-ਅਭਿਵਿਅਕਤੀ ਦਾ ਯੋਗ ਅਤੇ ਉੱਤਮ ਮਾਧਿਅਮ ਹੀ ਨਹੀਂ ਹੁੰਦੇ ਸਗੋਂ ਇਹ ਕਿਸੇ ਕਵੀ ਦੀ ਕਾਵਿ-ਪ੍ਰਤਿਭਾ ਦੀ ਕਸਵੱਟੀ ਵੀ ਹੁੰਦੇ ਹਨ।

ਬਾਬਾ ਫ਼ਰੀਦ ਤੋਂ ਲੈ ਕੇ ਹੁਣ ਤਕ ਦਰਜਨਾਂ ਹੀ ਅਜੇਹੇ ਪੰਜਾਬੀ ਕਵੀ ਹਨ ਜਿਨ੍ਹਾਂ ਦੀ ਬਿੰਬਾਵਲੀ ਦਾ ਬਹੁਪੱਖੀ ਤੇ ਵਿਸਤ੍ਰਿਤ ਅਧਿਐਨ ਕੀਤੇ ਜਾਣ ਦੀ ਲੋੜ ਹੈ। ਹੱਥਲੇ ਖੋਜ-ਨਿਬੰਧ ਵਿਚ ਮੈਂ ਪੰਜਾਬੀ ਕਵਿਤਾ ਦੇ ਮੋਢੀ ਬਾਬਾ ਫ਼ਰੀਦ ਦੀ ਬਿੰਬਾਵਲੀ ਨੂੰ ਸਮਝਣ ਤੇ ਸਮਝਾਉਣ ਦਾ ਉਪਰਾਲਾ ਮਾਤਰ ਕੀਤਾ ਹੈ।

ਫ਼ਰੀਦ-ਬਾਣੀ ਦੇ ਮਾਨਵਵਾਦੀ ਸੰਦੇਸ਼ ਅਤੇ ਇਸ ਦੀ ਅੰਤਰਰਾਸ਼ਟਰੀ ਤੇ ਸਦੀਵੀ ਮਹਾਨਤਾ ਨੂੰ ਪ੍ਰਵਾਨ ਕਰਦਿਆਂ ਹੋਇਆਂ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ



Marfat.com

ਅਮੋਲਕ ਬਾਣੀ ਨੂੰ ਆਦਿ ਗ੍ਰੰਥ ਵਿਚ ਸੰਕਲਿਤ ਕਰ ਦਿੱਤਾ ਸੀ। ਇਸ ਖੋਜ-ਨਿਬੰਧ ਵਿਚ ਬਾਬਾ ਫ਼ਰੀਦ ਦੇ ਸ਼ਲੋਕਾਂ ਤੇ ਸ਼ਬਦਾਂ ਦੇ ਹਵਾਲੇ "ਆਦਿ ਗ੍ਰੰਥ" ਵਿਚੋਂ ਹੀ ਦਿੱਤੇ ਗਏ ਹਨ। ਇਥੇ ਇਹ ਦੱਸ ਦੇਣਾ ਵੀ ਉਚਿਤ ਹੋਵੇਗਾ ਕਿ ਹਵਾਲਿਆਂ ਦੀ ਗਿਣਤੀ ਬਹੁਤ ਵੱਧ ਜਾਣ ਦੇ ਕਾਰਣ ਮੈਂ ਇਹ ਹਵਾਲੇ ਸੰਬੰਧਿਤ ਪੰਨੇ ਦੇ ਅੰਤ ਵਿਚ ਦੇਣ ਦੀ ਬਜਾਇ ਆਪਣੇ ਵਿਚਾਰ ਦੀ ਪੁਸ਼ਟੀ ਲਈ ਦਿੱਤੇ ਸ਼ਲੋਕ ਜਾਂ ਸ਼ਬਦ ਦੇ ਨਾਲ ਹੀ ਦੇ ਦਿੱਤੇ ਹਨ।

ਅੰਤ ਵਿਚ ਮੈਂ ਆਪਣੇ ਨਿਗਰਾਨ ਡਾ. ਹਰਜਿੰਦਰ ਸਿੰਘ ਢਿੱਲੋਂ, ਪ੍ਰੋਫੈਸਰ ਤੇ ਮੁਖੀ, ਪੰਜਾਬੀ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜਨਲ ਸੈਂਟਰ, ਜਲੰਧਰ, ਦਾ ਬਹੁਤ ਰਿਣੀ ਹਾਂ, ਜਿਨ੍ਹਾਂ ਦੀ ਸੁਚੱਜੀ ਅਗਵਾਈ ਹੇਠ ਹੀ ਮੈਂ ਹੱਥਲਾ ਖੋਜ-ਨਿਬੰਧ ਸੰਪੂਰਣ ਕਰ ਸਕਿਆ ਹਾਂ। ਮੈਂ ਧੰਨਵਾਦੀ ਹਾਂ ਡਾ. ਬਿਕਰਮ ਸਿੰਘ ਘੁੰਮਣ ਰੀਡਰ ਪੰਜਾਬੀ ਅਧਿਐਨ ਸਕੂਲ ਦਾ ਜਿਨ੍ਹਾਂ ਦੇ ਉਤਸ਼ਾਹ ਤੇ ਪ੍ਰੇਰਨਾ ਨਾਲ ਮੇਰਾ ਖੋਜ ਕਾਰਜ ਸਮੇਂ ਸਿਰ ਸੰਪੰਨ ਹੋਇਆ ਅਤੇ ਹੁਣ ਇਸ ਨੂੰ ਪ੍ਰਕਾਸ਼ਿਤ ਕੀਤਾ ਜਾ ਸਕਿਆ।

—ਕਸ਼ਮੀਰ ਸਿੰਘ ਕਾਦਰ



Marfat.com

# ਕਾਵਿ-ਬਿੰਬ ਦਾ ਸਿੱਧਾਂਤ

'ਬਿੰਬ' ਸ਼ਬਦ ਅੰਗ੍ਰੇਜ਼ੀ ਭਾਸ਼ਾ ਦੇ ਸ਼ਬਦ 'ਇਮੇਜ' (Image) ਦਾ ਪ੍ਰਯਾਏਵਾਚੀ ਹੈ। ਇਸ ਸ਼ਬਦ ਦਾ ਪ੍ਰਯੋਗ ਜੀਵਨ ਦੇ ਵਿਭਿੰਨ ਖੇਤਰਾਂ ਵਿਚ ਵੱਖ ਵੱਖ ਅਰਥਾਂ ਵਿਚ ਕੀਤਾ ਜਾਂਦਾ ਹੈ, ਜਿਵੇਂ, "ਸ਼ਕਲ, ਆਕਾਰ, ਰੂਪ, ਚਿਤ੍ਰ, ਤਸਵੀਰ, ਮੂਰਤੀ, ਪ੍ਰਤਿਮਾ, ਬੁੱਤ, ਪਰਛਾਵਾਂ, ਪ੍ਰਤਿਬਿੰਬ, ਬਿੰਬ, ਆਦਰਸ਼, ਨਮੂਨਾ, ਨਕਲ, ਹੂਬਹੂ ਉਤਾਰਾ, ਸੂਰਤ, ਉਪਮਾ, ਰੂਪਕ, ਭਾਵ, ਖਿਆਲ, ਖਿਆਲੀ ਤਸਵੀਰ, ਚਿਤ੍ਰ ਬਨਾਉਣਾ, ਮੂਰਤੀ ਬਨਾਉਣੀ, ਮੂਰਤੀਮਾਨ ਕਰਨਾ, ਕੋਈ ਰੂਪ ਦੇਣਾ, ਪਰਛਾਵਾਂ ਪਾਉਣਾ, ਕਲਪਨਾ ਕਰਨੀ, ਖਿਆਲ ਬੰਨ੍ਹਣਾ, ਆਦਰਸ਼ ਜਾਂ ਨਮੂਨਾ ਹੋਣਾ"।[1] ਸੋ ਸ਼ਬਦ 'ਬਿੰਬ' ਨੂੰ ਕੋਈ ਨਿਸ਼ਚਿਤ ਅਰਥ ਦੇਣਾ ਉਸ ਖੇਤਰ ਉੱਤੇ ਨਿਰਭਰ ਕਰਦਾ ਹੈ ਜਿਸ ਖੇਤਰ ਵਿਚ ਇਸ ਦਾ ਪ੍ਰਯੋਗ ਕੀਤਾ ਜਾਵੇ।

## 1. ਬਿੰਬ ਦਾ ਖੇਤਰ

ਭਾਵੇਂ ਮਨੁੱਖੀ ਜੀਵਨ ਅਤੇ ਮਨੁੱਖੀ ਗਿਆਨ ਦੇ ਅਨੇਕਾਂ ਹੀ ਖੇਤਰਾਂ ਵਿਚ 'ਬਿੰਬ' ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ ਪਰ ਇਸ ਸ਼ਬਦ ਨੂੰ ਵਿਸ਼ੇਸ਼ ਸਥਾਨ ਸਾਹਿਤ, ਦਰਸ਼ਨ ਅਤੇ ਮਨੋਵਿਗਿਆਨ ਵਿਚ ਹੀ ਪ੍ਰਾਪਤ ਹੈ। ਕਵਿਤਾ ਵਿਚ ਬਿੰਬ ਦੇ ਪ੍ਰਯੋਗ ਸੰਬੰਧੀ ਵਿਚਾਰ ਕਰਨ ਤੋਂ ਪਹਿਲਾਂ ਮਨੋਵਿਗਿਆਨ, ਦਰਸ਼ਨ ਅਤੇ ਸਾਹਿਤ ਵਿਚ ਇਸ ਦੀ ਸਥਿਤੀ ਬਾਰੇ ਸੰਖਿਪਤ ਚਰਚਾ ਕਰਨੀ ਲਾਹੇਵੰਦ ਰਹੇਗੀ।

### ੳ) ਮਨੋਵਿਗਿਆਨ

ਮਨੋਵਿਗਿਆਨੀਆਂ ਨੇ ਬਿੰਬਾਂ ਦੇ ਮਾਧਿਅਮ ਰਾਹੀਂ ਮਨੁੱਖੀ ਮਨ ਦੀਆਂ ਗਹਿਰਾਈਆਂ ਤਕ ਪਹੁੰਚਣ ਵਿਚ ਸਫ਼ਲਤਾ ਪ੍ਰਾਪਤ ਕੀਤੀ ਹੈ। ਮਨੁੱਖੀ ਮਨ ਦੀਆਂ ਗੁੰਝਲਾਂ ਨੂੰ ਖੋਲ੍ਹਣ ਲਈ ਮਨੋਵਿਗਿਆਨੀਆਂ ਨੇ ਸੁਪਨ-ਬਿੰਬਾਂ (Images of dreams) ਦਾ ਪ੍ਰਯੋਗ ਕੀਤਾ ਹੈ। ਮਨੁੱਖੀ ਮਨ ਬਿੰਬਾਂ ਦਾ ਭੰਡਾਰ ਹੈ। ਸਕਾਟ ਜੇਮਜ਼ ਅਨੁਸਾਰ, "ਮਨੁੱਖੀ ਅਵਿਚੇਤਨ ਦੀ ਚੀਰ-ਫਾੜ ਕਰ ਕੇ ਮਨੋਵਿਗਿਆਨੀਆਂ ਨੂੰ ਉਥੇ ਨਿਰਜੀਵ, ਠੰਡੇ ਤੇ ਖੋਖਲੇ ਪ੍ਰਭਾਵਾਂ, ਬਿੰਬਾਂ ਤੇ ਅਕਸਾਂ ਤੋਂ ਬਿਨਾਂ ਕੁਝ ਵੀ ਨਜ਼ਰ ਨਹੀਂ ਆਇਆ"।[2] ਮਨੋਵਿਗਿਆਨ ਵਿਚ ਬਿੰਬ ਦਾ ਅਰਥ ਮਾਨਸਿਕ ਪੁਨਰ-ਨਿਰਮਾਣ (Mental Reproduction) ਕੀਤਾ



Marfat.com

ਗਿਆ ਹੈ । ਵੈਲੇਕ ਤੇ ਵਾਰਨ ਅਨੁਸਾਰ, "ਬਿੰਬਾਵਲੀ ਇਕ ਅਜਿਹਾ ਵਿਸ਼ਾ ਹੈ ਜੋ ਮਨੋਵਿਗਿਆਨ ਅਤੇ ਸਾਹਿਤ ਅਧਿਐਨ ਦੋਹਾਂ ਨਾਲ ਸੰਬੰਧ ਰੱਖਦਾ ਹੈ। ਮਨੋਵਿਗਿਆਨ ਵਿਚ 'ਬਿੰਬ' ਸ਼ਬਦ ਦਾ ਅਰਥ ਹੈ : ਮਾਨਸਿਕ ਪੁਨਰ-ਨਿਰਮਾਣ, ਪੂਰਬਲੇ, ਸੰਵੇਦਾਨਤਮਕ ਜਾਂ ਅਨੁਬੋਧਕ ਅਨੁਭਵ ਦੀ ਸਿਮਰਤੀ, ਜ਼ਰੂਰੀ ਨਹੀਂ ਕਿ ਉਹ ਪ੍ਰਤੱਖ ਹੋਵੇ'।[3] ਵਿਸ਼ਵ ਕੋਸ਼ ਵਿਚ ਮਨੋਵਿਗਿਆਨ ਦੇ ਪ੍ਰਸੰਗ ਵਿਚ ਸੀ. ਡਬਲਯੂ. ਬਰੇ ਦੀ ਬਿੰਬ ਬਾਰੇ ਦਿੱਤੀ ਪਰਿਭਾਸ਼ਾ ਨੂੰ ਕਾਫ਼ੀ ਲਾਭਕਾਰੀ ਮੰਨਿਆ ਗਿਆ ਹੈ ਜੋ ਇਸ ਤਰ੍ਹਾਂ ਹੈ : "ਬਿੰਬ ਉਹ ਚੇਤਨ ਸਿਮਰਤੀਆਂ ਹਨ ਜੋ ਕਿਸੇ ਵਿਚਾਰ ਦੀ ਮੂਲ ਉਤੇਜਨਾ ਵਸਤੂ ਦੀ ਅਣਹੋਂਦ ਵਿਚ ਉਸ ਦੇ ਅਨੁਬੋਧ ਦਾ ਸੰਪੂਰਣ ਜਾਂ ਆਂਸ਼ਿਕ ਰੂਪ ਵਿਚ ਪੁਨਰ-ਨਿਰਮਾਣ ਕਰਦੀਆਂ ਹਨ"।[4] ਸੋ ਬਿੰਬ ਮੂਲ ਉਤੇਜਨਾ ਵਸਤੂ ਤੋਂ ਬਿਨਾਂ ਹੀ ਉਸ ਵਸਤੂ ਦਾ ਪੁਨਰ-ਨਿਰਮਾਣ ਕਰਦਾ ਹੈ। ਇਹ ਗੱਲ ਧਿਆਨ ਵਿਚ ਰੱਖਣ ਵਾਲੀ ਹੈ ਕਿ ਮਨੋਵਿਗਿਆਨ ਦੇ ਪ੍ਰਸੰਗ ਵਿਚ ਬਿੰਬ ਦਾ ਜੋ ਸਰੂਪ ਉੱਘੜਦਾ ਹੈ ਉਸ ਅਨੁਸਾਰ ਬਿੰਬ, ਗਿਆਨ ਇੰਦ੍ਰੀਆਂ ਰਾਹੀਂ ਭੌਤਿਕ ਰੂਪ ਵਿਚ ਵੇਖੀ ਜਾ ਸਕਣ ਵਾਲੀ ਵਸਤੂ ਨਹੀਂ ਸਗੋਂ ਇਹ ਕਲਪਨਾ ਦੀ ਅੱਖ ਨਾਲ ਵੇਖੀ ਜਾਣ ਵਾਲੀ ਵਸਤੂ ਹੈ।[5] ਇਸ ਕਰ ਕੇ ਕਲਪਨਾ ਨਾਲ ਬਿੰਬ ਦਾ ਬੜਾ ਨਿਕਟਵਰਤੀ ਤੇ ਗਹਿਰਾ ਸੰਬੰਧ ਹੈ।

ਬਿੰਬ ਦਾ ਉਪਰੋਕਤ ਮਨੋਵਿਗਿਆਨਕ ਸਰੂਪ ਕਾਵਿ-ਬਿੰਬ ਤੋਂ ਕਾਫ਼ੀ ਵੱਖਰਾ ਹੈ ਕਿਉਂਕਿ ਮਨੋਵਿਗਿਆਨ ਵਿਚ ਬਿੰਬ ਕਿਸੇ ਵਸਤੂ ਦੇ ਮਾਨਸਿਕ ਪੁਨਰ-ਨਿਰਮਾਣ ਤਕ ਹੀ ਸੀਮਿਤ ਹੋਣ ਕਰ ਕੇ ਇਹ ਨਿਰਜੀਵ ਅਤੇ ਭਾਵਹੀਨ ਹੁੰਦਾ ਹੈ ਜਦ ਕਿ ਕਾਵਿ-ਬਿੰਬ ਮਨੁੱਖੀ ਭਾਵਾਂ ਨਾਲ ਓਤਪੋਤ ਹੋਣ ਕਰ ਕੇ ਸਜੀਵ ਅਤੇ ਭਾਵ-ਭਰਪੂਰ ਹੁੰਦਾ ਹੈ।

### ਅ) ਦਰਸ਼ਨ

ਸੂਖਮ ਅਤੇ ਜਟਿਲ ਅਧਿਆਤਮਿਕ ਤੇ ਦਾਰਸ਼ਨਿਕ ਵਿਚਾਰਾਂ ਦੇ ਸਰਲ ਅਤੇ ਸਫਲ ਪ੍ਰਗਟਾਵੇ ਵਾਸਤੇ ਬਿੰਬਾਂ ਦਾ ਪ੍ਰਯੋਗ ਅਤੀ ਜ਼ਰੂਰੀ ਹੁੰਦਾ ਹੈ। ਦਰਸ਼ਨ ਦੇ ਖੇਤਰ ਵਿਚ ਜਦੋਂ ਕੋਈ ਚਿੰਤਕ ਵਿਚਾਰਾਂ ਦੇ ਉਚੇਰੇ ਮੰਡਲਾਂ ਵਿਚ ਵਿਚਰ ਕੇ ਉਨ੍ਹਾਂ ਨੂੰ ਪ੍ਰਗਟਾਉਣ ਦਾ ਉਪਰਾਲਾ ਕਰਦਾ ਹੈ ਤਾਂ ਬਹੁਤ ਵਾਰ ਸਾਧਾਰਣ ਸ਼ਬਦ ਉਸ ਦਾ ਸਾਥ ਨਹੀਂ ਦਿੰਦੇ। ਅਜਿਹੀ ਸਥਿਤੀ ਵਿਚ ਆਪਣੇ ਵਿਚਾਰਾਂ ਦਾ ਨਿਰੂਪਣ ਕਰਨ ਲਈ ਉਸ ਨੂੰ ਬਿੰਬਾਂ ਦੇ ਮਾਧਿਅਮ ਦਾ ਸਹਾਰਾ ਲੈਣਾ ਪੈਂਦਾ ਹੈ। ਜਦੋਂ ਕੋਈ ਸਾਧਕ ਆਪਣੇ ਡੂੰਘੇ ਅਤੇ ਰਹੱਸਮਈ ਭਾਵਾਂ ਨੂੰ ਮਨੁੱਖਾ-ਜੀਵਨ ਜਾਂ ਪ੍ਰਕ੍ਰਿਤੀ ਵਿਚੋਂ ਲਏ ਬਿੰਬਾਂ ਰਾਹੀਂ ਪ੍ਰਗਟਾਉਂਦਾ ਤਾਂ ਇਨ੍ਹਾਂ ਨੂੰ ਸਮਝਣਾ ਤੇ ਗ੍ਰਹਿਣ ਕਰਨਾ ਬਹੁਤ ਸੌਖਾ ਹੋ ਜਾਂਦਾ ਹੈ। ਸੋ ਬਿੰਬ ਅਲੌਕਿਕ ਅਨੁਭਵ ਨੂੰ ਲੌਕਿਕ ਰੂਪ ਪ੍ਰਦਾਨ ਕਰ ਕੇ ਜਨ ਸਾਧਾਰਣ ਦੇ ਜੀਵਨ ਨਾਲ ਜੋੜਦੇ ਹਨ। ਇਸ ਗੱਲ ਦੀ ਪੁਸ਼ਟੀ ਲਈ ਬਾਈਬਲ, ਕੁਰਆਨ ਅਤੇ ਆਦਿ ਗ੍ਰੰਥ ਦੀਆਂ ਉਦਾਹਰਣਾਂ ਲਈਆਂ ਜਾ ਸਕਦੀਆਂ ਹਨ। ਇਹ ਮਹਾਨ ਗ੍ਰੰਥ ਅਧਿਆਤਮਿਕ ਤੇ ਦਾਰਸ਼ਨਿਕ ਵਿਚਾਰਾਂ ਦਾ ਭੰਡਾਰ ਹਨ। ਇਨ੍ਹਾਂ ਦੇ ਸਿਰਜਣਹਾਰਿਆਂ ਨੇ ਆਪਣੇ ਭਾਵਾਂ ਤੇ ਵਿਚਾਰਾਂ ਨੂੰ ਆਮ ਲੋਕਾਂ ਤਕ ਪਹੁੰਚਾਉਣ ਲਈ ਵੰਨ-ਸੁਵੰਨੇ ਬਿੰਬਾਂ ਦੀ ਵਿਆਪਕ ਰੂਪ



Marfat.com

ਵਿਚ ਵਰਤੋਂ ਕੀਤੀ ਹੈ। ਈ. ਐਲ. ਮਸਕਲ ਨੇ ਈਸਾਈਆਂ ਦੇ ਮਹਾਨ ਧਾਰਮਿਕ ਗ੍ਰੰਥ 'ਬਾਈਬਲ' ਦੇ ਸੰਬੰਧ ਵਿਚ ਲਿਖਿਆ ਹੈ ਕਿ "ਇਸ ਦੇ ਭਾਵ-ਸੰਚਾਰ ਦਾ ਮਾਧਿਅਮ ਧਾਰਨਾ ਨਹੀਂ, ਬਿੰਬ ਹਨ"।[6] ਏਸੇ ਤਰ੍ਹਾਂ ਆਦਿ ਗ੍ਰੰਥ ਦੀ ਬਾਣੀ ਵਿਚ ਵੀ ਜਿਸ ਅਨੂਠੀ ਤੇ ਅਨੂਪਮ ਬਿੰਬਾਵਲੀ ਦਾ ਪ੍ਰਦਰਸ਼ਨ ਹੋਇਆ ਹੈ ਉਹ ਮਹੱਤਵਪੂਰਣ ਹੈ।

## ੲ) ਸਾਹਿਤ

ਸਾਹਿਤ ਦੇ ਖੇਤਰ ਵਿਚ ਭਾਵੇਂ ਬਿੰਬ ਦਾ ਵਿਸ਼ੇਸ਼ ਸਥਾਨ ਕਵਿਤਾ ਵਿਚ ਹੀ ਬਣਦਾ ਹੈ ਪਰ ਇਸ ਦੇ ਨਾਲ ਹੀ ਨਾਵਲ, ਕਹਾਣੀ, ਨਾਟਕ ਆਦਿ ਵਿਚ ਵੀ ਬਿੰਬਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਨਾਵਲ ਵਿਚ ਬਿੰਬਾਂ ਦੀ ਵਰਤੋਂ ਦੇ ਪ੍ਰਸੰਗ ਵਿਚ ਲੀਵਿਸ ਲਿਖਦਾ ਹੈ ਕਿ "ਨਾਵਲਕਾਰ ਕਥਾ ਨੂੰ ਸ਼ਿੰਗਾਰਨ, ਕਥਾਨਕ ਨੂੰ ਗਤੀਸ਼ੀਲ ਬਨਾਉਣ, ਵਿਸ਼ੇ ਨੂੰ ਪ੍ਰਤੀਕਾਤਮਕਤਾ ਪ੍ਰਦਾਨ ਕਰਨ ਅਤੇ ਕਿਸੇ (ਪਾਤਰ ਦੀ) ਮਨੋਦਸ਼ਾ ਨੂੰ ਉਜਾਗਰ ਕਰਨ ਲਈ ਬਿੰਬਾਂ ਦਾ ਪ੍ਰਯੋਗ ਕਰ ਸਕਦਾ ਹੈ"।[7] ਨਾਟਕ ਵਿਚ ਵੀ ਨਾਟਕਕਾਰ ਕਿਸੇ ਵਿਸ਼ੇਸ਼ ਘਟਨਾ ਜਾਂ ਪਰਿਸਥਿਤੀ ਦੇ ਪ੍ਰਭਾਵ ਨੂੰ ਉਜਾਗਰ ਕਰਨ ਲਈ ਜਾਂ ਕਿਸੇ ਪਾਤਰ ਦੀ ਦੁਬਿਧਾ-ਗ੍ਰਸਤ ਜਟਿਲ ਮਨੋਦਸ਼ਾ ਨੂੰ ਸਾਕਾਰ ਕਰਨ ਲਈ ਬਿੰਬਾਂ ਦਾ ਪ੍ਰਯੋਗ ਕਰਦਾ ਹੈ। ਨਾਟਕ ਵਿਚ ਕਈ ਵਾਰ ਕਿਸੇ ਪਾਤਰ ਦੇ ਭਾਵਾਂ ਨੂੰ ਸ਼ਬਦਾਂ ਰਾਹੀਂ ਬੋਲ ਕੇ ਵਰਣਨ ਨਹੀਂ ਕੀਤਾ ਜਾ ਸਕਦਾ ਹੁੰਦਾ ਜਾਂ ਅਜਿਹਾ ਕਰਨਾ ਸ਼ੋਭਾ ਨਹੀਂ ਦਿੰਦਾ। ਅਜਿਹੇ ਭਾਵਾਂ ਦੀ ਪ੍ਰਦਰਸ਼ਨੀ ਲਈ ਬਿੰਬਾਂ ਦਾ ਪ੍ਰਯੋਗ ਸਭ ਤੋਂ ਵਧੀਆ ਢੰਗ ਹੈ। ਕਾਵਿ-ਬਿੰਬਾਂ ਨੂੰ 'ਐਬਸਰਡ' ਨਾਟਕਾਂ ਦਾ ਤਾਂ ਆਵੱਸ਼ਕ ਤੱਤ ਕਿਹਾ ਗਿਆ ਹੈ।[8]

## ਸ) ਕਵਿਤਾ

ਕਵਿਤਾ ਵਿਚ ਬਿੰਬਾਂ ਦਾ ਪ੍ਰਯੋਗ ਇਸ ਦੇ ਜਨਮ ਤੋਂ ਹੀ ਹੋਣਾ ਸ਼ੁਰੂ ਹੋ ਗਿਆ ਸੀ। ਬਾਅਦ ਵਿਚ ਵੀ ਇਹ ਨਿਰੰਤਰ ਹੁੰਦਾ ਰਿਹਾ ਅਤੇ ਹੁਣ ਵੀ ਲਗਾਤਾਰ ਹੋ ਰਿਹਾ ਹੈ। ਇਸ ਪ੍ਰਸੰਗ ਵਿਚ ਸੀ.ਡੀ. ਲੀਵਿਸ ਦਾ ਕਥਨ ਉਲੇਖਨੀਯ ਹੈ ਕਿ "ਝੁਕਾ ਆਉਂਦੇ ਜਾਦੇ ਹਨ, ਪ੍ਰਤਿਮਾਨ ਬਦਲਦੇ ਰਹਿੰਦੇ ਹਨ, ਛੰਦ-ਪ੍ਰਬੰਧ ਵਿਚ ਪਰਿਵਰਤਨ ਆ ਜਾਂਦਾ ਹੈ, ਇਥੋਂ ਤੱਕ ਕਿ ਬੁਨਿਆਦੀ ਵਿਸ਼ਾ-ਵਸਤੂ ਹੀ ਬਦਲ ਜਾਂਦਾ ਹੈ, ਉਸ ਦਾ ਮੁਹਾਂਦਰਾ ਹੀ ਲਗਪਗ ਬੇਪਛਾਣ ਹੋ ਜਾਂਦਾ ਹੈ ਪਰ ਰੂਪਕ (ਬਿੰਬ) ਫਿਰ ਵੀ ਕਵਿਤਾ ਦਾ ਜੀਵਨ-ਸਿੱਧਾਂਤ ਬਣਿਆ ਰਹਿੰਦਾ ਹੈ ਜੋ ਕਿ ਕਵੀ ਦੀ ਸਭ ਤੋਂ ਪ੍ਰਮੁੱਖ ਕਸਵੱਟੀ ਅਤੇ ਉਸ ਦਾ ਗੌਰਵ ਹੁੰਦੀ ਹੈ"।[9]

ਕਵਿਤਾ ਨੂੰ ਵਾਰਤਕ ਨਾਲੋਂ ਨਿਖੇੜਨ ਵਾਲੇ ਤੱਤਾਂ ਵਿਚੋਂ ਇਕ ਪ੍ਰਮੁੱਖ ਤੱਤ ਕਵਿਤਾ ਦਾ ਬਿੰਬ-ਵਿਧਾਨ ਹੈ। ਪ੍ਰਸਿੱਧ ਵਿਦਵਾਨ ਹਰਬਰਟ ਰੀਡ ਅਨੁਸਾਰ ਵਾਰਤਕ ਦਾ ਬਿੰਬਾਵਲੀ ਬਿਨਾਂ ਸਰ ਸਕਦਾ ਹੈ ਪਰ ਕਵੀ ਲਈ ਪਾਠਕ ਦੇ ਮਨ ਵਿਚ ਬਿੰਬ ਉਤਪਨ ਕਰਨਾ ਅਤਿਅੰਤ ਜ਼ਰੂਰੀ ਹੁੰਦਾ ਹੈ। ਸਾਹਿਤ, ਵਿਸ਼ੇਸ਼ ਕਰ ਕੇ ਕਵਿਤਾ ਵਿਚ ਵਿਵੇਕ ਦਾ ਤਿਆਗ ਕੀਤਾ ਜਾ ਸਕਦਾ ਹੈ ਪਰ ਆਪਣੇ ਸੁਭਾਅ ਕਰ ਕੇ ਕਵਿਤਾ ਬਿੰਬ ਨੂੰ ਨਹੀਂ ਤਿਆਗ ਸਕਦੀ।[10] ਡਰਾਈਡਨ ਨੇ ਵੀ ਬਿੰਬਾਵਲੀ ਦੀ ਪ੍ਰਕ੍ਰਿਆ ਨੂੰ ਕਵਿਤਾ ਦੀ ਉੱਚਤਾ



Marfat.com

ਅਤੇ ਜੀਵਨ ਦੇ ਰੂਪ ਵਿਚ ਵੇਖਿਆ ਹੈ।[11] ਇਸ ਤਰ੍ਹਾਂ ਬਿੰਬਾਂ ਦੀ ਕਾਵਿ-ਸਿਰਜਨ ਲਈ ਵਿਸ਼ੇਸ਼ ਆਵੱਸ਼ਕਤਾ ਮੰਨੀ ਗਈ ਹੈ। ਇਹ ਕੇਵਲ ਕਵੀ ਦੇ ਭਾਵਾਂ, ਅਨੁਭਵਾਂ ਜਾਂ ਵਿਚਾਰਾਂ ਦੀ ਅਭਿਵਿਅੰਜਨਾਂ ਦਾ ਮਾਧਿਅਮ ਨਹੀਂ ਹੁੰਦੇ ਸਗੋਂ ਕਾਵਿ-ਕਲਾ ਦੀ ਦ੍ਰਿਸ਼ਟੀ ਤੋਂ ਵੀ ਇਨ੍ਹਾਂ ਦਾ ਵਿਸ਼ੇਸ਼ ਮਹੱਤਵ ਹੈ। ਮੈਕਲੀਸ਼ ਦਾ ਇਹ ਕਥਨ ਬਿਲਕੁਲ ਦਰੁਸਤ ਹੈ ਕਿ ਬਿੰਬ ਕਵਿਤਾ ਅਤੇ ਉਸ ਦੇ ਸ਼ਿਲਪ ਦੇ ਜ਼ਰੂਰੀ ਤੱਤ ਹੁੰਦੇ ਹਨ।[12] ਹਿੰਦੀ ਦੇ ਪ੍ਰਸਿੱਧ ਵਿਦਵਾਨ ਰਾਮ ਚੰਦਰ ਸ਼ੁਕਲ ਨੇ ਵੀ ਕਵਿਤਾ ਵਿਚ ਬਿੰਬਾਂ ਦੀ ਆਵੱਸ਼ਕਤਾ ਨੂੰ ਜ਼ੋਰਦਾਰ ਸ਼ਬਦਾਂ ਵਿਚ ਸਵੀਕਾਰ ਕੀਤਾ ਹੈ। ਉਸ ਅਨੁਸਾਰ "ਕਵਿਤਾ ਵਿਚ ਕੇਵਲ ਅਰਥ ਮਾਤਰ ਨਾਲ ਹੀ ਕੰਮ ਨਹੀਂ ਚਲਦਾ, ਬਿੰਬ-ਗ੍ਰਹਿਣ ਕਰਨਾ ਵੀ ਕਵਿਤਾ ਲਈ ਜ਼ਰੂਰੀ ਹੁੰਦਾ ਹੈ।[13] ਪ੍ਰੋ. ਲਿਵਿੰਗਸਟੋਨ ਨੇ ਵੀ ਠੀਕ ਹੀ ਕਿਹਾ ਹੈ ਕਿ ਬਿੰਬਾਵਲੀ ਕਵਿਤਾ ਦਾ ਕੇਵਲ ਸ਼ਿੰਗਾਰਮਾਤਰ ਹੀ ਨਹੀਂ ਹੁੰਦੀ ਸਗੋਂ ਇਹ ਕਾਵਿ ਦਾ ਇਕ ਅਨਿੱਖੜ ਅੰਗ ਹੁੰਦੀ ਹੈ"।[14] ਰਾਬਨ ਸਕੈਲਟਨ ਨੇ ਤਾਂ ਬਿੰਬ ਨੂੰ ਕਵਿਤਾ ਦਾ ਪ੍ਰਮੁੱਖ ਸਿਰਜਕ ਤੱਤ ਸਵੀਕਾਰ ਕਰਦਿਆਂ ਹਰ ਕਵਿਤਾ ਵਿਚ ਇਕ ਬਿੰਬ-ਵਿਧਾਨ ਮੰਨਿਆ ਹੈ।[15]

ਇਸ ਤਰ੍ਹਾਂ ਵਿਦਵਾਨਾਂ ਨੇ ਕਾਵਿ-ਬਿੰਬ ਨੂੰ ਕਵਿਤਾ ਨੂੰ ਸ਼ਿੰਗਾਰਨ ਵਾਲਾ ਇਕ ਕੇਵਲ ਅਲੰਕਾਰ ਮਾਤਰ ਹੀ ਨਹੀਂ ਮੰਨਿਆ ਸਗੋਂ ਇਸ ਨੂੰ ਕਵਿਤਾ ਦਾ ਇਕ ਅਤਿਅੰਤ ਜ਼ਰੂਰੀ ਤੱਤ ਸਵੀਕਾਰ ਕੀਤਾ ਹੈ। ਕਾਰਣ ਸਪੱਸ਼ਟ ਹੈ ਕਿ ਜਦ ਸਾਧਾਰਣ ਭਾਸ਼ਾ ਕਵੀ ਦੇ ਭਾਵਾਂ ਨੂੰ ਪ੍ਰਗਟਾਉਣ ਤੋਂ ਅਸਮਰਥ ਰਹਿੰਦੀ ਹੈ ਤਾਂ ਉਸ ਨੂੰ ਬਿੰਬਾਵਲੀ ਦੀ ਓਟ ਲੈਣੀ ਪੈਂਦੀ ਹੈ। ਸੋ ਕਵਿਤਾ ਵਿਚ ਬਿੰਬਾਵਲੀ ਦਾ ਵਿਸ਼ੇਸ਼ ਮਹੱਤਵ ਹੈ।

## 2. ਕਵਿਤਾ ਵਿਚ ਬਿੰਬ ਦਾ ਮਹੱਤਵ

ਬਿੰਬ ਦੇ ਸਰੂਪ ਨੂੰ ਨਿਰਧਾਰਿਤ ਕਰਨ ਸੰਬੰਧੀ ਤਾਂ ਵਿਦਵਾਨਾਂ ਵਿਚ ਮਤਭੇਦ ਹਨ ਪਰ ਕਵਿਤਾ ਵਿਚ ਬਿੰਬ ਦੇ ਮਹੱਤਵ ਨੂੰ ਸਭਨਾਂ ਨੇ ਹੀ ਸਵੀਕਾਰ ਕੀਤਾ ਹੈ। ਕਵਿਤਾ ਵਿਚ ਬਿੰਬ ਦੇ ਮਹੱਤਵ ਨੂੰ ਸਨਮੁੱਖ ਰੱਖਦਿਆਂ ਯੀਟਸ ਨੇ ਕਿਹਾ ਹੈ ਕਿ ਸਿਆਣਪ ਦੀ ਪਹਿਲੀ ਝਲਕ ਬਿੰਬਾਂ ਵਿਚੋਂ ਮਿਲਦੀ ਹੈ।[16] ਏਜ਼ਰਾ ਪਾਊਂਡ ਨੇ ਤਾਂ ਬਿੰਬ ਦੇ ਮਹੱਤਵ ਸੰਬੰਧੀ ਇਥੋਂ ਤੱਕ ਕਹਿ ਦਿੱਤਾ ਸੀ ਕਿ ਜ਼ਿੰਦਗੀ ਵਿਚ ਇਕ ਸੁਚੱਜੇ ਬਿੰਬ ਦਾ ਨਿਰਮਾਣ ਵੱਡੇ ਆਕਾਰ ਦੇ ਗ੍ਰੰਥ ਦੀ ਰਚਨਾ ਨਾਲੋਂ ਕਿਤੇ ਚੰਗੇਰਾ ਹੈ।[17] ਵਿਦਵਾਨਾਂ ਦੇ ਇਹ ਕਥਨ ਭਾਵੇਂ ਬਿੰਬ ਦੇ ਮਹੱਤਵ ਬਾਰੇ ਕਾਫ਼ੀ ਰੌਸ਼ਨੀ ਪਾਉਂਦੇ ਹਨ ਪਰ ਕਵਿਤਾ ਵਿਚ ਬਿੰਬ ਦੇ ਮਹੱਤਵ ਦਾ ਪੂਰਾ ਪਤਾ ਬਿੰਬ ਨੂੰ ਕਵਿਤਾ ਅਤੇ ਕਾਵਿ-ਸ਼ੈਲੀ ਦੇ ਪ੍ਰਸੰਗ ਵਿਚ ਵਿਚਾਰਨ ਉਪਰੰਤ ਹੀ ਚਲ ਸਕੇਗਾ।

### ੳ) ਕਾਵਿ-ਅਭਿਵਿਅਕਤੀ ਦਾ ਯੋਗ ਮਾਧਿਅਮ

ਬਿੰਬ ਕਵੀ ਦੇ ਭਾਵਾਂ ਤੇ ਵਿਚਾਰਾਂ ਨੂੰ ਰੂਪਮਾਨ ਕਰਨ ਦਾ ਇਕ ਯੋਗ ਮਾਧਿਅਮ ਹੈ। ਇਸ ਪ੍ਰਸੰਗ ਵਿਚ ਈ.ਐਮ. ਮਸਕਲ ਨੇ ਬਿਲਕੁਲ ਠੀਕ ਕਿਹਾ ਹੈ ਕਿ "ਭਾਵਾਂ ਦੇ ਸੰਚਾਰ ਲਈ ਕਲਾਤਮਿਕ ਬਿੰਬਾਂ ਦਾ ਪ੍ਰਯੋਗ ਸਭ ਤੋਂ ਉੱਤਮ ਵਿਧੀਆਂ ਵਿਚੋਂ ਇਕ ਹੈ"।[18] ਰੂਪਕ ਤੇ ਉਪਮਾ ਨੂੰ ਬਿੰਬ ਦੇ ਰੂਪ ਵਿਚ ਲੈਂਦਿਆਂ ਲਿਊਕਸ ਕਹਿੰਦਾ ਹੈ ਕਿ "ਰੂਪਕ ਤੇ



Marfat.com

ਉਪਮਾ ਤੋਂ ਬਿਨਾਂ ਸ਼ੈਲੀ ਮੇਰੇ ਲਈ ਉਸੇ ਤਰ੍ਹਾਂ ਹੈ ਜਿਸ ਤਰ੍ਹਾਂ ਸੂਰਜ ਤੋਂ ਬਗੈਰ ਦਿਨ ਅਤੇ ਪੰਛੀਆਂ ਤੋਂ ਬਗੈਰ ਜੰਗਲ" ।[19] ਕਵਿਤਾ ਵਿਚ ਲੋੜੀਂਦਾ ਭਾਵ ਪੈਦਾ ਕਰਨ ਲਈ ਜ਼ਰੂਰੀ ਹੈ ਕਿ ਬਿੰਬਾਂ ਦਾ ਪ੍ਰਯੋਗ ਕੀਤਾ ਜਾਵੇ। ਰੌਬਿਨ ਸਕੇਲਟਨ ਦਾ ਵਿਚਾਰ ਵੀ ਇਹੀ ਹੈ ਕਿ ਕਵਿਤਾ ਵਿਚ ਸੁੰਦਰਤਾ, ਉਦਾਸੀ ਜਾਂ ਇਕਲਾਪੇ ਦਾ ਕੇਵਲ ਵਰਣਨ ਹੀ ਨਾ ਕੀਤਾ ਜਾਵੇ ਸਗੋਂ ਉਨ੍ਹਾਂ ਲਈ ਸਥੂਲ ਬਿੰਬ ਪੇਸ਼ ਕੀਤੇ ਜਾਣ।[20] ਸੋ ਬਿੰਬਾਵਲੀ ਤੋਂ ਬਿਨਾਂ ਕਵਿਤਾ ਉਚੇਰੇ ਕਾਵਿ-ਗੁਣਾਂ ਤੋਂ ਕੋਰੀ ਹੋ ਜਾਂਦੀ ਹੈ। ਇਹ ਬਿੰਬਾਵਲੀ ਹੀ ਹੈ ਜੋ ਕਵਿਤਾ ਵਿਚ ਜਾਨ ਪਾਉਂਦੀ ਹੈ। ਬਿੰਬਾਵਲੀ ਦੁਆਰਾ ਹੀ ਕਾਵਿ-ਕਲਾ ਵਿਚ ਗੌਰਵ, ਤੀਖਣਤਾ, ਸੰਗਠਨ, ਧੁਨੀਆਂ, ਗਤੀਆਂ, ਨਕਸ਼ ਅਤੇ ਰੰਗੀਨੀਆਂ ਉਤਪੰਨ ਹੁੰਦੀਆਂ ਹਨ।[21] ਪ੍ਰੀਤਮ ਸਿੰਘ ਅਨੁਸਾਰ ਵੀ ਨਵੀਨ ਅਨੁਭਵ ਦੇ ਪ੍ਰਗਟਾਵੇ ਲਈ ਕਵਿਤਾ ਵਿਚ ਬਿੰਬਾਂ ਦਾ ਪ੍ਰਯੋਗ ਬਹੁਤੀ ਜ਼ਰੂਰ ਹੈ। ਉਸ ਅਨੁਸਾਰ, "ਜਦੋਂ ਨਵੇਂ ਯਥਾਰਥ ਦਾ ਪ੍ਰਗਟਾ ਕਰਨਾ ਹੁੰਦਾ ਹੈ ਜਾਂ ਕਵੀ ਕੋਈ ਨਵੀਂ ਗੱਲ ਕਹਿਣੀ ਲੋਚਦਾ ਹੈ ਤਾਂ ਉਸ ਨੂੰ ਆਪਣੇ ਵਿਚਾਰਾਂ ਨੂੰ ਪੂਰੀ ਤਰ੍ਹਾਂ ਪ੍ਰਗਟ ਕਰਨ ਲਈ ਨਵੀਂ ਬਿੰਬਾਵਲੀ ਦੀ ਵਰਤੋਂ ਕਰਨੀ ਪੈਂਦੀ ਹੈ ਤੇ ਇਸ ਤੋਂ ਬਿਨਾਂ ਉਸ ਦਾ ਛੁਟਕਾਰਾ ਨਹੀਂ" ।[22]

ਕਈ ਵਾਰ ਜਦੋਂ ਕੋਈ ਕਵੀ ਮਨ ਦੀ ਅਤਿਅੰਤ ਜਟਿਲ ਅਵਸਥਾ ਨੂੰ ਰੂਪਮਾਨ ਕਰਨਾ ਲੋਚਦਾ ਹੈ ਤਾਂ ਇਸ ਮਨੋਰਥ ਲਈ ਨਿਰੇ ਸ਼ਬਦ ਉਸ ਦਾ ਸਾਥ ਨਹੀਂ ਦਿੰਦੇ। ਉਸ ਸਮੇਂ ਬਿੰਬ ਹੀ ਕਵੀ ਨੂੰ ਇਸ ਉਲਝਣ ਵਿਚੋਂ ਕੱਢਦੇ ਹਨ। ਸੀ.ਐਮ. ਬੌਵਰਾ ਅਨੁਸਾਰ, "ਮਨ ਦੀ ਅਸਾਧਾਰਣ ਅਵਸਥਾ ਨੂੰ ਪ੍ਰਗਟਾਉਣ ਦੀ ਲੋਚਾ ਕਾਰਣ ਬਿੰਬਾਵਲੀ ਦੇ ਪ੍ਰਯੋਗ ਨੂੰ ਵਧੇਰੇ ਬਲ ਅਤੇ ਅਹਿਮੀਅਤ ਮਿਲੀ ਹੈ। ਹਰ ਇਕ ਕਾਵਿ ਵਿਚ ਕਦੇ ਨਾ ਕਦੇ, ਮਨ ਦੀ ਜਟਿਲ ਅਵਸਥਾ, ਜਿਸ ਦੀ ਸਪੱਸ਼ਟ ਅਭਿਵਿਅਕਤੀ ਸੰਭਵ ਨਹੀਂ ਹੁੰਦੀ, ਨੂੰ ਪ੍ਰਗਟਾਉਣ ਲਈ ਬਿੰਬਾਂ ਦੀ ਵਰਤੋਂ ਕੀਤੀ ਜਾਂਦੀ ਹੈ" ।[23] ਅੱਗੇ ਚਲ ਕੇ ਇਹੀ ਵਿਦਵਾਨ ਇਹ ਵੀ ਕਹਿੰਦਾ ਹੈ ਕਿ ਬਿੰਬ, ਉਨ੍ਹਾਂ ਸ਼ਬਦਾਂ ਨਾਲੋਂ ਜਿਨ੍ਹਾਂ ਦੀ ਉਹ ਥਾਂ ਲੈਂਦੇ ਹਨ, ਵਧੇਰੇ ਨਿੱਜੀ ਅਤੇ ਵਿਅੰਜਕ ਹੁੰਦੇ ਹਨ। ਬਿੰਬ, ਉਸ ਮਨੋਦਸ਼ਾ ਨੂੰ ਪੂਰਨਭਾਂਤ ਨਿਸ਼ਚਿਤ ਆਕਾਰ ਬਖਸ਼ਦੇ ਹਨ ਜੋ ਕਵੀ ਦੇ ਸਨਮੁੱਖ ਬਿਲਕੁਲ ਪ੍ਰਤੱਖ ਤਾਂ ਹੁੰਦੀ ਹੈ ਪਰ ਜਿਸ ਨੂੰ ਰੂਪਮਾਨ ਕਰਨ ਲਈ ਕੋਈ ਹੋਰ ਮਿਆਰੀ ਸੰਚਾਰ-ਸਾਧਨ ਢੁੱਕਵਾਂ ਨਹੀਂ ਹੁੰਦਾ।[24] ਇਸ ਤਰ੍ਹਾਂ ਬਿੰਬਾਵਲੀ ਦੇ ਮਾਧਿਅਮ ਰਾਹੀਂ ਜਿਥੇ ਕਵੀ ਅਤਿਅੰਤ ਜਟਿਲ ਮਾਨਸਿਕ ਅਵਸਥਾਵਾਂ ਨੂੰ ਅਭਿਵਿਅਕਤ ਕਰਦਾ ਹੈ ਉਥੇ ਉਹ ਆਪਣੇ ਅਨੁਭਵ ਨੂੰ ਉਸੇ ਮੌਲਿਕ ਰੂਪ ਵਿਚ ਆਪਣੇ ਪਾਠਕਾਂ ਤੱਕ ਪਹੁੰਚਾਉਣ ਦਾ ਉਪਰਾਲਾ ਕਰਦਾ ਹੈ। ਮੈਕਲੀਸ਼ ਨੇ ਇਸ ਨੂੰ ਕਵੀ ਦੀ ਇਕ ਵਿਸ਼ੇਸ਼ ਪ੍ਰਾਪਤੀ ਕਿਹਾ ਹੈ। ਉਸ ਅਨੁਸਾਰ, "ਕਿਸੇ ਅਨੁਭਵ ਨੂੰ ਮੌਲਿਕ ਰੂਪ ਵਿਚ ਹੀ ਮਨ ਤੱਕ ਪਹੁੰਚਾ ਦੇਣਾ ਇਕ ਵਿਸ਼ੇਸ਼ ਪ੍ਰਾਪਤੀ ਹੈ ਜੋ ਨਾ ਵਿਗਿਆਨ ਨੂੰ ਨਸੀਬ ਹੋਈ ਹੈ ਤੇ ਨਾ ਹੀ ਦਰਸ਼ਨ ਨੂੰ" ।[25]

ਉਪਰੋਕਤ ਚਰਚਾ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਬਿੰਬ ਕਾਵਿ-ਅਭਿਵਿਅਕਤੀ ਦਾ ਇਕ ਚੰਗੇਰਾ, ਯੋਗ ਤੇ ਜ਼ਰੂਰੀ ਮਾਧਿਅਮ ਹੈ।



Marfat.com

### ਅ) ਕਵੀ ਦੀ ਕਾਵਿ-ਪ੍ਰਤਿਭਾ ਦੀ ਕਸਵੱਟੀ

ਕਵਿਤਾ ਵਿਚ ਬਿੰਬਾਵਲੀ ਦੇ ਮਹੱਤਵ ਨੂੰ ਸਵੀਕਾਰ ਕਰਦਿਆਂ ਮਹਾਨ ਚਿੰਤਕ ਅਰਸਤੂ ਕਵੀ ਵਲੋਂ ਬਿੰਬ ਉਪਰ ਅਧਿਕਾਰ ਜਮਾਉਣ ਨੂੰ ਮਹਾਨ ਗੱਲ ਸਮਝਦਾ ਹੋਇਆ ਰੂਪਕ (ਬਿੰਬ ਦੇ ਅਰਥਾਂ ਵਿਚ) ਨੂੰ ਕਵੀ ਦੀ ਕਾਵਿ-ਪ੍ਰਤਿਭਾ ਦਾ ਸੂਚਕ ਮੰਨਦਾ ਹੈ।[26] ਬਿੰਬ ਕਿਸੇ ਕਵੀ ਦੀ ਕਾਵਿ-ਕੌਸ਼ਲਤਾ ਦੀ ਪਰਖ ਦੀ ਕਸਵੱਟੀ ਹੁੰਦੇ ਹਨ। ਜੇਮਜ਼ ਰੀਵਜ਼ ਅਨੁਸਾਰ, "ਕਿਸੇ ਕਵੀ ਦੀ ਪਛਾਣ ਬਿੰਬਾਵਲੀ ਤੋਂ ਬਿਨਾਂ ਹੋਰ ਕਿਸੇ ਤਰ੍ਹਾਂ ਵੀ ਵਧ ਯਕੀਨੀ ਨਹੀਂ ਹੋ ਸਕਦੀ"।[27]

ਬਿੰਬ ਕਵੀ ਦੇ ਆਪੇ ਦਾ ਪ੍ਰਕਾਸ਼ ਹੁੰਦੇ ਹਨ। ਕਵਿਤਾ ਦੇ ਬਿੰਬਾਂ ਵਿਚ ਉਸ ਦੇ ਰਚਣਹਾਰੇ ਦੀ ਸ਼ਖਸੀਅਤ ਸਮਾਈ ਹੋਈ ਹੁੰਦੀ ਹੈ। ਨਿਸ਼ਚੇਂ ਹੀ ਕਿਸੇ ਕਵੀ ਦੀ ਕਾਵਿ-ਪ੍ਰਤਿਭਾ ਉਸ ਦੀ ਬਿੰਬਾਵਲੀ ਵਿਚੋਂ ਪ੍ਰਦਰਸ਼ਿਤ ਹੁੰਦੀ ਹੈ। ਡਾ. ਪ੍ਰੇਮ ਪ੍ਰਕਾਸ਼ ਸਿੰਘ ਨੇ ਠੀਕ ਹੀ ਕਿਹਾ ਹੈ ਕਿ, "ਕਵੀ ਬਿੰਬਾਂ ਤੇ ਚਿਤ੍ਰਾਂ ਵਿਚ ਬੋਲਦਾ ਹੈ ਜਿਥੇ ਕਿ ਫਿਲਾਸਫ਼ਰ ਦਲੀਲਾਂ ਵਿਚ ਗੱਲਾਂ ਕਰਦਾ ਹੈ"।[28] ਡਾ. ਦੀਵਾਨ ਸਿੰਘ ਨੇ ਵੀ ਬਿੰਬਾਵਲੀ ਨੂੰ ਕਿਸੇ ਕਵੀ ਦੀ ਸ਼ੈਲੀ ਦਾ ਆਧਾਰ ਮੰਨਦਿਆਂ ਕਿਹਾ ਹੈ, "ਕਵੀ ਦੀ ਸ਼ੈਲੀ ਦਾ ਬਹੁਤ ਹੱਦ ਤੱਕ ਆਧਾਰ ਤੇ ਸੋਮਾ ਕੋਈ ਵਿਸ਼ੇਸ਼ ਬਿੰਬ-ਯੋਜਨਾ ਹੀ ਹੋ ਸਕਦੀ ਹੈ"।[29]

ਕੀ ਕਿਸੇ ਕਵੀ ਲਈ ਬਿੰਬਾਵਲੀ ਦਾ ਪ੍ਰਯੋਗ ਆਵੱਸ਼ਕ ਹੈ ? ਉਤਰ ਵਿਚ ਕਿਹਾ ਜਾ ਸਕਦਾ ਹੈ ਕਿ 'ਨਹੀਂ'। ਇਸ ਵਿਚ ਕੋਈ ਸ਼ੱਕ ਨਹੀਂ ਕਿ ਕੋਈ ਕਵੀ ਬਿੰਬਾਵਲੀ ਤੋਂ ਬਿਨਾਂ ਵੀ ਕਵਿਤਾ ਦੀ ਸਿਰਜਣਾ ਕਰ ਸਕਦਾ ਹੈ। ਪਰ ਵਿਦਵਾਨਾਂ ਨੇ ਇਹ ਸਿੱਟਾ ਕੱਢਿਆ ਹੈ ਕਿ 'ਉਤਮ ਕਾਵਿ-ਸਿਰਜਣਾ' ਲਈ ਬਿੰਬਾਵਲੀ ਦਾ ਪ੍ਰਯੋਗ ਅਤਿਅੰਤ ਜ਼ਰੂਰੀ ਹੈ। ਇਸ ਗੱਲ ਦੀ ਪ੍ਰੋੜ੍ਹਤਾ ਕਰਦਾ ਹੋਇਆ ਐਫ. ਐਲ. ਲਿਊਕਸ ਦਾ ਕਥਨ ਬਹੁਤ ਸਾਰਥਕ ਹੈ ਕਿ "ਜਿਨ੍ਹਾਂ ਨੂੰ ਰੂਪਕ ਅਤੇ ਬਿੰਬਾਵਲੀ ਦਾ ਵਰਦਾਨ ਪ੍ਰਾਪਤ ਨਹੀਂ ਹੋਇਆ ਤਾਂ ਨਿਰਸੰਦੇਹ ਉਨ੍ਹਾਂ ਦੀ ਸਮਝਦਾਰੀ ਇਨ੍ਹਾਂ ਦੀ ਵਰਤੋਂ ਨਾ ਕਰਨ ਵਿਚ ਯਾਨੀ ਕਿ ਇਨ੍ਹਾਂ ਤੋਂ ਪਰੇ ਰਹਿਣ ਵਿਚ ਹੀ ਹੈ ਪਰ ਜਿਨ੍ਹਾਂ ਨੂੰ ਲਿਖਤ ਜਾਂ ਭਾਸ਼ਨ ਵਿਚ ਇਹ ਵਰਦਾਨ ਪ੍ਰਾਪਤ ਹੈ ਉਨ੍ਹਾਂ ਵਿਚ ਕੁਝ ਉਹ ਗੁਣ ਪ੍ਰਗਟ ਹੋਣਗੇ ਜਿਨ੍ਹਾਂ ਦਾ ਫਲ ਉਤਮ ਹੋਵੇਗਾ।"[30]

ਜਿਵੇਂ ਕਿ ਲਿਊਕਸ ਦੇ ਉਪਰੋਕਤ ਕਥਨ ਤੋਂ ਜ਼ਾਹਿਰ ਹੈ ਕਿ ਵਧੀਆ ਬਿੰਬਾਵਲੀ ਵਾਲੀ ਕਾਵਿ-ਰਚਨਾ ਹੀ ਸਾਹਿਤਕ ਖੇਤਰ ਵਿਚ ਉੱਚਾ ਤੇ ਆਦਰਯੋਗ ਸਥਾਨ ਪ੍ਰਾਪਤ ਕਰ ਸਕਦੀ ਹੈ। ਇਸ ਪ੍ਰਸੰਗ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਉਦਾਹਰਣ ਲਈ ਜਾ ਸਕਦੀ ਹੈ। ਇਹ ਮਹਾਨ ਗ੍ਰੰਥ ਜਿਥੇ ਵਿਸ਼ੇ ਅਤੇ ਆਸ਼ੇ ਦੇ ਪੱਖ ਤੋਂ ਅਦੁੱਤੀ ਹੈ ਉਥੇ ਕਲਾ ਦੇ ਪੱਖ ਤੋਂ ਇਸ ਅੰਦਰ ਪ੍ਰਯੁਕਤ ਬਿੰਬਾਵਲੀ ਨੇ ਇਸ ਨੂੰ ਅਨੂਠੀ ਸੁੰਦਰਤਾ ਅਤੇ ਸਜੀਵਤਾ ਬਖਸ਼ੀ ਹੈ। ਨਿਰਸੰਦੇਹ ਇਸ ਵਿਚਲੀ ਬਿੰਬਾਵਲੀ ਇਸ ਦੇ ਰਚਣਹਾਰਿਆਂ ਦੀ ਕਲਾ ਪ੍ਰਬੀਨਤਾ ਦਾ ਪ੍ਰਤੱਖ ਪ੍ਰਮਾਣ ਹੈ।

ਕਵਿਤਾ ਵਿਚ ਬਿੰਬਾਵਲੀ ਦੇ ਇਸ ਮਹੱਤਵ ਅਤੇ ਗੌਰਵ ਨੂੰ ਤਦ ਹੀ ਬਰਕਰਾਰ ਰੱਖਿਆ ਜਾ ਸਕਦਾ ਹੈ ਜੇਕਰ ਕਵਿਤਾ ਵਿਚ ਵਧੀਆ ਅਤੇ ਢੁਕਵੇਂ ਬਿੰਬਾਂ ਦੀ ਵਰਤੋਂ



Marfat.com

ਕੀਤੀ ਜਾਵੇ। ਘਟੀਆ ਅਤੇ ਅਢੁੱਕਵੇਂ ਬਿੰਬ ਕਵਿਤਾ ਦੇ ਗੌਰਵ ਨੂੰ ਵਧਾਉਣ ਦੀ ਬਜਾਏ ਇਸ ਨੂੰ ਠੇਸ ਪਹੁੰਚਾਉਂਦੇ ਹਨ। ਏਥੇ ਏਜ਼ਰਾ ਪਾਉਂਡ ਦਾ ਇਹ ਸਾਰਥਕ ਕਥਨ ਬੜਾ ਹੀ ਢੁੱਕਦਾ ਹੈ ਕਿ ਜੇ ਬਿੰਬ ਵਰਤਣੇ ਹਨ ਤਾਂ ਵਧੀਆ ਵਰਤੋ, ਨਹੀਂ ਤਾਂ ਨਾ ਵਰਤੋ।[31]

ਉਪਰੋਕਤ ਚਰਚਾ ਤੋਂ ਭਲੀਭਾਂਤ ਸਪੱਸ਼ਟ ਹੋ ਜਾਂਦਾ ਹੈ ਕਿ ਬਿੰਬ ਕਵਿਤਾ ਦਾ ਅਤਿਅੰਤ ਮਹੱਤਵਪੂਰਣ ਤੱਤ ਹੈ ਤੇ ਬਿੰਬਾਵਲੀ ਦਾ ਕਵਿਤਾ ਵਿਚ ਵਿਸ਼ੇਸ਼ ਮਹੱਤਵ ਹੈ। ਬਿੰਬਾਵਲੀ ਜਿਥੇ ਕਾਵਿ-ਅਭਿਵਿਅਕਤੀ ਦਾ ਇਕ ਵਧੀਆ ਤੇ ਯੋਗ ਮਾਧਿਅਮ ਹੈ ਉਥੇ ਇਹ ਕਵੀ ਦੀ ਕਾਵਿ-ਪ੍ਰਤਿਭਾ ਦੀ ਵੀ ਕਸਵੱਟੀ ਹੈ। ਉੱਤਮ ਕਾਵਿ-ਰਚਨਾ ਲਈ ਜ਼ਰੂਰੀ ਹੈ ਕਿ ਉਸ ਦਾ ਰਚਣਹਾਰਾ ਸੁੰਦਰ, ਢੁੱਕਵੀਂ ਤੇ ਪ੍ਰਭਾਵਸ਼ਾਲੀ ਬਿੰਬਾਵਲੀ ਦਾ ਪ੍ਰਯੋਗ ਕਰੇ। ਕਵਿਤਾ ਵਿਚ ਬਿੰਬ ਦੇ ਮਹੱਤਵ ਨੂੰ ਸਨਮੁੱਖ ਰੱਖਦਿਆਂ ਏਜ਼ਰਾ ਪਾਉਂਡ ਨੇ ਬੜੇ ਹੀ ਰੁਮਾਂਚਿਕ ਲਹਿਜੇ ਵਿਚ ਕਿਹਾ ਸੀ ਕਿ, 'ਜ਼ਿੰਦਗੀ ਵਿਚ ਬਹੁਤ ਵੱਡੇ ਆਕਾਰ ਦੇ ਗ੍ਰੰਥ ਦੀ ਰਚਨਾ ਕਰਨ ਨਾਲੋਂ ਇਕ ਸੁਚੱਜੇ ਬਿੰਬ ਦਾ ਨਿਰਮਾਣ ਕਰਨਾ ਕਿਤੇ ਬਿਹਤਰ ਹੈ।'[32]

## 3. ਕਾਵਿ-ਬਿੰਬ ਦੀ ਪਰਿਭਾਸ਼ਾ

ਕਾਵਿ-ਬਿੰਬ ਦੇ ਮਹੱਤਵ ਨੂੰ ਵੇਖਦਿਆਂ ਇਸ ਦੇ ਸਰੂਪ ਨੂੰ ਸਮਝਣ ਦੀ ਕੁਦਰਤੀ ਜਗਿਆਸਾ ਮਨ ਵਿਚ ਪੈਦਾ ਹੋ ਜਾਂਦੀ ਹੈ। ਬਿੰਬ-ਅਰਥ ਦੀ ਅਨੇਕਤਾ ਕਾਰਣ ਪੱਛਮੀ ਤੇ ਪੂਰਬੀ ਵਿਦਵਾਨਾਂ ਨੇ ਬਿੰਬ ਨੂੰ ਵੱਖ ਵੱਖ ਤਰ੍ਹਾਂ ਪਰਿਭਾਸ਼ਤ ਕੀਤਾ ਹੈ। ਭਾਰਤ ਵਿਚ ਤਾਂ ਕਾਵਿ-ਬਿੰਬ ਦਾ ਸਿੱਧਾਂਤਕ ਅਧਿਐਨ ਨਾ ਮਾਤਰ ਹੀ ਹੋਇਆ ਹੈ ਪਰ ਪੱਛਮੀ ਵਿਦਵਾਨਾਂ ਨੇ ਇਸ ਦਾ ਅਧਿਐਨ ਬੜੀ ਸੂਖਮਤਾ ਨਾਲ ਕੀਤਾ ਹੈ। ਉਨ੍ਹਾਂ ਨੇ ਕਾਵਿ-ਬਿੰਬ ਨੂੰ ਅਜਿਹੇ ਵਿਆਪਕ ਤੇ ਅਨੇਕ ਅਰਥ ਪ੍ਰਦਾਨ ਕੀਤੇ ਹਨ ਕਿ ਕਵਿਤਾ ਦਾ ਕੁਝ ਵੀ ਇਸ ਦੇ ਘੇਰੇ ਤੋਂ ਬਾਹਰ ਨਹੀਂ ਰਹਿ ਜਾਂਦਾ। ਕਵਿਤਾ ਵਿਚ ਬਿੰਬ ਦੀ ਸਥਿਰਤਾ ਨੂੰ ਸਵੀਕਾਰ ਕਰਦਿਆਂ ਇਸ ਦੇ ਪ੍ਰਮੁੱਖ ਸਿੱਧਾਂਤਕਾਰ ਸਿਸਲ ਡੇ. ਲੀਵਿਸ ਨੇ ਤਾਂ ਕਿਹਾ ਹੈ ਕਿ ਹਰ ਕਵਿਤਾ ਆਪਣੇ ਆਪ ਵਿਚ ਇਕ ਬਿੰਬ ਹੈ।[33] ਬਲੈਕ ਨੇ ਤਾਂ ਇਥੋਂ ਤਕ ਵੀ ਕਹਿ ਦਿੱਤਾ ਹੈ ਕਿ ਹਰ ਇਕ ਵਸਤੂ ਜਿਸ ਉਪਰ ਯਕੀਨ ਕੀਤਾ ਜਾ ਸਕਦਾ ਹੋਵੇ, ਸਚਾਈ ਦਾ ਇਕ ਬਿੰਬ ਹੈ।[34] ਅਸਲ ਵਿਚ ਬਿੰਬ ਦੇ ਕੀਤੇ ਗਏ ਅਰਥਾਂ ਦਾ ਘੇਰਾ ਏਨਾ ਵਿਸ਼ਾਲ ਹੈ ਕਿ ਇਸ ਨੂੰ ਕਿਸੇ ਪਰਿਭਾਸ਼ਾ ਵਿਚ ਸੀਮਿਤ ਕਰਨਾ ਬੜਾ ਔਖਾ ਹੈ। ਵੱਖ ਵੱਖ ਪਰਿਭਾਸ਼ਾਵਾਂ ਕਾਵਿ-ਬਿੰਬ ਦੇ ਸਰੂਪ ਨੂੰ ਸਮਝਣ ਦਾ ਕੇਵਲ ਉਪਰਾਲਾ ਮਾਤਰ ਕਹੀਆਂ ਜਾ ਸਕਦੀਆਂ ਹਨ। ਪਰ ਇਕ ਗੱਲ ਨਿਸ਼ਚਿਤ ਹੈ ਕਿ ਕਵਿਤਾ ਦੇ ਬਾਕੀ ਤੱਤਾਂ ਤੋਂ ਵੱਖਰਾ ਕਾਵਿ-ਬਿੰਬ ਦਾ ਆਪਣਾ ਇਕ ਗੌਰਵਮਈ ਤੇ ਨਵੇਕਲਾ ਅਸਤਿਤਵ ਕਾਇਮ ਹੈ।

### ੳ) ਕੋਸ਼ਗਤ ਸਰੂਪ

'ਔਕਸਫੋਰਡ ਇੰਗਲਿਸ਼ ਡਿਕਸ਼ਨਰੀ' ਅਨੁਸਾਰ ਬਿੰਬ ਕਿਸੇ ਵਸਤੂ ਦਾ ਮਾਨਸਿਕ ਨਿਰੂਪਣ ਹੈ ਜੋ ਪ੍ਰਤੱਖ ਬੋਧ ਦੀ ਥਾਂ ਸਿਮਰਤੀ ਜਾਂ ਕਲਪਨਾ ਰਾਹੀਂ ਕੀਤਾ ਜਾਂਦਾ ਹੈ। ਏਸੇ ਕੋਸ਼ ਵਿਚ ਬਿੰਬ ਦਾ ਅਰਥ ਮਾਨਸਿਕ ਚਿੱਤਰ ਵੀ ਕੀਤਾ ਗਿਆ ਹੈ।[35] 'ਡਿਕਸ਼ਨਰੀ ਆਫ



Marfat.com

ਵਰਡ ਲਿਟਰੇਚਰ' ਵਿਚ ਬਿੰਬ ਦੇ ਸੰਵੇਦਨਾਤਮਿਕ ਸਰੂਪ ਨੂੰ ਰੂਪਮਾਨ ਕੀਤਾ ਗਿਆ ਹੈ ।[36] 'ਨਿਊ ਇੰਟਰਨੈਸ਼ਨਲ ਡਿਕਸ਼ਨਰੀ ਆਫ ਦੀ ਇੰਗਲਿਸ਼ ਲੈਂਗੁਏਜ਼' ਵਿਚ ਬਿੰਬ ਨੂੰ ਕਿਸੇ ਵੀ ਉਸ ਵਸਤੂ ਦਾ ਨਿਰੂਪਣ ਜਾਂ ਪ੍ਰਤੀਨਿਧ ਮੰਨਿਆ ਗਿਆ ਹੈ ਜੋ ਗਿਆਨ ਇੰਦ੍ਰੀਆਂ ਦੇ ਸਾਹਮਣੇ ਨਹੀਂ । ਇਸ ਤੋਂ ਬਿਨਾਂ ਬਿੰਬ ਨੂੰ ਕਿਸੇ ਸੰਵੇਦਨਾਤਮਿਕ ਅਨੁਭਵ ਨੂੰ ਪੁਨਰ ਜਾਗ੍ਰਿਤ ਕਰਨਾ ਜਾਂ ਉਸ ਅਨੁਭਵ ਦਾ ਅਨੁਕਰਣ ਅਤੇ ਕਿਸੇ ਸੰਵੇਦਨਾਤਮਿਕ ਅਨੁਭੂਤੀ ਦਾ ਸਿਮ੍ਰਤੀ ਜਾਂ ਕਲਪਨਾ ਦੁਆਰਾ ਪੁਨਰ-ਨਿਰਮਾਣ ਆਦਿ ਅਰਥਾਂ ਵਿਚ ਵੀ ਰੂਪਮਾਨ ਕੀਤਾ ਗਿਆ ਹੈ ।[37] ਪਰ ਕੋਸ਼ਾਂ ਵਿਚ ਬਿੰਬ ਦਾ ਜੋ ਸਰੂਪ ਉਘਾੜਿਆ ਗਿਆ ਹੈ ਉਹ ਪੂਰੀ ਤਰ੍ਹਾਂ ਸਪਸ਼ਟ ਨਹੀਂ, ਧੁੰਦਲਾ ਜਿਹਾ ਹੈ ।

## ਅ) ਪੱਛਮੀ ਦ੍ਰਿਸ਼ਟੀਕੋਣ

ਪੱਛਮੀ ਵਿਦਵਾਨਾਂ ਨੇ ਬਿੰਬ ਦੇ ਸਰੂਪ ਨੂੰ ਉਘਾੜਨ ਲਈ ਬੜੇ ਸ਼ਲਾਘਾਯੋਗ ਯਤਨ ਕੀਤੇ ਹਨ । ਸਪਰਜਨ ਅਨੁਸਾਰ ਬਿੰਬ ਇਕ ਛੋਟਾ ਜਿਹਾ ਸ਼ਬਦ-ਚਿੱਤਰ ਹੈ ਜਿਸ ਦੀ ਵਰਤੋਂ ਕਵੀ ਆਪਣੇ ਵਿਚਾਰਾਂ ਨੂੰ ਚਿਤ੍ਰਣ, ਪ੍ਰਕਾਸ਼ਨ ਅਤੇ ਚਿੰਨ੍ਹਾਤਮਕ ਬਣਾਉਣ ਲਈ ਕਰਦਾ ਹੈ ।[38] ਰਾਬਨ ਸਕੇਲਟਨ ਦੀ ਪਰਿਭਾਸ਼ਾ ਵਿਚ ਇੰਦਰਿਆਵੀ ਪ੍ਰਤੀਕਰਮ ਉੱਤੇ ਜ਼ੋਰ ਦਿੱਤਾ ਗਿਆ ਹੈ । ਉਸ ਅਨੁਸਾਰ, 'ਬਿੰਬ ਉਹ ਸ਼ਬਦ ਹੈ ਜੋ ਇੰਦਰਿਆਵੀ ਬੋਧ ਨੂੰ ਉਜਗਰ ਕਰਦਾ ਹੈ ।"[39] ਏਜ਼ਰਾ ਪਾਉਂਡ ਅਨੁਸਾਰ, "ਬਿੰਬ ਉਹ ਹੈ ਜੋ ਪਲ ਛਿਣ ਵਿਚ ਹੀ ਕੋਈ ਬੌਧਿਕ ਜਾਂ ਜਜ਼ਬਾਤੀ ਭਾਵ-ਜਾਲ ਪ੍ਰਸਤੁਤ ਕਰ ਜਾਂਦਾ ਹੈ" ।[40] ਸਟੀਫਨ ਬਰਾਊਨ ਨੇ ਵੀ ਬਿੰਬ ਦੇ ਇੰਦਰਿਆਵੀ ਗੁਣ ਉਪਰ ਬਲ ਦਿੱਤਾ ਹੈ । ਉਸ ਦੀ ਦਿੱਤੀ ਪਰਿਭਾਸ਼ਾ ਅਨੁਸਾਰ ਬਿੰਬ ਕਿਸੇ ਪ੍ਰਕਾਰ ਦੇ ਭਾਵਾਂ ਜਾਂ ਵਿਚਾਰਾਂ ਲਈ ਪ੍ਰਯੁਕਤ ਇੰਦਰਿਆਵੀ ਗੁਣਾਂ ਨਾਲ ਭਰਪੂਰ ਵਸਤੂ-ਵਿਧਾਨ ਹੈ ਜੋ ਸ਼ਬਦਾਂ ਜਾਂ ਮੁਹਾਵਰਿਆਂ ਵਿਚੋਂ ਪ੍ਰਗਟ ਹੁੰਦਾ ਹੈ ।[41] ਕਾਲਰਿਜ ਅਨੁਸਾਰ, "ਬਿੰਬ, ਉਦਾਹਰਣ ਦੇ ਤੌਰ ਤੇ ਦ੍ਰਿਸ਼-ਬਿੰਬ, ਕਿਸੇ ਸੰਵੇਦਨਾ ਦੀ ਨਕਲ ਹੋ ਸਕਦਾ ਹੈ ਜਾਂ ਕੋਈ ਵਿਚਾਰ ਹੋ ਸਕਦਾ ਹੈ, ਕਿਸੇ ਵਸਤੂ ਦਾ ਪ੍ਰਤੀਨਿਧਤਵ ਕਰਦੀ ਕੋਈ ਮਾਨਸਿਕ ਘਟਨਾ ਹੋ ਸਕਦੀ ਹੈ ਜਾਂ ਇਹ ਕੋਈ ਅਲੰਕਾਰ ਹੋ ਸਕਦਾ ਹੈ – ਤੁਲਨਾ ਦੀ ਦੂਹਰੀ ਇਕਾਈ ।"[42] ਜੇਮਜ਼ ਰੀਵਜ਼ ਨੇ ਬਿੰਬ ਦੇ ਇੰਦਰਿਆਵੀ ਗੁਣਾਂ ਉਪਰ ਬਹੁਤ ਬਲ ਦਿੱਤਾ ਹੈ । ਉਸ ਅਨੁਸਾਰ, "ਬਿੰਬ ਕਵਿਤਾ ਵਿਚ ਉਹ ਸ਼ਬਦ ਜਾਂ ਕਥਨ ਹੈ ਜੋ ਸਿੱਧੇ ਤੌਰ ਤੇ ਸਾਡੀਆਂ ਅੱਖਾਂ, ਕੰਨ ਜਾਂ ਸੁਆਦ, ਸਪਰਸ਼ ਅਤੇ ਸੁੰਘਣ-ਸ਼ਕਤੀ ਨੂੰ ਟੁੰਬਦਾ ਹੈ ।"[43]

ਸਿਸਲ ਡੇ ਲੀਵਿਸ ਨੇ ਆਪਣੀ ਪੁਸਤਕ 'ਦੀ ਪੋਇਟਿਕ ਇਮੇਜ' ਵਿਚ ਬਿੰਬ ਨੂੰ ਅਨੇਕਾਂ ਪੱਖਾਂ ਤੋਂ ਵਿਚਾਰਨ ਉਪਰੰਤ ਕਾਵਿ-ਬਿੰਬ ਦਾ ਸਹੀ ਸਰੂਪ ਰੂਪਮਾਨ ਕਰਨ ਦਾ ਸ਼ਲਾਘਾਯੋਗ ਯਤਨ ਕੀਤਾ ਹੈ । ਲੀਵਿਸ ਅਨੁਸਾਰ, "ਸਭ ਤੋਂ ਸਾਧਾਰਣ ਅਰਥਾਂ ਵਿਚ ਬਿੰਬ ਸ਼ਬਦਾਂ ਨਾਲ ਸਿਰਜੀ ਹੋਈ ਇਕ ਤਸਵੀਰ ਜਾਂ ਮੂਰਤ ਹੈ" ।[44] ਪਰ ਲੀਵਿਸ ਨੇ ਆਪ ਹੀ ਇਸ ਪਰਿਭਾਸ਼ਾ ਨੂੰ ਅਧੂਰੀ ਆਖਿਆ ਹੈ ਕਿਉਂ ਜੋ ਸ਼ਬਦ-ਚਿੱਤਰ ਜਾਂ ਸ਼ਾਬਦਿਕ-ਤਸਵੀਰਾਂ ਤਾਂ ਕਾਵਿ-ਮਈ ਵਾਰਤਕ ਵਿਚ ਵੀ ਉਪਲਬਧ ਹੋ ਸਕਦੀਆਂ ਹਨ । ਸੋ ਲੀਵਿਸ ਕਾਵਿ-ਬਿੰਬ ਦੀ ਇਕ ਹੋਰ ਵਿਆਖਿਆ ਪੇਸ਼ ਕਰਦਾ ਲਿਖਦਾ ਹੈ ਕਿ, "ਹਰ ਇਕ ਕਾਵਿ-



Marfat.com

ਬਿੰਬ ਕੁਝ ਨਾ ਕੁਝ ਰੂਪਕਮਈ ਹੁੰਦਾ ਹੈ...ਕਾਵਿ-ਬਿੰਬ ਭਾਵ ਜਾਂ ਆਵੇਗ ਨਾਲ ਭਰਪੂਰ ਸ਼ਬਦ-ਚਿੱਤਰ ਹੈ।"[45] ਪਰ ਇਸ ਨਾਲ ਵੀ ਪੂਰੀ ਸੰਤੁਸ਼ਟੀ ਨਹੀਂ ਹੁੰਦੀ ਕਿਉਂ ਜੋ ਕੋਈ ਪੱਤਰਕਾਰ ਅਤੇ ਇਸ਼ਤਿਹਾਰ ਹਾਰ-ਬਾਜ਼ ਵੀ ਅਕਸਰ ਭਾਵ-ਭਰਪੂਰ ਸੰਵੇਦਨਾਤਮਕ ਸ਼ਬਦ-ਚਿੱਤਰ ਬਣਾਉਂਦੇ ਹਨ ਤੇ ਉਨ੍ਹਾਂ ਨੂੰ ਕਾਵਿਕ-ਬਿੰਬ ਨਹੀਂ ਕਿਹਾ ਜਾ ਸਕਦਾ। ਅੰਤ ਲੀਵਿਸ ਨੇ ਕਾਵਿਕ-ਬਿੰਬ ਦੇ ਸਾਰੇ ਪਹਿਲੂਆਂ ਦੀ ਡੂੰਘੀ ਘੋਖ ਪੜਤਾਲ ਕਰਨ ਪਿੱਛੋਂ ਕਾਵਿ-ਬਿੰਬ ਦੀ ਇਕ ਮੁਕੰਮਲ ਪਰਿਭਾਸ਼ਾ ਪੇਸ਼ ਕੀਤੀ ਹੈ ਜੋ ਇਸ ਪ੍ਰਕਾਰ ਹੈ "ਕਾਵਿ-ਬਿੰਬ ਥੋੜ੍ਹੇ ਬਹੁਤੇ ਵਾਧੇ ਘਾਟੇ ਨਾਲ ਇਕ ਇੰਦਰਿਆਵੀ ਸ਼ਬਦ-ਚਿੱਤਰ ਹੈ ਜੋ ਥੋੜ੍ਹਾ ਜਿਹਾ ਰੂਪਕਮਈ ਹੁੰਦਾ ਹੈ, ਜਿਸ ਦੀ ਸੀਰਤ ਵਿਚ ਕੁਝ ਮਨੁੱਖੀ-ਭਾਵਾਂ ਦੀ ਰੰਗਤ ਹੁੰਦੀ ਹੈ ਅਤੇ ਜੋ ਵਿਸ਼ੇਸ਼ ਕਾਵਿਕ ਭਾਵ ਤੇ ਆਵੇਗ ਨਾਲ ਭਰਪੂਰ ਹੁੰਦਾ ਹੈ ਅਤੇ ਪਾਠਕ ਦੇ ਮਨ ਵਿਚ ਵੀ ਇਸ ਦਾ ਸੰਚਾਰ ਕਰਦਾ ਹੈ।"[46] ਲੀਵਿਸ ਦੀ ਇਹ ਪਰਿਭਾਸ਼ਾ ਕਾਫ਼ੀ ਮੁਕੰਮਲ ਅਤੇ ਤਸੱਲੀਬਖਸ਼ ਹੈ ਜੋ ਬਿੰਬ ਦੇ ਸਰੂਪ ਨੂੰ ਸਮਝਣ ਵਿਚ ਕਾਫੀ ਹੱਦ ਤਕ ਸਹਾਈ ਹੁੰਦੀ ਹੈ।

## ੲ) ਭਾਰਤੀ ਦ੍ਰਿਸ਼ਟੀਕੋਣ

ਭਾਰਤੀ ਵਿਦਵਾਨਾਂ ਨੇ ਵੀ ਕਾਵਿ-ਬਿੰਬ ਦਾ ਸਿੱਧਾਂਤਕ ਅਧਿਐਨ ਕਰਕੇ ਇਸ ਦੇ ਸਰੂਪ ਨੂੰ ਸਮਝਣ ਤੇ ਇਸ ਨੂੰ ਪਰਿਭਾਸ਼ਤ ਕਰਨ ਦਾ ਉਪਰਾਲਾ ਕੀਤਾ ਹੈ। ਡਾ. ਨਗੇਂਦ੍ਰ ਅਨੁਸਾਰ, "ਕਾਵਿ-ਬਿੰਬ ਸ਼ਬਦ ਅਤੇ ਅਰਥ ਦੇ ਮਾਧਿਅਮ ਰਾਹੀਂ ਕਲਪਨਾ ਦੁਆਰਾ ਨਿਰਮਤ ਇਕ ਅਜਿਹਾ ਮਾਨਸਿਕ ਚਿਤਰ ਹੈ ਜਿਸ ਦੇ ਮੂਲ ਵਿਚ ਭਾਵ ਦੀ ਪ੍ਰੇਰਨਾ ਰਹਿੰਦੀ ਹੈ।"[47] ਡਾ. ਕੇਦਾਰ ਨਾਥ ਸਿੰਘ ਦਾ ਮਤ ਹੈ ਕਿ "ਬਿੰਬ ਉਹ ਸ਼ਬਦ-ਚਿੱਤਰ ਹੈ ਜੋ ਕਲਪਨਾ ਦੁਆਰਾ ਇੰਦਰਿਆਵੀ ਅਨੁਭਵਾਂ ਦੇ ਆਧਾਰ ਤੇ ਨਿਰਮਿਤ ਹੁੰਦਾ ਹੈ "[48] ਡਾ. ਸੁਧਾ ਸਕਸੈਨਾ ਅਨੁਸਾਰ, "ਬਿੰਬ ਸਾਡੀਆਂ ਪੂਰਵ ਅਨੁਭੂਤੀਆਂ ਅਤੇ ਭਾਵਨਾਵਾਂ ਦਾ ਮੂਰਤੀਕਰਣ ਹੈ ਜਿਸ ਵਿਚ ਇੰਦ੍ਰੀਅਤਾ ਅਪੇਖਿਤ ਹੁੰਦੀ ਹੈ।"[49] ਸੁਰੇਸ਼ ਚੰਦ੍ਰ ਸਹਲ ਨੇ ਕਿਸੇ ਵਸਤੂ ਦੇ ਮਾਨਸ ਚਿੱਤਰ ਅਥਵਾ ਕਲਪਨਾ ਚਿੱਤਰ ਨੂੰ ਹੀ ਬਿੰਬ ਸਵੀਕਾਰ ਕੀਤਾ ਹੈ।[50] ਪ੍ਰੋ. ਅਖੌਰੀ ਵ੍ਰਜਨੰਦਨ ਨੇ ਪੱਛਮੀ ਵਿਦਵਾਨਾਂ ਲੀਵਿਸ ਤੇ ਸਕੈਲਟਨ ਦੀਆਂ ਪਰਿਭਾਸ਼ਾਵਾਂ ਨੂੰ ਸਵੀਕਾਰ ਕਰਦਿਆਂ ਹੋਇਆਂ ਇਕ ਗੱਲ ਦਾ ਹੋਰ ਵਾਧਾ ਕਰ ਦਿੱਤਾ ਹੈ, ਉਹ ਹੈ ਆਨੰਦ ਦੀ ਪ੍ਰਾਪਤੀ। ਉਸ ਅਨੁਸਾਰ "ਕਾਵਯਾਤਮਕ ਬਿੰਬ ਅਰੋਕ ਭਾਵਨਾ ਨਾਲ ਜੁੜੇ ਹੋਏ ਅਜਿਹੇ ਸ਼ਬਦ-ਚਿੱਤਰ ਹਨ ਜਿਨ੍ਹਾਂ ਵਿਚ ਇੰਦਰਿਆਵੀ ਵੰਨ ਸਵੰਨਤਾ ਮੌਜੂਦ ਰਹਿੰਦੀ ਹੈ, ਜਿਸ ਦੇ ਫਲਸਰੂਪ ਆਨੰਦ ਦੀ ਉਤਪਤੀ ਹੁੰਦੀ ਹੈ।"[51] ਡਾ. ਸ਼ਾਂਤੀ ਸਵਰੂਪ ਗੁਪਤ ਨੇ ਆਪਣਾ ਮਤ ਪ੍ਰਗਟ ਕਰਦਿਆਂ ਲਿਖਿਆ ਹੈ, "ਬਿੰਬ ਇਕ ਪ੍ਰਕਾਰ ਦਾ ਸ਼ਬਦ ਨਿਰਮਿਤ ਇੰਦਰਿਆਵੀ ਚਿੱਤਰ ਹੈ ਜੋ ਅਕਸਰ ਵਿਸ਼ੇਸ਼ਣ, ਰੂਪਕ, ਉਪਮਾ ਆਦਿ ਤੇ ਆਧਾਰਿਤ ਹੁੰਦਾ ਹੈ ਅਤੇ ਜੋ ਕਵੀ ਦੇ ਤੀਬਰ ਭਾਵ-ਆਵੇਗ ਨੂੰ ਪਾਠਕ ਤਕ ਪਹੁੰਚਾਉਂਦਾ ਹੈ।"[52]

ਪੰਜਾਬੀ ਵਿਚ ਕਾਵਿ-ਬਿੰਬ ਦੇ ਸਿੱਧਾਂਤ ਸੰਬੰਧੀ ਵਿਵੇਚਣ ਬਹੁਤ ਘੱਟ ਹੋਇਆ ਹੈ ਪਰ ਫਿਰ ਵੀ ਕੁਝ ਇਕ ਵਿਦਵਾਨਾਂ ਨੇ ਕਾਵਿ-ਬਿੰਬ ਨੂੰ ਪਰਿਭਾਸ਼ਿਤ ਕਰਨ ਦਾ ਉਦਮ ਕੀਤਾ ਹੈ। ਇਸ ਸੰਬੰਧ ਵਿਚ ਡਾ. ਕਾਲਾ ਸਿੰਘ ਬੇਦੀ, ਡਾ. ਪ੍ਰੇਮ ਪ੍ਰਕਾਸ਼ ਸਿੰਘ, ਡਾ. ਆਸ਼ਾ ਨੰਦ



Marfat.com

ਵੋਹਰਾ, ਡਾ. ਸਤਿੰਦਰ ਸਿੰਘ, ਆਦਿ ਦੇ ਨਾਂ ਉਲੇਖਨੀਯ ਹਨ। ਗੁਰੂ ਨਾਨਕ ਦੀ ਬਿੰਬਾਵਲੀ ਦਾ ਅਧਿਐਨ ਕਰਦਿਆਂ ਡਾ. ਕਾਲਾ ਸਿੰਘ ਬੇਦੀ ਨੇ ਬਿੰਬ ਦੀ ਪਰਿਭਾਸ਼ਾ ਇਸ ਤਰ੍ਹਾਂ ਕੀਤੀ ਹੈ, "ਬਿੰਬ ਮਨੁੱਖ ਦੀ ਕਲਪਨਾ ਸ਼ਕਤੀ ਜਾਂ ਯਾਦ ਵਿਚ ਮੌਜੂਦ ਤਸਵੀਰ ਹੈ ਜਿਸ ਨੂੰ ਉਹ ਸ਼ਬਦਾਂ ਦੇ ਮਾਧਿਅਮ ਨਾਲ ਮੂਰਤੀਮਾਨ ਕਰਦਾ ਹੈ।" ਡਾ. ਆਸ਼ਾ ਨੰਦ ਵੋਹਰਾ ਅਨੁਸਾਰ, "ਬਿੰਬ ਸਾਡੀਆਂ ਇੰਦ੍ਰੀਆਂ ਰਾਹੀਂ ਗ੍ਰਹਿਣ ਕੀਤੀਆਂ ਹੋਈਆਂ ਸੰਵੇਦਨਾਵਾਂ ਦਾ ਚਿੱਤਰ ਹੁੰਦਾ ਹੈ ਜਿਹੜਾ ਸਾਡੇ ਮਨ ਵਿਚ ਅੰਕਿਤ ਹੁੰਦਾ ਹੈ।"[54] ਡਾ. ਸਤਿੰਦਰ ਸਿੰਘ ਅਨੁਸਾਰ, "ਬਿੰਬ ਸਾਡੇ ਪੂਰਬਲੇ ਸੰਸਕਾਰਾਂ ਅਤੇ ਭਾਵਨਾਵਾਂ ਦਾ ਮੂਰਤੀਕਰਣ ਹੈ ਜਿਸ ਵਿਚ ਇੰਦ੍ਰੀਅਤਾ ਜ਼ਰੂਰੀ ਹੈ।'[55] ਡਾ. ਪ੍ਰੇਮ ਪ੍ਰਕਾਸ਼ ਸਿੰਘ ਅਨੁਸਾਰ, "ਬਿੰਬ ਕਵਿਤਾ ਦਾ ਉਹ ਅੰਸ਼ ਹੁੰਦਾ ਹੈ ਜਿਹੜਾ ਭਾਵ ਤੋਂ ਲੈ ਕੇ ਸ਼ੈਲੀ ਤਕ ਅਤੇ ਵਸਤੂ ਤੋਂ ਲੈਕੇ ਰੂਪ ਤਕ ਪਸਰਿਆ ਰਹਿੰਦਾ ਹੈ... ਕਾਵਿ ਬਿੰਬ ਸ਼ਬਦਾਂ ਨਾਲ ਸਿਰਜੇ ਹੋਏ ਚਿੱਤਰ ਹਨ ਜਿਹੜੇ ਇੰਦਰਿਆਵੀ ਆਵੇਸ਼ ਤੇ ਜੋਸ਼ ਨੂੰ ਪ੍ਰਤਿਕਰਮਾਂ ਦੀ ਸ਼ਕਲ ਵਿਚ, ਪਾਠਕਾਂ ਦੀ ਚੇਤਨਾ ਵਿਚ ਉਜਾਗਰ ਕਰਦੇ ਹਨ ਅਤੇ ਕਾਵਿ-ਆਨੰਦ ਪੈਦਾ ਕਰਦੇ ਹਨ।"[56]

ਪੱਛਮੀ ਤੇ ਭਾਰਤੀ ਵਿਦਵਾਨਾਂ ਦੀਆਂ ਕਾਵਿ-ਬਿੰਬ ਬਾਰੇ ਦਿੱਤੀਆਂ ਪਰਿਭਾਸ਼ਾਵਾਂ ਤੋਂ ਇਸ ਦੇ ਹੇਠ ਲਿਖੇ ਪੱਖ ਉਜਾਗਰ ਹੁੰਦੇ ਹਨ :—

1. ਬਿੰਬ ਇਕ ਸ਼ਬਦ-ਚਿੱਤਰ ਹੁੰਦਾ ਹੈ।
2. ਬਿੰਬ ਦਾ ਨਿਰਮਾਣ ਕਲਪਨਾ ਦੁਆਰਾ ਹੁੰਦਾ ਹੈ।
3. ਬਿੰਬ ਇੰਦਰਿਅ ਵੀ ਬੋਧ ਨੂੰ ਉਜਾਗਰ ਕਰਦਾ ਹੈ।
4. ਬਿੰਬ ਕਿਸੇ ਅਮੂਰਤ ਵਿਚਾਰ ਅਤੇ ਭਾਵ ਦੀ ਪੁਨਰ-ਰਚਨਾ ਕਰਦਾ ਹੈ।
5. ਬਿੰਬ ਮਨੁੱਖੀ ਭਾਵ ਤੇ ਆਵੇਗ ਨਾਲ ਭਰਪੂਰ ਹੁੰਦਾ ਹੈ ਅਤੇ ਪਾਠਕ ਦੇ ਮਨ ਵਿਚ ਵੀ ਇਨ੍ਹਾਂ ਦਾ ਸੰਚਾਰ ਕਰਦਾ ਹੈ।
6. ਬਿੰਬ ਪਾਠਕ ਦੇ ਮਨ ਵਿਚ ਕਾਵਿਕ-ਆਨੰਦ ਪੈਦਾ ਕਰਦਾ ਹੈ।

ਕਾਵਿ-ਬਿੰਬ ਦੇ ਉਪਰੋਕਤ ਪੱਖਾਂ ਨੂੰ ਸਨਮੁੱਖ ਰਖਦਿਆਂ ਇਸ ਨੂੰ ਇਉਂ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ—

> ਕਾਵਿ ਬਿੰਬ, ਕਵੀ ਦੀ ਕਲਪਨਾ ਦੁਆਰਾ ਸਿਰਜਿਆ, ਮਨੁੱਖੀ ਭਾਵ ਤੇ ਆਵੇਗ ਨਾਲ ਭਰਪੂਰ ਉਹ ਸ਼ਬਦ-ਚਿੱਤਰ ਹੈ ਜੋ ਕਿਸੇ ਅਮੂਰਤ ਵਿਚਾਰ ਅਤੇ ਭਾਵ ਦੀ ਪੁਨਰ ਰਚਨਾ ਕਰਦਾ ਹੈ। ਇਹ ਪਾਠਕ ਦੇ ਇੰਦਰਿਆਵੀ ਬੋਧ ਨੂੰ ਉਜਾਗਰ ਕਰਕੇ ਉਸ ਦੇ ਮਨ ਵਿਚ ਵੀ ਭਾਵ ਤੇ ਆਵੇਗ ਦਾ ਸੰਚਾਰ ਕਰਦਾ ਹੋਇਆ ਉਸ ਨੂੰ ਸੁਹਜ ਤੇ ਆਨੰਦ ਪ੍ਰਦਾਨ ਕਰਦਾ ਹੈ।

## 4. ਕਾਵਿ ਬਿੰਬ ਦੇ ਤੱਤ

ਕਾਵਿ ਬਿੰਬ ਦੇ ਚਾਰ ਆਧਾਰ ਭੂਤ ਤੱਤ ਮੰਨੇ ਗਏ ਹਨ :



Marfat.com

ੳ. ਅਨੁਭਵ (Feeling)
ਅ. ਭਾਵ (Emotion)
ੲ. ਆਵੇਗ (Passion)
ਸ. ਇੰਦਰੀਅਤਾ (Sensuousness)

## ੳ) ਅਨੁਭਵ

ਕਵੀ ਆਪਣੀ ਕਵਿਤਾ ਵਿਚ ਆਪਣੇ ਅਨੁਭਵਾਂ ਜਾਂ ਤਜਰਬਿਆਂ ਦਾ ਬਿੰਬਾਕਣ ਕਰਦਾ ਹੈ। ਬਿੰਬ ਦੀ ਸਿਰਜਣਾ ਲਈ ਅਨੁਭਵ ਦੀ ਗਹਿਰਾਈ ਤਕ ਪੁਜਣਾ ਬਹੁਤ ਜ਼ਰੂਰੀ ਹੈ ਕਿਉਂਕਿ ਨਿਰੀਆਂ ਯਾਦਾਂ ਅਤੇ ਘਟਨਾਵਾਂ ਦਾ ਚਿਤ੍ਰਣ ਹੀ ਬਿੰਬ ਦਾ ਰੂਪ ਨਹੀਂ ਧਾਰਨ ਕਰ ਸਕਦਾ। ਲੀਵਿਸ ਨੇ ਬਿਲਕੁਲ ਠੀਕ ਕਿਹਾ ਹੈ, "ਹਰ ਇਕ ਬਿੰਬ ਕਿਸੇ ਵਸਤੂ ਦਾ ਪੁਨਰ-ਨਿਰਮਾਣ ਹੀ ਨਹੀਂ ਕਰਦਾ ਸਗੋਂ ਉਹ ਕਿਸੇ ਅਨੁਭਵ ਦੇ ਆਧਾਰ ਤੇ ਨਿਰਮਿਤ ਹੁੰਦਾ ਹੈ।"[57] ਜਾਰਜ ਵੇਲੀ ਨੇ ਬਿੰਬ ਦੀ ਸਿਰਜਣ-ਪ੍ਰਕ੍ਰਿਆ ਨੂੰ ਯਾਦਾਂ ਦੇ ਪ੍ਰਕਰਣ ਵਿਚ ਅਨੁਭਵ ਦੀ ਵਿਆਖਿਆ ਸਵੀਕਾਰ ਕੀਤਾ ਹੈ।[58] ਸੀ. ਐਮ. ਬੌਵਰਾ ਅਨੁਸਾਰ, "ਬਿੰਬ ਕਵੀ ਦੇ ਬੌਧਿਕ ਅਰਥਾਂ ਦਾ ਹੀ ਬੋਧ ਨਹੀਂ ਕਰਵਾਉਂਦੇ ਸਗੋਂ ਉਸ ਦਾ ਗਿਆਨ ਵੀ ਕਰਵਾਉਂਦੇ ਹਨ ਜੋ ਕਵੀ ਭਾਵਾਂ ਅਤੇ ਵਿਚਾਰਾਂ ਦੇ ਸਮੂਹ ਵਿਜ ਅਨੁਭਵ ਕਰਦਾ ਹੈ।"[59]

ਕਿਸੇ ਕਵੀ ਦਾ ਜਿਸ ਤਰ੍ਹਾਂ ਦਾ ਅਨੁਭਵ ਹੁੰਦਾ ਹੈ ਉਸੇ ਤਰ੍ਹਾਂ ਦੀ ਬਿੰਬਾਵਲੀ ਉਸ ਦੀ ਕਵਿਤਾ ਵਿਚ ਪ੍ਰਯੁਕਤ ਹੁੰਦੀ ਹੈ। ਜੇਮਜ਼ ਰੀਵਜ਼ ਅਨੁਸਾਰ, "ਜੇ ਕਵੀ ਦਾ ਅਨੁਭਵ ਨਵੀਨ ਹੈ ਤਾਂ ਇਹ ਕਵਿਤਾ ਦੀ ਜ਼ਿੰਦਗੀ ਵਿਚ ਵਾਧਾ ਕਰ ਦਿੰਦਾ ਹੈ...ਜੇਕਰ ਇਹ ਸਾਨੂੰ ਝੂਠੇ, ਹੰਢੇ-ਵਰਤੇ ਤੇ ਭੱਦੇ ਜਿਹੇ ਜਾਪਣ ਤਾਂ ਇਹ ਸਾਨੂੰ ਕੁਝ ਨਹੀਂ ਦੇ ਸਕਦੇ ਅਤੇ ਅਸੀਂ ਇਨ੍ਹਾਂ ਨੂੰ ਰੱਦ ਕਰ ਦਿੰਦੇ ਹਾਂ"।[60] ਸੋ ਕਿਸੇ ਕਵੀ ਦਾ ਸੱਚਾ ਤੇ ਡੂੰਘਾ ਅਨੁਭਵ ਹੀ ਕਾਮਯਾਬ ਬਿੰਬਾਂ ਦੀ ਸਿਰਜਣਾ ਕਰ ਸਕਦਾ ਹੈ। 'ਵਾਦ-ਵਿਵਾਦ' ਪੁਸਤਕ ਵਿਚ ਪ੍ਰੀਤਮ ਸਿੰਘ ਨੇ ਇਸ ਸੰਬੰਧ ਵਿਚ ਬਿਲਕੁਲ ਠੀਕ ਕਿਹਾ ਹੈ ਕਿ, "ਜਿਸ ਕਵੀ ਦਾ ਅਨੁਭਵ ਸੱਚਾ ਤੇ ਡੂੰਘਾ ਹੈ, ਜਿਸ ਦਾ ਜੀਵਨ ਨਾਲ ਪੂਰਾ ਸੰਬੰਧ ਸਥਾਪਿਤ ਹੋਇਆ ਹੁੰਦਾ ਹੈ ਅਤੇ ਜਿਹੜਾ ਯਥਾਰਥ ਨੂੰ ਪ੍ਰਗਟਾਉਣ ਲਈ ਉਸ ਦੀਆਂ ਹੇਠਲੀਆਂ ਤੈਹਾਂ ਤੱਕ ਪੁੱਜਦਾ ਹੈ ਤੇ ਉਸ ਨੂੰ ਆਪਣੀ ਕਲਾ ਰਾਹੀਂ ਪ੍ਰਗਟਾਉਂਦਾ ਹੈ ਉਸ ਦੀ ਰਚਨਾ ਮਹਾਨ ਹੁੰਦੀ ਹੈ"।[61]

ਇਸ ਤਰ੍ਹਾਂ ਅਨੁਭਵ, ਕਾਵਿ-ਬਿੰਬ ਦਾ ਬਹੁਤ ਮਹੱਤਵਪੂਰਣ ਤੱਤ ਹੈ। ਅਨੁਭਵ ਦੀ ਗਹਿਰਾਈ ਵਿਚ ਪੁੱਜਿਆਂ ਬਗੈਰ ਬਿੰਬ ਦੀ ਸਿਰਜਣਾ ਨਹੀਂ ਹੋ ਸਕਦੀ।

## ਅ) ਭਾਵ

ਭਾਵ ਬਿੰਬ ਦਾ ਪ੍ਰਮੁੱਖ ਆਧਾਰ ਹੈ। ਭਾਵ ਤੋਂ ਬਿਨਾਂ ਨਾ ਕਾਵਿ-ਸਿਰਜਣਾ ਹੋ ਸਕਦੀ ਹੈ ਤੇ ਨਾ ਹੀ ਬਿੰਬ-ਸਿਰਜਣਾ। ਡਾ. ਨਗੇਂਦਰ ਅਨੁਸਾਰ ਕਾਵਿ-ਬਿੰਬ ਦਾ ਪ੍ਰੇਰਕ ਤੱਤ ਹੈ ਭਾਵ। ਭਾਵ ਦੇ ਸਪਰਸ਼ ਤੋਂ ਬਗੈਰ ਕਾਵਿ-ਬਿੰਬ ਦਾ ਅਸਤਿਤਵ ਸੰਭਵ ਨਹੀਂ



Marfat.com

ਹੈ।[62] ਕਵਿਤਾ ਵਿਚ ਕਿਸੇ ਨਾ ਕਿਸੇ ਰੂਪ ਵਿਚ ਭਾਵ ਜ਼ਰੂਰ ਵਿਦਮਾਨ ਰਹਿੰਦਾ ਹੈ। ਐਮ. ਐਚ. ਅਬਰਮਜ਼ ਦਾ ਕਥਨ ਹੈ ਕਿ, "ਕਾਵਿ-ਲੋਕ ਕਵੀ ਦੁਆਰਾ ਪ੍ਰਤਿਬਿੰਬਤ ਭਾਵਾਂ ਦੀ ਰੌਸ਼ਨੀ ਵਿਚ ਇਸ਼ਨਾਨ ਕਰਦਾ ਹੈ"।[63] ਬਿੰਬ ਅਤੇ ਭਾਵ ਦਾ ਏਨਾ ਗੂੜ੍ਹਾ ਸੰਬੰਧ ਹੈ ਕਿ ਇਨ੍ਹਾਂ ਨੂੰ ਇਕ ਦੂਜੇ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਮੈਕਲੀਸ਼ ਇਸ ਪ੍ਰਸੰਗ ਵਿਚ ਕਹਿੰਦਾ ਹੈ ਕਿ "ਕਿਸੇ ਕਵਿਤਾ ਵਿਚਲੇ ਭਾਵ ਨਾਲ ਬਿੰਬ ਦਾ ਗਹਿਰਾ ਸੰਬੰਧ ਹੁੰਦਾ ਹੈ।...ਭਾਵ ਜੇ ਕਿਧਰੇ ਹੈ ਤਾਂ ਉਹ ਬਿੰਬਾਂ ਵਿਚ ਹੀ ਹੋਵੇਗਾ, ਜੇ ਉਨ੍ਹਾਂ ਵਿਚ ਨਹੀਂ ਤਾਂ ਉਨ੍ਹਾਂ ਦੇ 'ਵਿਚਕਾਰ' ਜ਼ਰੂਰ ਹੋਵੇਗਾ"।[64] ਬਿੰਬ, ਭਾਵ ਨੂੰ ਅਨੋਖੇ ਰੰਗ ਵਿਚ ਰੰਗ ਦਿੰਦਾ ਹੈ ਜਿਸ ਕਰ ਕੇ ਬਿੰਬ ਵਿਚ ਪ੍ਰਯੁਕਤ ਹੋਣ ਤੋਂ ਬਾਅਦ ਭਾਵ ਸਾਧਾਰਣ ਨਾ ਰਹਿ ਕੇ ਅਸਾਧਾਰਣ ਦਸ਼ਾ ਪ੍ਰਾਪਤ ਕਰ ਲੈਂਦਾ ਹੈ। ਮੈਕਲੀਸ਼ ਅਨੁਸਾਰ, "ਬਿੰਬਾਂ ਵਿਚ ਭਾਵ ਨੂੰ ਇਸ ਤਰ੍ਹਾਂ ਗੁੰਦਿਆ ਜਾਂਦਾ ਹੈ ਕਿ ਜਦ ਇਸ ਨੂੰ ਬਿੰਬ ਵਿਚ ਪ੍ਰਯੁਕਤ ਕੀਤਾ ਜਾਂਦਾ ਹੈ ਤਾਂ ਇਹ ਭਾਵ ਅ.ਸਾਧਾਰਣ ਦਸ਼ਾ ਪ੍ਰਾਪਤ ਕਰ ਲੈਂਦਾ ਹੈ"।[65]

ਇਸ ਤਰ੍ਹਾਂ ਇਸ. ਭਾਵ ਨੂੰ ਕਾਵਿ-ਬਿੰਬ ਦੀ ਆਤਮਾ ਕਿਹਾ ਜਾ ਸਕਦਾ ਹੈ। ਭਾਵ ਹੀ ਬਿੰਬ ਦਾ ਪ੍ਰੇਰਨਾ-ਸ੍ਰੋਤ ਹੈ। ਭਾਵਾਂ ਨਾਲ ਇਕਸੁਰ ਹੋਇਆਂ ਕਵੀ ਹੀ ਬਿੰਬਾਂ ਦੀ ਸਿਰਜਣਾ ਕਰ ਸਕਦਾ ਹੈ ਅਤੇ ਅੱਗੋਂ ਇਹ ਬਿੰਬ ਪਾਠਕਾਂ ਦੇ ਭਾਵਾਂ ਨੂੰ ਟੁੰਬਦੇ ਹਨ। ਭਾਵ ਹੀ ਕਵਿਤਾ ਨੂੰ ਸਜੀਵਤਾ ਬਖਸ਼ਦੇ ਹਨ। ਸਫ਼ਲ ਕਾਵਿ-ਬਿੰਬ ਉਹੀ ਮੰਨਿਆ ਜਾਂਦਾ ਹੈ ਜਿਸ ਵਿਚ ਭਾਵਾਂ ਨੂੰ ਜਗਾਉਣ ਦੀ ਸ਼ਕਤੀ ਤੇ ਸਮਰਥਾ ਹੋਵੇ। ਸੋ ਭਾਵ ਕਾਵਿ-ਬਿੰਬ ਦਾ ਸਭ ਤੋਂ ਪ੍ਰਮੁੱਖ ਤੇ ਮਹੱਤਵਪੂਰਣ ਤੱਤ ਹੈ।

### ੲ) ਆਵੇਗ

ਆਵੇਗ ਵੀ ਬਿੰਬ ਦਾ ਇਕ ਆਵੱਸ਼ਕ ਤੱਤ ਹੈ। ਲੀਵਿਸ ਨੇ ਕਾਵਿ-ਬਿੰਬ ਨੂੰ ਭਾਵ ਜਾਂ ਆਵੇਗ ਨਾਲ ਭਰਪੂਰ ਸ਼ਬਦ-ਚਿੱਤਰ ਸਵੀਕਾਰ ਕੀਤਾ ਹੈ"।[66] ਬਿੰਬ ਵਿਚ ਆਵੇਗ ਦੇ ਮਹੱਤਵ ਨੂੰ ਉਜਾਗਰ ਕਰਦਿਆਂ ਕਾਲਰਿਜ ਨੇ ਕਿਹਾ ਹੈ, "ਬਿੰਬ ਭਾਵੇਂ ਕਿੰਨੇ ਵੀ ਸੁੰਦਰ ਕਿਉਂ ਨਾ ਹੋਣ, ਉਹ ਆਪਣੇ ਆਪ ਵਿਚ ਕਵੀ ਦੀ ਕੋਈ ਵਿਸ਼ੇਸ਼ਤਾ ਨਹੀਂ ਦਰਸਾ ਸਕਦੇ। ਇਹ ਕਵੀ ਦੀ ਮੌਲਿਕ ਪ੍ਰਤਿਭਾ ਦਾ ਸਬੂਤ ਉਦੋਂ ਹੀ ਬਣਦੇ ਹਨ ਜਦ ਇਹ ਤਿੱਖੇ ਆਵੇਗ ਨਾਲ ਸੰਯੁਕਤ ਜਾਂ ਜਾਗ੍ਰਿਤ ਹੋਣ"।[67] ਕਈ ਵਾਰ ਪੱਤਰਕਾਰ ਜਾਂ ਇਤਿਹਾਸਕਾਰ ਕਿਸੇ ਘਟਨਾ ਦਾ ਅਜਿਹਾ ਭਾਵਪੂਰਨ ਚਿੱਤਰ ਖਿੱਚਦੇ ਹਨ ਕਿ ਬਿੰਬਾਂ ਦੀ ਉਤਪਤੀ ਹੋ ਜਾਂਦੀ ਹੈ ਪਰ ਕਿਉਂਕਿ ਇਨ੍ਹਾਂ ਵਿਚ ਆਵੇਗ ਨਹੀਂ ਹੁੰਦਾ, ਇਸ ਲਈ ਇਨ੍ਹਾਂ ਨੂੰ ਕਾਵਿ-ਬਿੰਬ ਦਾ ਦਰਜਾ ਨਹੀਂ ਦਿੱਤਾ ਜਾਂਦਾ। ਕਾਵਿ-ਬਿੰਬ ਵਿਚ ਆਵੇਗ ਦੇ ਮਹੱਤਵ ਦਾ ਉਲੇਖ ਕਰਦਿਆਂ ਲੀਵਿਸ ਨੇ ਕਿਹਾ ਹੈ, "ਆਵੇਗ ਰਾਹੀਂ ਬਿੰਬਾਂ ਦੀ ਸੋਧ ਅਤੇ ਇਨ੍ਹਾਂ (ਆਵੇਗ ਤੇ ਬਿੰਬ) ਦੇ ਅੰਤਰ-ਸੰਬੰਧਾਂ ਦੀ ਸਥਾਪਨਾਂ ਉੱਤੇ ਜ਼ੋਰ ਦੇਣਾ ਹੀ ਅੱਜ ਸਾਡੇ ਲਈ ਪ੍ਰਮੁੱਖ ਗੱਲ ਹੈ"।[68] ਜੋ ਕਵੀ ਆਵੇਗਮਈ ਹੋ ਕੇ ਕਵਿਤਾ ਰਚਦਾ ਹੈ ਉਹ ਸਹਿਜੇ ਹੀ ਵਧੀਆ ਬਿੰਬਾਂ ਦੀ ਸਿਰਜਣਾ ਕਰ ਕੇ ਇਨ੍ਹਾਂ ਰਾਹੀਂ ਆਪਣੇ ਆਪੇ ਦੀ ਪ੍ਰਕਾਸ਼ਨਾ ਕਰ ਜਾਂਦਾ ਹੈ। ਨਿਸ਼ਚੇ ਹੀ ਉਸ ਦੀ ਕਵਿਤਾ ਪਾਠਕ ਦੇ ਭਾਵਾਂ ਨੂੰ ਟੁੰਬਦੀ



Marfat.com

ਹੋਈ ਉਸ ਦੇ ਮਨ ਦੀਆਂ ਗਹਿਰਾਈਆਂ ਵਿਚ ਉਤਰ ਜਾਂਦੀ ਹੈ। ਸੋ ਆਵੇਗ ਵੀ ਕਾਵਿ-ਬਿੰਬ ਦਾ ਇਕ ਜ਼ਰੂਰੀ ਤੱਤ ਹੈ।

## ਸ) ਇੰਦ੍ਰੀਅਤਾ

ਕਾਵਿ-ਬਿੰਬ ਵਿਚ ਇੰਦ੍ਰੀਅਤਾ ਦੀ ਹੋਂਦ ਅਤੀ ਆਵੱਸ਼ਕ ਮੰਨੀ ਗਈ ਹੈ। ਬਹੁਤ ਸਾਰੇ ਵਿਦਵਾਨਾਂ ਨੇ ਤਾਂ ਬਿੰਬ ਦੀ ਪਰਿਭਾਸ਼ਾ ਹੀ ਇਸ ਤੱਤ ਦੇ ਆਧਾਰ ਤੇ ਕੀਤੀ ਹੈ। ਲੀਵਿਸ ਅਨੁਸਾਰ ਕਾਵਿਕ-ਬਿੰਬ ਸ਼ਬਦਾਂ ਰਾਹੀਂ ਸਿਰਜੀ ਸੰਵੇਦਨਾਤਮਕ ਤਸਵੀਰ ਹੈ।[69] ਲੀਵਿਸ ਨੇ ਇਹ ਵੀ ਕਿਹਾ ਹੈ ਕਿ, "ਹਰ ਬਿੰਬ ਭਾਵੇਂ ਉਹ ਉਕਾ ਹੀ ਭਾਵਕ ਜਾਂ ਬੌਧਿਕ ਕਿਉਂ ਨਾ ਹੋਵੇ ਉਸ ਵਿਚ ਕੁਝ ਇੰਦਰਿਆਵੀ ਚਿੰਨ੍ਹ ਜ਼ਰੂਰ ਹੁੰਦੇ ਹਨ"।[70] ਕਾਵਿ-ਬਿੰਬ ਦੀ ਸਿਰਜਣ ਪ੍ਰਕ੍ਰਿਆ ਵਿਚ ਇੰਦਰਿਆਵੀ ਤੱਤ ਦੇ ਯੋਗਦਾਨ ਦੀ ਚਰਚਾ ਕਰਦਿਆਂ ਲੀਵਿਸ ਕਹਿੰਦਾ ਹੈ ਕਿ "ਉਨ੍ਹਾਂ ਵਸਤੂਆਂ ਨਾਲ ਕਵੀ ਦੀ ਪਛਾਣ, ਜੋ ਉਸ ਦੀ ਸੰਵੇਦਨਾ ਟੁੰਬਦੀਆਂ ਹਨ, ਬਿੰਬ ਸਿਰਜਣਾ ਦਾ ਪਹਿਲਾ ਪੜਾ ਹੈ"।[71] ਡਾ. ਕੁਮਾਰ ਵਿਮਲ ਦਾ ਵਿਚਾਰ ਹੈ ਕਿ ਬਿੰਬ ਜਿੰਨਾ ਇੰਦਰਿਆਵੀ ਹੁੰਦਾ ਹੈ, ਉਨਾ ਹੀ ਸੰਯੁਕਤ ਹੁੰਦਾ ਹੈ।[72] ਰਾਬਨ ਸਕੈਲਟਨ ਨੇ ਵੀ ਬਿੰਬ ਨੂੰ ਪਰਿਭਾਸ਼ਿਤ ਕਰਦਿਆਂ ਇਸ ਦੇ ਇੰਦਰਿਆਵੀ ਗੁਣ ਉੱਤੇ ਬਲ ਦਿੱਤਾ ਹੈ। ਉਸ ਅਨੁਸਾਰ, "ਬਿੰਬ ਇਕ ਅਜਿਹਾ ਸ਼ਬਦ ਹੈ ਜਿਹੜਾ ਇੰਦਰਿਆਵੀ ਬੋਧ ਦੇ ਭਾਵਾਂ ਨੂੰ ਉਜਾਗਰ ਕਰਦਾ ਹੈ"।[73] ਬਿੰਬ ਵਿਚ ਇੰਦਰਿਆਵੀ ਤੱਤ ਦੀ ਮਹਾਨਤਾ ਨੂੰ ਸਵੀਕਾਰ ਕਰਦਿਆਂ ਡਾ. ਕੇਦਾਰ ਨਾਥ ਸਿੰਘ ਵੀ ਲਿਖਦਾ ਹੈ, "ਬਿੰਬ ਉਹ ਸ਼ਬਦ ਚਿੱਤਰ ਹੈ ਜੋ ਕਲਪਨਾ ਦੁਆਰਾ ਇੰਦਰਿਆਵੀ ਅਨੁਭੂਤੀਆਂ ਦੇ ਆਧਾਰ ਤੇ ਨਿਰਮਿਤ ਹੁੰਦਾ ਹੈ"।[74]

ਬਿੰਬਾਂ ਦਾ ਬੋਧ ਮੁੱਖ ਤੌਰ ਤੇ ਮਨੁੱਖ ਦੀਆਂ ਪੰਜ ਗਿਆਨ ਇੰਦਰੀਆਂ ਦੁਆਰਾ ਹੀ ਮੰਨਿਆ ਗਿਆ ਹੈ। ਇਨ੍ਹਾਂ ਭਿੰਨ ਭਿੰਨ ਗਿਆਨ ਇੰਦ੍ਰੀਆਂ ਤੋਂ ਪੈਦਾ ਹੋਈ ਸੰਵੇਦਨਾ ਵੱਖ ਵੱਖ ਬਿੰਬਾਂ ਦੀ ਸਿਰਜਣਾ ਕਰਦੀ ਹੈ, ਜਿਵੇਂ :

| ਗਿਆਨ ਇੰਦ੍ਰੀ | ਵਿਸ਼ਾ | ਬਿੰਬ |
|---|---|---|
| 1. ਅੱਖ | ਰੂਪ ਜਾਂ ਦ੍ਰਿਸ਼ | ਰੂਪ ਬਿੰਬ ਜਾਂ ਦ੍ਰਿਸ਼ ਬਿੰਬ |
| 2. ਕੰਨ | ਸ਼ਬਦ ਜਾਂ ਨਾਦ | ਸ਼ਬਦ ਬਿੰਬ ਜਾਂ ਨਾਦ ਬਿੰਬ |
| 3. ਜੀਭ | ਰਸ | ਰਸ ਬਿੰਬ |
| 4. ਨੱਕ | ਗੰਧ | ਗੰਧ ਬਿੰਬ |
| 5. ਚਮੜੀ | ਸਪਰਸ਼ | ਸਪਰਸ਼ ਬਿੰਬ |

ਸੋ ਇੰਦ੍ਰੀਅਤਾ ਕਾਵਿ-ਬਿੰਬ ਦਾ ਇਕ ਅਤੀ ਜ਼ਰੂਰੀ ਤੱਤ ਹੈ। ਕਾਵਿ-ਬਿੰਬ ਵਿਚ ਇਹ ਕਿਸੇ ਨਾ ਕਿਸੇ ਰੂਪ ਵਿਚ ਜ਼ਰੂਰ ਹੀ ਵਰਤਮਾਨ ਰਹਿੰਦਾ ਹੈ। ਇੰਦ੍ਰੀਅਤਾ ਦੇ ਤੱਤ ਤੋਂ ਬਗ਼ੈਰ ਕਾਵਿ-ਬਿੰਬ ਦੀ ਸਿਰਜਣਾ ਸੰਭਵ ਨਹੀਂ।

ਉਪਰੋਕਤ ਚਰਚਾ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਇਕ ਸਫ਼ਲ ਕਾਵਿ-ਬਿੰਬ ਦੇ ਨਿਰਮਾਣ ਲਈ ਅਨੁਭਵ ਭਾਵ, ਆਵੇਗ ਅਤੇ ਇੰਦ੍ਰੀਅਤਾ ਦਾ ਹੋਣਾ ਆਵੱਸ਼ਕ ਹੈ।



Marfat.com

ਇਨ੍ਹਾਂ ਚਾਰ ਤੱਤਾਂ ਦੀ ਮਾਤਰਾ ਕਿਸੇ ਕਾਵਿ-ਬਿੰਬ ਵਿਚ ਵੱਧ ਘੱਟ ਤਾਂ ਹੋ ਸਕਦੀ ਹੈ ਪਰ ਇਨ੍ਹਾਂ ਵਿਚੋਂ ਕਿਸੇ ਵੀ ਤੱਤ ਦੀ ਹੋਂਦ ਤੋਂ ਬਿਨਾਂ ਕਾਵਿ-ਬਿੰਬ ਦਾ ਅਸਤਿਤਵ ਸੰਭਵ ਨਹੀਂ ਹੈ।

## 5. ਕਾਵਿ-ਬਿੰਬ ਦੀ ਸਿਰਜਣ-ਪ੍ਰਕ੍ਰਿਆ

ਕਾਵਿ-ਬਿੰਬ ਦੀ ਸਿਰਜਣ ਪ੍ਰਕ੍ਰਿਆ ਦਾ ਮੁਕੰਮਲ ਅਧਿਐਨ ਕਰਨ ਲਈ ਇਸ ਦੇ ਤਿੰਨ ਪਹਿਲੂਆਂ ਨੂੰ ਸਮਝਣਾ ਜ਼ਰੂਰੀ ਹੈ। ਉਹ ਪਹਿਲੂ ਹਨ— ਬਿੰਬ ਦਾ ਸਿਰਜਣ-ਵਿਕਾਸ, ਬਿੰਬ ਦਾ ਉਦਗਮ ਸ੍ਰੋਤ ਅਤੇ ਸਿਰਜਣ-ਪ੍ਰਕ੍ਰਿਆ ਦਾ ਵਿਕਾਸ-ਕ੍ਰਮ।

### ੳ) ਬਿੰਬ ਦਾ ਸਿਰਜਣ-ਵਿਕਾਸ

ਕਾਵਿ-ਬਿੰਬ ਦੀ ਸਿਰਜਣ-ਪ੍ਰਕ੍ਰਿਆ ਅਤੇ ਕਾਵਿ-ਸਿਰਜਣ-ਪ੍ਰਕ੍ਰਿਆ ਦੋਵੇਂ ਕ੍ਰਮ ਨਾਲੋ ਨਾਲ ਤੇ ਇਕੋ ਸਮੇਂ ਚਲਦੇ ਹਨ। ਜੇਕਰ ਇਹ ਕਹੀਏ ਕਿ ਬਿੰਬ-ਸਿਰਜਣਾ ਅਸਲ ਵਿਚ ਕਾਵਿ-ਸਿਰਜਣਾ ਹੀ ਹੁੰਦੀ ਹੈ ਤਾਂ ਗਲਤ ਨਹੀਂ ਹੋਵੇਗਾ। ਕਾਵਿ-ਬਿੰਬ ਕੋਈ ਅਜਿਹੀ ਵਸਤੂ ਨਹੀਂ ਜੋ ਕਵਿਤਾ ਰਚਣ ਤੋਂ ਬਾਅਦ ਉਸ ਉਪਰ ਸਜਾ ਦਿੱਤੀ ਜਾਵੇ ਅਤੇ ਨਾ ਹੀ ਕਵਿਤਾਵਾਂ ਕਿਸੇ ਪੂਰਵ-ਨਿਰਧਾਰਿਤ ਬਿੰਬਾਵਲੀ ਮੁਤਾਬਿਕ ਲਿਖੀਆਂ ਜਾਂਦੀਆਂ ਹਨ।[75] ਕਵਿਤਾ ਲਿਖਦੇ ਸਮੇਂ ਬਿੰਬ ਆਪਣੇ ਆਪ ਤੇ ਸਹਿਜ ਸੁਭਾਵਿਕ ਹੀ ਕਵੀ ਦੇ ਮਨ ਵਿਚੋਂ ਉਭਰ ਕੇ ਕਵਿਤਾ ਵਿਚ ਸਮਾਈ ਜਾਂਦੇ ਹਨ। "ਜਿਉਂ ਜਿਉਂ ਬਿੰਬ ਕਵੀ ਦੇ ਮਨ ਵਿਚੋਂ ਗੁਜ਼ਰਦੇ ਹਨ ਤਿਉਂ ਤਿਉਂ ਕਵਿਤਾ ਦੀ ਬਿੰਬਾਵਲੀ ਦੀ ਰੂਪ-ਰੇਖਾ ਬੜੀ ਤੇਜ਼ੀ ਅਤੇ ਸੁਭਾਵਿਕਤਾ ਨਾਲ ਬਦਲਦੀ ਜਾਂਦੀ ਹੈ"।[76] ਬਿੰਬਾਂ ਨੂੰ ਕਵਿਤਾ ਵਿਚ ਜ਼ਬਰਦਸਤੀ ਨਹੀਂ ਠੋਸਣਾ ਚਾਹੀਦਾ। ਲੀਵਿਸ ਅਨੁਸਾਰ, "ਵਿਚਾਰ ਜਾਂ ਰਸਮਾਂ ਦੁਆਰਾ ਨਿਰਧਾਰਿਤ ਢਾਂਚੇ ਵਿਚ ਬਿੰਬਾਂ ਨੂੰ ਘਸੋੜਨਾ ਨਹੀਂ ਚਾਹੀਦਾ ਸਗੋਂ ਕਵਿਤਾ ਦੀ ਉਤਪਤੀ ਸੁਭਾਵਕ ਰੂਪ ਵਿਚ ਬਿੰਬਾਂ ਵਿਚੋਂ ਹੀ ਹੋਣੀ ਚਾਹੀਦੀ ਹੈ ਅਤੇ ਬਿੰਬਾਂ ਵਿਚੋਂ ਹੀ ਕਵਿਤਾ ਨੂੰ ਆਪਣਾ ਰੂਪ ਗ੍ਰਹਿਣ ਕਰਨਾ ਚਾਹੀਦਾ ਹੈ"।[77] ਕਵਿਤਾ ਵਿਚ ਬਿੰਬ ਦੀ ਉਤਪਤੀ ਅਤੇ ਇਸ ਦਾ ਵਿਕਾਸ ਸੁਭਾਵਕ ਕ੍ਰਮ ਅਨੁਸਾਰ ਅਤੇ ਸਹਿਜ ਰੂਪ ਵਿਚ ਹੀ ਹੋਣਾ ਚਾਹੀਦਾ ਹੈ। ਇਸ ਪ੍ਰਸੰਗ ਵਿਚ ਕੀਟਸ ਦਾ ਕਥਨ ਉਲੇਖਨੀਯ ਹੈ ਕਿ, 'ਬਿੰਬਾਵਲੀ ਦਾ ਉਦੈ, ਵਿਕਾਸ ਅਤੇ ਅਸਤ ਸੂਰਜ ਵਾਂਗ ਹੋਣਾ ਚਾਹੀਦਾ ਹੈ ਜੋ ਸਹਿਜ ਸੁਭਾਵਕ ਹੀ ਆਉਂਦਾ ਹੈ, ਚਮਕਦਾ ਹੈ ਤੇ ਗੰਭੀਰਤਾ ਨਾਲ ਛੁਪ ਜਾਂਦਾ ਹੈ"।[78]

ਜਦ ਕੋਈ ਕਵੀ ਚੇਤਨ ਤੌਰ ਤੇ ਯਤਨ ਕਰ ਕੇ ਬਿੰਬਾਂ ਦੀ ਸਿਰਜਣਾ ਕਰਦਾ ਹੈ ਤਾਂ ਉਸ ਦੀ ਬਿੰਬਾਵਲੀ ਗ਼ੈਰ-ਕੁਦਰਤੀ ਜਿਹੀ ਹੋ ਜਾਂਦੀ ਹੈ ਤੇ ਸਹਿਜ ਰੂਪ ਵਿਚ ਕਵਿਤਾ ਵਿਚ ਨਾ ਸਮਾਉਣ ਕਰ ਕੇ ਓਪਰੀ ਓਪਰੀ ਜਿਹੀ ਲੱਗਦੀ ਹੈ। "ਰੂਪ ਵਿਧਾਨ ਦੀ ਯੋਜਨਾ ਲਈ ਵਿਸ਼ੇਸ਼ ਪ੍ਰਯਤਨ ਦੀ ਲੋੜ ਨਹੀਂ ਪੈਂਦੀ, ਇਹ ਤਾਂ ਕਵੀ-ਮਾਨਸ ਦੀ ਨਿਰਮਾਣ-ਪ੍ਰਕ੍ਰਿਆ ਦਾ ਇਕ ਸਹਿਜ ਅਤੇ ਵਿਗਿਆਨਕ ਪ੍ਰਤਿਫਲ ਹੈ। ਉਸ ਦੀ ਸਫਲ ਯੋਜਨਾ ਜਿਸ ਤਰ੍ਹਾਂ ਸਹਿਜਤਾ ਨਾਲ ਹੋ ਸਕਦੀ ਹੈ, ਉਸ ਤਰ੍ਹਾਂ ਪ੍ਰਯਤਨ ਦੁਆਰਾ ਨਹੀਂ"।[79]



137001

Marfat.com

ਉਤਪਤੀ ਅਤੇ ਵਿਕਾਸ ਵਿਚ ਸੁਭਾਵਕਤਾ ਦੇ ਨਾਲ ਨਾਲ ਬਿੰਬਾਂ ਵਿਚ ਕ੍ਰਮਬੱਧਤਾ ਵੀ ਆਵੱਸ਼ਕ ਹੈ। ਇਸ ਪ੍ਰਸੰਗ ਵਿਚ ਲੀਵਿਸ ਨੇ ਕਿਹਾ ਹੈ, 'ਕਵਿਤਾ ਦੇ ਬਿੰਬ ਜੋ ਸਮੇਂ ਅਤੇ ਬ੍ਰਹਿਮੰਡ ਵਿਚੋਂ ਲਏ ਗਏ ਹੋਣ, ਇਕ ਵਿਸ਼ੇਸ਼ ਕ੍ਰਮ ਅਤੇ ਲੜੀ ਅਨੁਸਾਰ ਇਸ ਦੇ ਵਿਸ਼ੇ ਨੂੰ ਵਿਕਸਿਤ ਕਰਨ ਜਾਂ ਵਿਸ਼ੇ ਵਿਚੋਂ ਵਿਕਸਿਤ ਹੋਣ; ਯਕੀਨਨ ਹੀ ਇਕ ਬਿੰਬ ਵਿਚੋਂ ਦੂਜਾ ਬਿੰਬ ਇਸ ਤਰ੍ਹਾਂ ਉਜਾਗਰ ਹੋਵੇ ਜਿਸ ਤਰ੍ਹਾਂ ਇਕ ਦਿਨ ਵਿਚੋਂ ਦੂਜਾ ਦਿਨ ਫੁੱਟਦਾ ਹੈ''।[80]

ਉਪਰੋਕਤ ਚਰਚਾ ਤੋਂ ਸਪਸ਼ਟ ਹੁੰਦਾ ਹੈ ਕਿ ਬਿੰਬ ਦੀ ਉਤਪਤੀ ਅਤੇ ਇਸ ਦਾ ਵਿਕਾਸ ਸਹਿਜ ਸੁਭਾ ਹੀ ਹੁੰਦਾ ਹੈ ਕਿਸੇ ਵਿਸ਼ੇਸ਼ ਪ੍ਰਯਤਨ ਦੁਆਰਾ ਨਹੀਂ। ਜੇਕਰ ਕਿਸੇ ਵਿਸ਼ੇਸ਼ ਪ੍ਰਯਤਨ ਦੁਆਰਾ ਚੇਤਨ ਤੌਰ ਤੇ ਬਿੰਬ ਨੂੰ ਕਵਿਤਾ ਉਪਰ ਠੋਸਿਆ ਜਾਵੇ ਤਾਂ ਬਿੰਬ ਅਤੇ ਕਵਿਤਾ ਦੋਹਾਂ ਦਾ ਹੀ ਗੌਰਵ ਘੱਟ ਜਾਂਦਾ ਹੈ।

## ਅ) ਬਿੰਬ ਦਾ ਉਦਗਮ ਸ੍ਰੋਤ

ਬਿੰਬ ਸਿਰਜਣ ਦੀ ਪ੍ਰਕ੍ਰਿਆ ਇਕ ਮਾਨਸਿਕ ਪ੍ਰਕ੍ਰਿਆ ਹੈ ਅਤੇ ਮਨੁੱਖੀ-ਮਨ ਹੀ ਬਿੰਬਾਂ ਦਾ ਉਦਗਮ ਸ੍ਰੋਤ ਹੈ। ਫਰਾਇਡ ਨੇ ਮਨੁੱਖੀ ਮਨ ਦਾ ਡੂੰਘਾ ਵਿਸ਼ਲੇਸ਼ਣ ਕਰਕੇ ਇਸ ਨੂੰ ਤਿੰਨ ਭਾਗਾਂ ਵਿਚ ਵੰਡਿਆ ਹੈ—ਚੇਤਨ, ਅਰਧ-ਚੇਤਨ ਅਤੇ ਅਵਚੇਤਨ। ਅਵਚੇਤਨ ਮਨ ਨੂੰ ਮਨੁੱਖ ਦੀਆਂ ਦਮਨ ਕੀਤੀਆਂ ਅਤ੍ਰਿਪਤ ਇੱਛਾਵਾਂ ਦਾ ਭੰਡਾਰ ਮੰਨਿਆ ਗਿਆ ਹੈ। ਅਵਚੇਤਨ ਮਨ ਹੀ ਮਨੁੱਖ ਦੀ ਕਲਪਨਾ ਦਾ ਉਦਗਮ ਸ੍ਰੋਤ ਹੈ ਅਤੇ ਇਥੋਂ ਹੀ ਬਿੰਬਾਂ ਦੀ ਉਤਪਤੀ ਹੁੰਦੀ ਹੈ। ''ਬਿੰਬਾਵਲੀ ਦੀ ਉਤਪਤੀ ਦਾ ਸੰਬੰਧ ਮਨ ਦੀ ਉਸ ਆਮ ਪ੍ਰਕ੍ਰਿਆ ਨਾਲ ਹੈ ਜੋ ਉਸ ਦੇ ਅਵਚੇਤਨ ਦੀ ਮੱਧਮ ਜਿਹੀ ਰੌਸ਼ਨੀ ਵਿਚ ਹੁੰਦੀ ਹੈ।''[81] ਲੀਵਿਸ ਅਨੁਸਾਰ ਵੀ ਅਵਚੇਤਨ ਮਨ ਹੀ ਬਿੰਬਾਂ ਦਾ ਉਦਗਮ-ਸ੍ਰੋਤ ਹੈ—''ਹਰ ਅਨੁਭੂਤੀ ਨੂੰ ਬਿੰਬ ਦੇ ਰੂਪ ਵਿਚ ਬਦਲ ਦੇਣਾ ਇਸ ਸਾਗਰ (ਅਵਚੇਤਨ) ਦੀ ਵਿਸ਼ੇਸ਼ਤਾ ਹੈ ਜੋ ਇਸ ਦੇ ਭਾਵੁਕ ਮਹੱਤਵ ਨੂੰ ਪ੍ਰਗਟਾਉਣ ਲਈ ਇਸ ਨੂੰ ਕਲਪਨਾ ਦੇ ਸੰਚੇ ਵਿਚ ਢਾਲ ਦਿੰਦੀ ਹੈ।''[82] ਬਿੰਬ ਦੀ ਸਿਰਜਣ-ਪ੍ਰਕ੍ਰਿਆ ਦੀ ਚਰਚਾ ਕਰਦਿਆਂ ਗੁਰਬਚਨ ਸਿੰਘ ਤਾਲਿਬ ਲਿਖਦਾ ਹੈ, ''ਬਿੰਬ-ਰਚਨਾ ਅਤਿ ਰਹੱਸਮਈ ਅਤੇ ਅਰਥ ਦੀ ਸੰਭਾਵਨਾ ਤੋਂ ਵਿਸ਼ਾਲ ਹੁੰਦੀ ਹੈ, ਮਾਨੋਂ ਇਸ ਵਿਚ ਮਨ ਤੇ ਚੇਤਨਾ ਹਲੂਣੀ ਅਤੇ ਝੂਣੀ ਜਾ ਕੇ ਉਸ ਤਲਾ ਵਾਂਗ ਹੋ ਜਾਂਦੀ ਹੈ ਜਿਸ ਵਿਚ ਸੁੱਟਿਆ ਵੱਟਾ ਅਨੰਤ ਲਹਿਰਾਂ, ਅਮੁੱਕ ਤਰੰਗਾਂ ਉਪਜਾਉਂਦਾ ਰਹਿੰਦਾ ਹੈ। ਇਹ ਬਿੰਬ ਚੇਤਨ ਬੁੱਧ, ਤਰਕ ਨਾਲ ਨਹੀਂ ਗ੍ਰਹਿਣ ਹੁੰਦੇ ਸਗੋਂ ਨਿਮਨ ਚੇਤਨਾ ਵਿਚ ਜਾ ਕੇ ਮਨ ਦੀਆਂ ਡੂੰਘਾਣਾਂ ਨਾਲ ਪਰੁਚ ਜਾਂਦੇ ਹਨ।''[83]

ਉਪਰੋਕਤ ਚਰਚਾ ਤੋਂ ਸਪੱਸ਼ਟ ਹੈ ਕਿ ਅਵਚੇਤਨ ਮਨ ਹੀ ਬਿੰਬਾਂ ਦਾ ਉਦਗਮ ਸ੍ਰੋਤ ਹੈ ਪਰ ਇਸ ਦਾ ਇਹ ਭਾਵ ਨਹੀਂ ਕਿ ਇਸ ਪ੍ਰਕ੍ਰਿਆ ਵਿਚ ਅਰਧ-ਚੇਤਨ ਅਤੇ ਚੇਤਨ ਦਾ ਕੋਈ ਯੋਗਦਾਨ ਨਹੀਂ ਹੁੰਦਾ। ਅਸਲ ਵਿਚ ਚੇਤਨ, ਅਰਧਚੇਤਨ ਅਤੇ ਅਵਚੇਤਨ ਮਨ ਦੀ ਸਾਂਝੀ ਪ੍ਰਕ੍ਰਿਆ ਨਾਲ ਹੀ ਬਿੰਬ ਦਾ ਨਿਰਮਾਣ ਸੰਭਵ ਹੈ। ਬਿੰਬ ਦੀ ਉਤਪਤੀ ਬੇਸ਼ਕ ਅਵਚੇਤਨ ਵਿਚੋਂ ਹੀ ਹੁੰਦੀ ਹੈ ਪਰ ਇਹ ਪ੍ਰਫੁਲਿਤ ਚੇਤਨ ਮਨ ਵਿਚ ਹੀ ਹੁੰਦਾ ਹੈ। ਕਵਿਤਾ



Marfat.com

ਵਿਚ ਬਿੰਬ ਦੀ ਜੜਤ ਦਾ ਕੰਮ ਚੇਤਨ ਮਨ ਹੀ ਕਰਦਾ ਹੈ। "ਚੇਤਨ ਦੇ ਇਸ ਪ੍ਰਯਤਨ ਤੋਂ ਬਿਨਾ ਬਿੰਬ ਅਣਘੜੇ ਮੋਤੀਆਂ ਵਾਂਗ ਹੁੰਦੇ ਹਨ ਜੋ ਕਾਵਿ ਵਿਚ ਪਰੋਣ ਦੇ ਯੋਗ ਨਹੀਂ ਹੁੰਦੇ।"[84] ਸੋ ਭਾਵੇਂ ਅਵਚੇਤਨ ਮਨ ਹੀ ਬਿੰਬਾਂ ਦਾ ਉਦਗਮ ਸ੍ਰੋਤ ਹੈ ਪਰ ਬਿੰਬ-ਸਿਰਜਣਾ ਵਿਚ ਕਵੀ ਦੇ ਅਰਧ-ਚੇਤਨ ਤੇ ਚੇਤਨ ਮਨ ਦਾ ਵੀ ਪੂਰਾ ਯੋਗਦਾਨ ਹੁੰਦਾ ਹੈ।

## ੲ. ਸਿਰਜਣਪ੍ਰਕ੍ਰਿਆ ਦਾ ਵਿਕਾਸ-ਕ੍ਰਮ

ਬਿੰਬ ਦੀ ਉਤਪਤੀ ਤੋਂ ਲੈ ਕੇ ਕਵਿਤਾ ਵਿਚ ਇਸ ਦੇ ਪ੍ਰਯੁਕਤ ਹੋਣ ਤਕ ਦਾ ਵਿਕਾਸ ਇਕ ਨਿਸ਼ਚਿਤ ਕ੍ਰਮ ਅਨੁਸਾਰ ਹੁੰਦਾ ਹੈ। ਆਚਾਰਯ ਰਾਮ ਚੰਦਰ ਸ਼ੁਕਲ ਨੇ ਰੂਪ ਵਿਧਾਨ ਦੇ ਜੋ ਤਿੰਨ ਭਾਗ ਕੀਤੇ ਹਨ ਉਹ ਵਾਸਤਵ ਵਿਚ ਬਿੰਬ-ਸਿਰਜਣ ਦੇ ਪੜਾ ਹੀ ਹਨ।[85] ਇਹ ਤਿੰਨ ਭਾਗ ਹਨ -ਪ੍ਰਤੱਖ ਰੂਪ ਵਿਧਾਨ, ਸਿਮਰਤ ਰੂਪ ਵਿਧਾਨ ਅਤੇ ਕਲਪਿਤ ਰੂਪ ਵਿਧਾਨ। ਰੂਪ ਵਿਧਾਨ ਦੇ ਇਹ ਤਿੰਨ ਪੜਾ ਬਿੰਬ ਦੀ ਸਿਰਜਣ-ਪ੍ਰਕ੍ਰਿਆ ਦੇ ਵਿਕਾਸ-ਕ੍ਰਮ ਨੂੰ ਸਮਝਣ ਲਈ ਪੂਰਨ ਭਾਂਤ ਸਹਾਈ ਹਨ।

ਬਿੰਬ ਦੀ ਰਚਨਾ-ਪ੍ਰਕ੍ਰਿਆ ਦਾ ਪਹਿਲਾ ਪੜਾ ਪ੍ਰਤੱਖ ਰੂਪ ਵਿਧਾਨ ਹੈ। ਇਸ ਦਾ ਘੇਰਾ ਬਹੁਤ ਵਿਸ਼ਾਲ ਹੈ। ਕਵੀ ਜੋ ਕੁਝ ਵੀ ਇਸ ਜਗਤ ਵਿਚ ਵੇਖਦਾ, ਸੁਣਦਾ, ਪੜ੍ਹਦਾ ਅਤੇ ਅਨੁਭਵ ਕਰਦਾ ਹੈ ਉਹ ਸਭ ਕੁਝ ਪ੍ਰਤੱਖ ਰੂਪ ਵਿਧਾਨ ਦੇ ਘੇਰੇ ਵਿਚ ਆ ਜਾਂਦਾ ਹੈ। ਪ੍ਰਤੱਖ ਤੋਂ ਭਾਵ ਕੇਵਲ ਗੋਚਰ ਜਗਤ ਹੀ ਨਹੀਂ ਸਗੋਂ ਅਜਿਹਾ ਜਗਤ ਵੀ ਹੈ ਜਿਸ ਬਾਰੇ ਕਵੀ ਨੇ ਕੇਵਲ ਸੁਣ ਕੇ ਅਨੁਭਵ ਕੀਤਾ ਹੁੰਦਾ ਹੈ ਜਿਵੇਂ ਸਵਰਗ, ਨਰਕ, ਪਰਲੋ ਆਦਿ। ਇਹ ਸਭ ਵੇਖਿਆ, ਸੁਣਿਆ ਅਤੇ ਅਨੁਭਵ ਕੀਤਾ ਕਵੀ ਦੀ ਸਿਮ੍ਰਤੀ ਵਿਚ ਜਾ ਨਿਵਾਸ ਕਰਦਾ ਹੈ ਜਿਸ ਨੂੰ ਫਿਰ ਉਹ ਕਲਪਨਾ ਦੀ ਮਦਦ ਨਾਲ ਮੂਰਤੀਮਾਨ ਕਰਦਾ ਹੈ। ਡਾ. ਸੁਧਾ ਸਕਸੇਨਾ ਅਨੁਸਾਰ, "ਪ੍ਰਤੱਖ ਬਿੰਬਾਂ ਦਾ ਖੇਤਰ ਕਾਵਿ ਦੀ ਦ੍ਰਿਸ਼ਟੀ ਤੋਂ ਪ੍ਰੇਰਣਾ, ਅਨੁਭਵ ਅਤੇ ਭਾਵਨਾ ਦਾ ਖੇਤਰ ਹੈ। ਕਵੀ ਦੀ ਪ੍ਰੇਰਣਾ ਦਾ ਜਨਮ ਪ੍ਰਤੱਖ ਜੀਵਨ ਵਿਚੋਂ ਹੁੰਦਾ ਹੈ। ਕਵੀ ਨਾ ਉਸ ਨੂੰ ਸਿਮਰਤੀ ਵਿਚੋਂ ਪ੍ਰਾਪਤ ਕਰ ਸਕਦਾ ਹੈ ਅਤੇ ਨਾ ਹੀ ਕਲਪਨਾ ਦੁਆਰਾ ਉਸ ਦਾ ਸਿਰਜਣ ਕਰ ਸਕਦਾ ਹੈ। ਪ੍ਰੇਰਣਾ ਸਮੁੱਚੇ ਜੀਵਨ ਵਿਚੋਂ ਪ੍ਰਾਪਤ ਹੁੰਦੀ ਹੈ ਅਤੇ ਕਾਵਿ ਦਾ ਉਹ ਤੱਤ ਹੈ ਜਿਸ ਦੇ ਆਧਾਰ ਉੱਤੇ ਕਾਵਿ ਦੇ ਹੋਰ ਕਾਰੋਬਾਰ ਕ੍ਰਿਆਸ਼ੀਲ ਹੁਦੇ ਹਨ।"[86] ਸੋ ਬਿੰਬ-ਰਚਨਾ ਜਾਂ ਕਾਵਿ-ਰਚਨਾ ਦੀ ਪ੍ਰੇਰਣਾ ਦਾ ਸ੍ਰੋਤ ਪ੍ਰਤੱਖ ਰੂਪ ਵਿਧਾਨ ਹੁੰਦਾ ਹੈ। ਪ੍ਰੇਰਣਾ ਤੋਂ ਬਿਨਾ ਬਿੰਬ ਨਿਰਮਾਣ ਦਾ ਕਾਰਜ ਸੰਭਵ ਨਹੀਂ। ਏਸੇ ਤਰ੍ਹਾਂ ਬਿੰਬ ਦਾ ਇਕ ਹੋਰ ਜ਼ਰੂਰੀ ਤੱਤ ਅਨੁਭਵ ਵੀ ਕਵੀ ਨੂੰ ਪ੍ਰਤੱਖ ਰੂਪ ਵਿਧਾਨ ਵਿਚੋਂ ਹੀ ਪ੍ਰਾਪਤ ਹੁੰਦਾ ਹੈ। ਕਵੀ ਆਪਣੇ ਜੀਵਨ ਤੇ ਗੋਚਰ ਜਗਤ ਵਿਚੋਂ ਗ੍ਰਹਿਣ ਕੀਤੇ ਅਨੁਭਵ ਦੀ ਅਭਿਵਿਅਕਤੀ ਹੀ ਆਪਣੀ ਕਵਿਤਾ ਵਿਚ ਕਰਦਾ ਹੈ ਜੋ ਵੰਨ ਸੁਵੰਨੇ ਬਿੰਬਾਂ ਰਾਹੀਂ ਪ੍ਰਗਟ ਹੁੰਦੀ ਹੈ। ਬਿੰਬ ਦੇ ਹੋਰ ਬੁਨਿਆਦੀ ਤੱਤ ਭਾਵ ਜਾਂ ਭਾਵਨਾ ਦਾ ਸੰਬੰਧ ਵੀ ਪ੍ਰਤੱਖ ਰੂਪ ਵਿਧਾਨ ਨਾਲ ਹੈ। ਪ੍ਰਤੱਖ ਜੀਵਨ ਤੋਂ ਕਵੀ ਜਿਥੇ ਪ੍ਰੇਰਣਾ ਤੇ ਅਨੁਭਵ ਪ੍ਰਾਪਤ ਕਰਦਾ ਹੈ ਉਥੇ ਪ੍ਰਤੱਖ ਰੂਪ ਵਿਧਾਨ ਹੀ ਕਵੀ ਦੇ ਭਾਵਾਂ ਨੂੰ ਜਾਗ੍ਰਿਤ ਕਰਦਾ ਹੈ। ਇਸ ਤਰ੍ਹਾਂ ਪ੍ਰਤੱਖ ਰੂਪ ਵਿਧਾਨ ਬਿੰਬ ਸਿਰਜਣਾ ਦਾ ਪਹਿਲਾ ਪੜਾ ਹੈ।



Marfat.com

ਬਿੰਬ-ਰਚਨਾ ਦਾ ਅਗਲਾ ਪੜਾ ਸਿਮਰਤ ਰੂਪ ਵਿਧਾਨ ਹੈ। ਜਾਰਜ ਵੇਲ਼ੀ ਦਾ ਕਥਨ ਹੈ ਕਿ ਬਿੰਬ ਦੀ ਸਿਰਜਣ ਪ੍ਰਕ੍ਰਿਆ ਵਿਚ ਸਿਮਰਤੀ ਕੇਂਦਰੀ ਧੁਰਾ ਹੈ ਤੇ ਸਿਮਰਤੀ ਤੋਂ ਬਿਨਾ ਕੋਈ ਕਾਵਿ ਸਿਰਜਣਾ ਹੋ ਹੀ ਨਹੀਂ ਸਕਦੀ।[87] ਆਈ. ਏ. ਰਿਚਰਡਜ਼ ਦਾ ਕਥਨ ਹੈ ਕਿ, "ਕੋਈ ਵੀ ਮਾਨਸਿਕ ਪ੍ਰਕ੍ਰਿਆ ਨਹੀਂ ਜਿਸ ਵਿਚ ਸਿਮਰਤੀ ਦਾ ਯੋਗਦਾਨ ਨਾ ਹੋਵੇ।"[88] ਕੋਈ ਕਵੀ ਜਿਨ੍ਹਾਂ ਵਸਤਾਂ ਨੂੰ ਵੇਖਣ, ਸੁਣਨ ਜਾਂ ਕਿਸੇ ਵੀ ਹੋਰ ਢੰਗ ਨਾਲ ਅਨੁਭਵ ਕਰਦਾ ਹੈ ਉਹ ਸਭ ਉਸ ਦੀ ਸਿਮਰਤੀ ਵਿਚ ਸਮਾ ਜਾਂਦੀਆਂ ਹਨ ਅਤੇ ਸਮਾਂ ਆਉਣ ਤੇ ਕਵੀ ਦੀ ਕਲਪਨਾ ਦੀ ਮਦਦ ਨਾਲ ਉਹ ਕਾਵਿ-ਬਿੰਬਾਂ ਦਾ ਰੂਪ ਗ੍ਰਹਿਣ ਕਰ ਜਾਂਦੀਆਂ ਹਨ। ਸੋ ਸਿਮਰਤੀ, ਕਵੀ ਦੇ ਪ੍ਰਤੱਖ ਰੂਪ ਵਿਧਾਨ ਵਿਚੋਂ ਗ੍ਰਹਿਣ ਕੀਤੇ ਅਨੁਭਵ ਦਾ ਅਮੁੱਕ ਭੰਡਾਰ ਹੈ ਜੋ ਕਾਵਿ ਰਚਨਾ ਸਮੇਂ ਬਿੰਬਾਂ ਦੇ ਰੂਪ ਵਿਚ ਉਜਾਗਰ ਹੁੰਦਾ ਹੈ।

ਕਲਪਿਤ ਰੂਪ ਵਿਧਾਨ ਬਿੰਬ-ਸਿਰਜਣਾ ਦਾ ਆਖਰੀ ਪੜਾ ਹੈ। ਇਹ ਉਹ ਪੜਾ ਹੈ ਜਿਥੇ ਪ੍ਰਤੱਖ ਰੂਪ ਵਿਧਾਨ ਵਿਚੋਂ ਗ੍ਰਹਿਣ ਕੀਤੇ ਅਨੁਭਵ ਦਾ ਸਿਮਰਤ ਰੂਪ, ਕਲਪਨਾ ਦੁਆਰਾ ਆਕਾਰ ਗ੍ਰਹਿਣ ਕਰਕੇ ਸ਼ਬਦ-ਚਿਤ੍ਰਾਂ ਜਾਂ ਬਿੰਬਾਂ ਦਾ ਰੂਪ ਧਾਰਨ ਕਰਦਾ ਹੋਇਆ ਕਵਿਤਾ ਵਿਚ ਪ੍ਰਯੁਕਤ ਹੁੰਦਾ ਹੈ। ਇਸ ਤਰ੍ਹਾਂ ਅਸਲ ਵਿਚ ਕਲਪਨਾ ਹੀ ਬਿੰਬਾਂ ਦੀ ਰਚਨਾ ਕਰਨ ਵਾਲੀ ਚਿਤ੍ਰਣ-ਸ਼ਕਤੀ ਹੈ। ਏਸੇ ਲਈ ਹੀ ਕਵੀ ਵਿਚ ਕਲਪਨਾ-ਸ਼ਕਤੀ ਦਾ ਹੋਣਾ ਜ਼ਰੂਰੀ ਮੰਨਿਆ ਗਿਆ ਹੈ। ਪਰ ਯਾਦ ਰੱਖਣ ਵਾਲੀ ਗਲ ਹੈ ਕਿ ਕੋਈ ਬਿੰਬ ਨਿਰੋਲ ਕਲਪਨਾ ਦੇ ਸਹਾਰੇ ਹੋਂਦ ਵਿਚ ਨਹੀਂ ਆ ਸਕਦਾ। ਬਿੰਬ ਨੂੰ ਅੰਤਿਮ ਰੂਪ ਧਾਰਨ ਕਰਨ ਲਈ ਪ੍ਰਤੱਖ ਅਤੇ ਸਿਮਰਤ ਰੂਪ ਦੇ ਪਹਿਲੇ ਦੋ ਪੜਾਵਾਂ ਵਿਚੋਂ ਜ਼ਰੂਰ ਲੰਘਣਾ ਪੈਂਦਾ ਹੈ। ਇਸ ਪ੍ਰਸੰਗ ਵਿਚ ਸਪੇਂਡਰ ਦਾ ਕਥਨ ਬਹੁਤ ਹੀ ਢੁੱਕਵਾਂ ਹੈ। ਉਸ ਅਨੁਸਾਰ, "ਸ਼ਾਇਦ ਇਹ ਕਹਿਣਾ ਸੱਚ ਹੀ ਹੈ ਕਿ ਸਿਮਰਤੀ ਕਵਿਤਾ ਦਾ ਖੇਤਰ ਹੈ ਕਿਉਂਕਿ ਕਲਪਨਾ ਆਪਣੇ ਆਪ ਵਿਚ ਸਿਮਰਤੀ ਦਾ ਹੀ ਅਭਿਆਸ ਹੈ। ਅਸੀਂ ਕਿਸੇ ਅਜਿਹੀ ਵਸਤੂ ਦੀ ਕਲਪਨਾ ਨਹੀਂ ਕਰ ਸਕਦੇ ਜਿਸ ਨੂੰ ਪਹਿਲਾਂ ਅਸੀਂ ਨਾ ਜਾਣਦੇ ਹੋਈਏ। ਸਾਡੀ ਕਲਪਨਾ ਸ਼ਕਤੀ ਉਨ੍ਹਾਂ ਵਸਤਾਂ, ਜਿਨ੍ਹਾਂ ਦਾ ਅਨੁਭਵ ਅਸੀਂ ਪਹਿਲਾਂ ਗ੍ਰਹਿਣ ਕਰ ਚੁੱਕੇ ਹੁੰਦੇ ਹਾਂ, ਨੂੰ ਯਾਦ ਕਰਨ ਅਤੇ ਕਿਸੇ ਹੋਰ ਸਥਿਤੀ ਦੇ ਢੁਕਾਉਣ ਦੀ ਹੀ ਯੋਗਤਾ ਹੈ"।[89]

ਉਪਰੋਕਤ ਚਰਚਾ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਬਿੰਬ ਦੀ ਸਿਰਜਣ ਪ੍ਰਕ੍ਰਿਆ ਵਿਚ ਪ੍ਰਤੱਖ ਰੂਪ ਵਿਧਾਨ, ਸਿਮਰਤ ਰੂਪ ਵਿਧਾਨ ਅਤੇ ਕਲਪਿਤ ਰੂਪ ਵਿਧਾਨ ਤਿੰਨ ਵੱਖ ਵੱਖ ਪੜਾ ਹਨ। ਤਿੰਨਾਂ ਦਾ ਆਪਣਾ ਆਪਣਾ ਮਹੱਤਵ ਤੇ ਯੋਗਦਾਨ ਹੈ। ਪ੍ਰਤੱਖ ਅਤੇ ਸਿਮਰਤ ਰੂਪ ਵਿਧਾਨ ਕਾਵਿ-ਬਿੰਬ ਦੀ ਰਚਨਾ ਪ੍ਰਕ੍ਰਿਆ ਦੇ ਮੁੱਢਲੇ ਦੋ ਪੜਾ ਹਨ ਅਤੇ ਕਲਪਿਤ ਰੂਪ ਵਿਧਾਨ ਬਿੰਬ ਨੂੰ ਆਖ਼ਰੀ ਛੋਹ ਦੇ ਕੇ ਇਸ ਨੂੰ ਕਾਵਿ ਵਿਚ ਪ੍ਰਯੁਕਤ ਕਰਨ ਦਾ ਆਖ਼ਰੀ ਤੇ ਸਭ ਤੋਂ ਮਹੱਤਵਪੂਰਣ ਕਾਰਜ ਕਰਦਾ ਹੈ।

## 6. ਕਾਵਿ-ਬਿੰਬ ਅਤੇ ਹੋਰ ਕਾਵਿ-ਤੱਤ

ਕਾਵਿ-ਬਿੰਬ ਅਤੇ ਕਵਿਤਾ ਦੇ ਹੋਰ ਤੱਤਾਂ ਦੇ ਅੰਤਰ-ਸੰਬੰਧਾਂ ਉਪਰ ਵਿਚਾਰ ਕਰਦਿਆਂ ਉਪਮਾ, ਰੂਪਕ, ਪ੍ਰਤੀਕ, ਦ੍ਰਿਸ਼ਟਾਂਤ ਆਦਿ ਉਪਰ ਸਾਡਾ ਧਿਆਨ ਵਿਸ਼ੇਸ਼ ਤੌਰ



Marfat.com

ਤੇ ਜਾਂਦਾ ਹੈ। ਕਾਵਿ-ਸ਼ੈਲੀ ਦੇ ਇਹ ਮਹੱਤਵਪੂਰਨ ਤੱਤ ਵੀ ਬਿੰਬ ਵਾਂਗ ਹੀ ਕਾਵਿ-ਅਭਿਵਿਅਕਤੀ ਦੇ ਪ੍ਰਭਾਵਸ਼ਾਲੀ ਮਾਧਿਅਮ ਹਨ ਤੇ ਕਾਵਿ ਨੂੰ ਸੁਹਜ ਪ੍ਰਦਾਨ ਕਰਦੇ ਹਨ। ਬਿੰਬਾਵਲੀ ਦਾ ਮਾਧਿਅਮ ਹੋਣ ਕਰ ਕੇ ਉਪਮਾ, ਰੂਪਕ, ਦ੍ਰਿਸ਼ਟਾਂਤ ਆਦਿ ਬਿੰਬ ਦਾ ਇਕ ਭਾਗ ਤਾਂ ਪ੍ਰਵਾਨ ਕੀਤੇ ਜਾ ਸਕਦੇ ਹਨ ਪਰ ਇਨ੍ਹਾਂ ਨੂੰ ਸੰਪੂਰਣ ਬਿੰਬ ਨਹੀਂ ਆਖਿਆ ਜਾ ਸਕਦਾ ਕਿਉਂਕਿ ਬਿੰਬ ਦੀ ਦੁਨੀਆਂ ਇਨ੍ਹਾਂ ਤੋਂ ਬਹੁਤ ਵਿਸ਼ਾਲ ਹੈ।

ਬਿੰਬ ਦਾ ਪ੍ਰਤੀਕ ਨਾਲ ਬਹੁਤ ਨਿਕਟ-ਵਰਤੀ ਤੇ ਜ਼ਾਹਿਰਾ ਸੰਬੰਧ ਹੈ। ਏਸੇ ਕਰ ਕੇ ਇਹ ਕਈ ਵਾਰ ਬਿਲਕੁਲ ਇਕ ਸਮਾਨ ਜਾਪਦੇ ਹਨ। ਪਰ ਇਨ੍ਹਾਂ ਦੋਹਾਂ ਵਿਚਕਾਰ ਇਕ ਸੂਖ਼ਮ ਜਿਹਾ ਅੰਤਰ ਜ਼ਰੂਰ ਹੁੰਦਾ ਹੈ। ਬਿੰਬ ਅਤੇ ਪ੍ਰਤੀਕ ਵਿਚ ਅੰਤਰ ਅਤੇ ਇਨ੍ਹਾਂ ਦੋਹਾਂ ਦੇ ਅੰਤਰ-ਸੰਬੰਧਾਂ ਉਪਰ ਵਿਚਾਰ ਕਰਨ ਤੋਂ ਪਹਿਲਾਂ ਸੰਖੇਪ ਵਿਚ ਪ੍ਰਤੀਕ ਦੇ ਸਰੂਪ ਨੂੰ ਸਮਝਣਾ ਜ਼ਰੂਰੀ ਹੈ।

## ੳ) ਪ੍ਰਤੀਕ

'ਵੈਬਸਟਰ ਕੋਸ਼' ਅਨੁਸਾਰ, "ਪ੍ਰਤੀਕ ਉਹ ਸ਼ਬਦ ਹੈ ਜਿਹੜਾ ਕਿਸੇ ਸੰਪਰਕ, ਸਾਂਝ, ਪਰੰਪਰਾ ਜਾਂ ਕਿਸੇ ਘਟਨਾ ਦੇ ਕਹਿਣ ਬਿਨਾਂ ਗਿਆਤ ਸਮਾਨਤਾ ਤੋਂ ਕਿਸੇ ਵਸਤੂ ਦਾ ਸੁਝਾਉ ਦੇਂਦਾ ਹੈ। ਵਿਸ਼ੇਸ਼ ਤੌਰ ਤੇ ਕਿਸੇ ਅਦ੍ਰਿਸ਼ਟ ਵਸਤੂ ਦਾ ਦ੍ਰਿਸ਼ਟਮਾਨ ਚਿੰਨ੍ਹ, ਕੋਈ, ਵਿਚਾਰ, ਗੁਣ, ਸਮੁੱਚਾਪਣ ਜਿਵੇਂ ਰਾਜ, ਚਰਚ ਆਦਿ, ਜਿਵੇਂ ਸ਼ੇਰ ਹੌਂਸਲੇ ਦਾ ਪ੍ਰਤੀਕ ਹੈ ਅਤੇ ਕਰਾਸ ਈਸਾਈ ਮਤ ਦਾ"।[80] 'ਐਨਸਾਈਕਲੋਪੀਡੀਆ ਆਫ ਰਿਲੀਜਨ ਐਂਡ ਏਥਿਕਸ' ਅਨੁਸਾਰ, "ਪ੍ਰਤੀਕ ਕਿਸੇ ਵਿਚਾਰ, ਭਾਵ ਜਾਂ ਅਨੁਭਵ ਦਾ ਵੇਖਣ ਯੋਗ ਜਾਂ ਸੁਣਨ-ਯੋਗ ਚਿੰਨ੍ਹ ਜਾਂ ਨਿਸ਼ਾਨੀ ਹੈ ਜੋ ਉਸ ਤੱਥ ਦੀ ਵਿਆਖਿਆ ਕਰਦੀ ਹੈ ਜੋ ਅੰਤਹਕਰਣ ਦੇ ਖੇਤਰ ਵਿਚ ਹੋਣ ਕਰ ਕੇ ਮਨ ਅਤੇ ਕਲਪਨਾ ਦੁਆਰਾ ਹੀ ਗ੍ਰਹਿਣ ਕੀਤਾ ਜਾ ਸਕਦਾ"।[81]

ਭਾਰਤੀ ਵਿਦਵਾਨਾਂ ਨੇ ਵੀ ਪ੍ਰਤੀਕ ਦੇ ਸਰੂਪ ਨੂੰ ਨਿਰਧਾਰਿਤ ਕਰਨ ਲਈ ਸ਼ਲਾਘਾਯੋਗ ਉਪਰਾਲੇ ਕੀਤੇ ਹਨ। ਡਾ. ਸੁਧੇਂਦੂ ਅਨੁਸਾਰ, 'ਪ੍ਰਤੀਕ ਅਪ੍ਰਸਤੁਤ ਦੀ ਸਮਸਤ ਆਤਮਾ ਜਾਂ ਧਰਮ ਜਾਂ ਗੁਣ ਦਾ ਸਮਾਨ ਰੂਪ ਲੈ ਕੇ ਆਉਣ ਵਾਲੇ ਪ੍ਰਸਤੁਤ ਦਾ ਨਾਮ ਹੈ"।[82] ਗਿਰਿਜਾ ਮੋਹਨ ਨੇ ਵੀ ਪ੍ਰਤੀਕ ਦੇ ਸਰੂਪ ਨੂੰ ਸਮਝਾਉਣ ਲਈ ਇਸ ਦੀ ਬੜੀ ਸੁੰਦਰ ਵਿਆਖਿਆ ਕੀਤੀ ਹੈ। ਉਹ ਲਿਖਦਾ ਹੈ, "ਹਰ ਇਕ ਭਾਸ਼ਾ ਵਿਚ ਕੁਝ ਅਜਿਹੇ ਸ਼ਬਦ ਹੁੰਦੇ ਹਨ ਜਿਨ੍ਹਾਂ ਤੋਂ ਸਿਰਫ਼ ਬਾਹਰਲੇ ਅਰਥਾਂ ਦਾ ਹੀ ਬੋਧ ਨਹੀਂ ਹੁੰਦਾ ਸਗੋਂ ਉਸ ਸ਼ਬਦ ਦਾ ਉਚਾਰਣ ਕਰਦਿਆਂ ਹੀ ਸਾਡੀ ਸਿਮਰਤੀ ਸਾਹਮਣੇ ਇਕ ਰੇਖਾ ਜਿਹੀ ਆ ਜਾਂਦੀ ਹੈ।...ਕਦੇ ਕਦੇ ਅਜਿਹੇ ਸ਼ਬਦ ਵੀ ਪ੍ਰਯੁਕਤ ਹੁੰਦੇ ਹਨ ਜਿਨ੍ਹਾਂ ਪਿੱਛੇ ਇਕ ਸਾਂਸਕ੍ਰਿਤਿਕ ਪ੍ਰਿਸ਼ਠਭੂਮੀ ਹੁੰਦੀ ਹੈ ਅਥਵਾ ਕਲਪਿਤ ਸੱਚ ਦਾ ਆਧਾਰ ਹੁੰਦਾ ਹੈ। ਜਿਨ੍ਹਾਂ ਸ਼ਬਦਾਂ ਉੱਤੇ ਸਾਂਸਕ੍ਰਿਤਿਕ ਪ੍ਰਭਾਵ ਹੁੰਦਾ ਹੈ, ਉਹ ਸ਼ਬਦ ਠੀਕ ਹੀ ਪ੍ਰਤੀਕ ਦਾ ਕੰਮ ਕਰਦੇ ਹਨ"।[83] ਡਾ. ਰਾਜ ਕੁਮਾਰ ਵਰਮਾ ਅਨੁਸਾਰ, "ਜਿਸ ਤਰ੍ਹਾਂ ਸ਼ਹਿਦ ਦਾ ਇਕ ਤੁਬਕਾ ਹਜ਼ਾਰਾਂ ਫੁੱਲਾਂ ਦੇ ਰਸਾਂ ਤੇ ਖੁਸ਼ਬੂਆਂ ਦਾ ਇਕ ਸੰਗ੍ਰਹਿ ਰੂਪ ਹੈ, ਇਸੇ ਤਰ੍ਹਾਂ ਪ੍ਰਤੀਕ ਮਨੁੱਖ ਦੇ ਯਥਾਰਥ-ਜਗਤ ਦੇ ਅਨੇਕਾਂ ਕਾਰ-ਵਿਹਾਰਾਂ ਤੇ ਸੋਚਣੀਆਂ ਦਾ



Marfat.com

ਸੰਕਲਣ ਹੈ।"[94] ਡਾ. ਨਿਤਯਨੰਦ ਸ਼ਰਮਾ ਨੇ ਵੀ ਪ੍ਰਤੀਕ ਦੀ ਬੜੀ ਸੁੰਦਰ ਪਰਿਭਾਸ਼ਾ ਦਿੱਤੀ ਹੈ ਜੋ ਇਸ ਪ੍ਰਕਾਰ ਹੈ, "ਅਪ੍ਰਸਤੁਤ, ਅਗੋਚਰ ਅਥਵਾ ਅਮੂਰਤ ਦਾ ਪ੍ਰਤਿਨਿਧਤਵ ਕਰਨ ਵਾਲੇ ਉਸ ਗੋਚਰ ਵਿਧਾਨ-ਵਸਤੂ ਨੂੰ ਪ੍ਰਤੀਕ ਕਹਿੰਦੇ ਹਨ ਜੋ ਦੇਸ਼, ਕਾਲ ਅਤੇ ਸਾਂਸਕ੍ਰਿਤਿਕ ਮਾਨਤਾਵਾਂ ਦੇ ਕਾਰਣ ਸਾਡੇ ਮਨ ਵਿਚ ਚਿਰੋਕੇ ਮੇਲ-ਮਿਲਾਪ ਸਦਕਾ ਕਿਸੇ ਤਿੱਖੀ ਭਾਵਨਾ ਨੂੰ ਜਾਗ੍ਰਿਤ ਕਰਦਾ ਹੈ"।[95] ਡਾ. ਪ੍ਰੇਮ ਪ੍ਰਕਾਸ਼ ਸਿੰਘ ਨੇ ਪ੍ਰਤੀਕ ਦੀ ਪਰਿਭਾਸ਼ਾ ਇਸ ਪ੍ਰਕਾਰ ਕੀਤੀ ਹੈ. "ਪ੍ਰਤੀਕ ਅਗੋਚਰ (ਗੈਰ-ਹਾਜ਼ਰ, ਅਣਦਿਸਦਾ) ਪਦਾਰਥ ਜਾਂ ਭਾਵ ਦੀ ਪ੍ਰਤੀਨਿਧ ਉਹ ਸਗੋਚਰ ਤੇ ਚਿਰ-ਪਛਾਣੀ ਵਸਤੂ ਹੈ ਜਿਹੜੀ ਸਾਡੇ ਮਨਾਂ ਵਿਚ ਉਸ ਪਦਾਰਥ ਦੀ ਸੂਹਜ-ਸੂਰਤ ਤੁਰਤ-ਫੁਰਤ ਲਕੀਰ ਜਾਂਦੀ ਹੈ"।[96]

ਪ੍ਰਤੀਕ ਦੇ ਸਰੂਪ ਨੂੰ ਸਪਸ਼ਟ ਕਰਦਿਆਂ ਅਤੇ ਉਪਮਾਨ ਨਾਲ ਇਸ ਦੇ ਸੰਬੰਧ ਬਾਬਤ ਚਰਚਾ ਕਰਦਿਆਂ ਡਾ. ਨਗੇਂਦਰ ਨੇ ਲਿਖਿਆ ਹੈ ਕਿ ਪ੍ਰਤੀਕ ਇਕ ਪ੍ਰਕਾਰ ਰੂੜ੍ਹ ਉਪਮਾਨ ਦਾ ਹੀ ਦੂਜਾ ਨਾਂ ਹੈ। ਜਦ ਉਪਮਾਨ ਸੁਤੰਤਰ ਨਾ ਰਹਿ ਕੇ ਪਦਾਰਥ ਵਿਸ਼ੇਸ਼ ਲਈ ਰੂੜ੍ਹ ਹੋ ਜਾਂਦਾ ਹੈ ਤਾਂ ਉਹ ਪ੍ਰਤੀਕ ਬਣ ਜਾਂਦਾ ਹੈ। ਇਸ ਤਰ੍ਹਾਂ ਹਰ ਇਕ ਪ੍ਰਤੀਕ ਆਪਣੇ ਮੂਲ ਰੂਪ ਵਿਚ ਉਪਮਾਨ ਹੀ ਹੁੰਦਾ ਹੈ। ਪਰ ਹੌਲੀ ਹੌਲੀ ਉਸ ਦਾ ਬਿੰਬ-ਰੂਪ ਜਾਂ ਚਿੱਤਰ-ਰੂਪ ਸੰਚਰਣਸ਼ੀਲ ਨਾ ਰਹਿ ਕੇ ਸਥਿਤ ਜਾਂ ਅਚਲ ਹੋ ਜਾਂਦਾ ਹੈ। ਸੋ ਪ੍ਰਤੀਕ ਇਕ ਪ੍ਰਕਾਰ ਦਾ ਅਚੱਲ-ਬਿੰਬ ਹੈ ਜਿਸ ਦਾ ਫੈਲਾ ਸਿਮਟ ਕੇ ਆਪਣੇ ਅੰਦਰ ਹੀ ਬੰਦ ਰਹਿ ਜਾਂਦਾ ਹੈ।[97]

ਉਪਰੋਕਤ ਚਰਚਾ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਪ੍ਰਤੀਕ ਬਿੰਬ ਦਾ ਹੀ ਪ੍ਰੌੜ ਜਾਂ ਹੰਢਿਆ ਹੋਇਆ ਰੂਪ ਹੁੰਦਾ ਹੈ। ਲਗਾਤਾਰ ਵਰਤੋਂ ਵਿਚ ਆ ਕੇ ਕਈ ਬਿੰਬ ਇਕ ਨਿਸ਼ਚਿਤ ਅਰਥ ਧਾਰਨ ਕਰ ਲੈਂਦੇ ਹਨ। ਇਨ੍ਹਾਂ ਵਿਸ਼ੇਸ਼ ਅਰਥ-ਵਾਚਕ ਬਿੰਬਾਂ ਨੂੰ ਪ੍ਰਤੀਕ ਆਖਿਆ ਜਾਂਦਾ ਹੈ।

## ਅ) ਬਿੰਬ ਅਤੇ ਪ੍ਰਤੀਕ

ਬਿੰਬ ਅਤੇ ਪ੍ਰਤੀਕ ਕਾਵਿ-ਅਭਿਵਿਅਕਤੀ ਵਿਚ ਕਿਸੇ ਹੱਦ ਤੱਕ ਇਕ-ਸਮਾਨ ਹੀ ਦਿਖਾਈ ਦਿੰਦੇ ਹਨ ਪਰ ਇਨ੍ਹਾਂ ਦੋਹਾਂ ਵਿਚ ਸਮਾਨਤਾ ਹੁੰਦਿਆਂ ਹੋਇਆਂ ਵੀ ਕੁਝ ਅੰਤਰ ਹੈ। ਹੁਣ ਅਸੀਂ ਇਨ੍ਹਾਂ ਦੀ ਸਮਾਨਤਾ ਅਤੇ ਅੰਤਰ ਨੂੰ ਮੁੱਖ ਰੱਖਦਿਆਂ ਇਨ੍ਹਾਂ ਦੇ ਅੰਤਰ-ਸੰਬੰਧਾਂ ਬਾਰੇ ਚਰਚਾ ਕਰਾਂਗੇ।

ਵੇਲੇਕ ਤੇ ਵਾਰਨ ਨੇ ਕਿਹਾ ਹੈ, "ਬਿੰਬ ਰੂਪਕ ਦੇ ਤੌਰ ਤੇ ਕਵਿਤਾ ਵਿਚ ਪ੍ਰਯੁਕਤ ਹੁੰਦਾ ਹੈ ਪਰ ਉਸ ਦੀ ਨਿਰੰਤਰ ਵਰਤੋਂ ਕਾਰਣ ਉਹ ਪ੍ਰਤੀਕ ਦਾ ਰੂਪ ਧਾਰਨ ਕਰ ਲੈਂਦਾ ਹੈ"।[98] ਸਪਸ਼ਟ ਹੈ ਕਿ ਕਈ ਬਿੰਬ ਇਹੋ ਜਿਹੇ ਹੁੰਦੇ ਹਨ ਜੋ ਕਵਿਤਾ ਵਿਚ ਇਕੋ ਹੀ ਅਰਥਾਂ ਵਿਚ ਵਾਰ ਵਾਰ ਪ੍ਰਯੁਕਤ ਹੋਣ ਕਰ ਕੇ ਨਿਸ਼ਚਿਤ ਅਰਥ ਧਾਰਨ ਕਰ ਲੈਂਦੇ ਹਨ। ਇਨ੍ਹਾਂ ਬਿੰਬਾਂ ਨੂੰ ਪ੍ਰਤੀਕ ਦਾ ਦਰਜਾ ਦੇ ਦਿੱਤਾ ਜਾਂਦਾ ਹੈ। ਉਦਾਹਰਣ ਵਜੋਂ ਪੰਜਾਬੀ ਕਵਿਤਾ ਵਿਚ ਹੰਸ, ਬਗਲਾ, ਪੇਕਾ ਘਰ, ਸਹੁਰਾ ਘਰ ਆਦਿ ਆਪਣੇ ਮੂਲ ਰੂਪ ਵਿਚ ਤਾਂ ਬਿੰਬ ਹੀ ਹਨ ਪਰ ਇਹ ਸ਼ਬਦ ਲਗਾਤਾਰ ਇਕੋ ਅਰਥਾਂ (ਗੁਰਮੁਖ, ਮਨਮੁਖ, ਲੋਕ,



Marfat.com

ਪਰਲੋਕ) ਲਈ ਹੀ ਵਰਤੀਂਦੇ ਰਹਿਣ ਕਰ ਕੇ ਪ੍ਰਤੀਕ ਜਾਂ ਪ੍ਰਤੀਕਾਤਮਕ ਢਾਂਚੇ ਦਾ ਅੰਗ ਬਣ ਗਏ ਹਨ। ਪਰ ਨਾਲ ਹੀ ਇਹ ਪ੍ਰਤੀਕ ਆਪਣੇ ਸੰਵੇਦਨਾਤਮਕ ਗੁਣਾਂ ਕਰ ਕੇ ਬਿੰਬ-ਸਿਰਜਣਾ ਦਾ ਮਾਧਿਅਮ ਵੀ ਬਣੇ ਹਨ; ਅਤੇ ਇਸ ਕਰ ਕੇ ਇਹ ਬਿੰਬ-ਯੋਜਨਾ ਵਿਚ ਵੀ ਸ਼ਾਮਿਲ ਹਨ। ਸਪਸ਼ਟ ਹੈ ਕਿ ਬਿੰਬ ਤੇ ਪ੍ਰਤੀਕ ਵਿਚ ਅੰਤਰ-ਰੇਖਾ ਖਿੱਚਣੀ ਕਠਿਨ ਹੈ। ਪਰ ਕਿਉਂਕਿ ਅਸੀਂ ਦੋਹਾਂ ਵਿਚ ਅੰਤਰ ਮੰਨਿਆ ਹੈ ਇਸ ਲਈ ਇਹ ਰੇਖਾ ਖਿੱਚਣੀ ਹੀ ਪਵੇਗੀ ਤੇ ਖਿੱਚੀ ਜਾ ਸਕਦੀ ਹੈ। ਉਪਰ ਅਸੀਂ ਪ੍ਰਤੀਕ ਦੀ 'ਨਿਸ਼ਚਿਤ ਅਰਥਾਂ' ਵਿਚ ਵਰਤੋਂ ਦੀ ਗੱਲ ਕੀਤੀ ਹੈ ਜੋ ਇਕ ਬਿੰਬ ਲਈ ਜ਼ਰੂਰੀ ਨਹੀਂ। ਸੋ ਅਰਥ-ਗ੍ਰਹਿਣ ਵਿਚ ਦੋਹਾਂ ਵਿਚ ਅੰਤਰ ਹੈ ਕਿਉਂਕਿ ਆਪਣੇ ਨਿਸ਼ਚਿਤ ਅਰਥ ਤੋਂ ਸੁਤੰਤਰ ਕੋਈ ਪ੍ਰਤੀਕ ਸਾਰਥਕ ਨਹੀਂ ਹੋ ਸਕਦਾ। ਪ੍ਰਤੀਕ ਜਦ ਵੀ ਕੋਈ ਅਰਥ ਗ੍ਰਹਿਣ ਕਰਦਾ ਹੈ ਤਾਂ ਉਸ ਨੂੰ ਪਰੰਪਰਾ, ਇਤਿਹਾਸ, ਸਮਾਜ, ਸਾਂਸਕ੍ਰਿਤੀ ਦੀ ਪਰਵਾਨਗੀ ਨਾਲ ਬੱਝਣਾ ਪੈਂਦਾ ਹੈ ਪਰ ਕਾਵਿ-ਬਿੰਬ ਨੂੰ ਇਸ ਪ੍ਰਵਾਨਗੀ ਦੀ ਲੋੜ ਨਹੀਂ, ਉਹ ਆਪਣੇ ਅਰਥ-ਗ੍ਰਹਿਣ ਵਿਚ ਪੂਰੀ ਤਰ੍ਹਾਂ ਸੁਤੰਤਰ ਹੁੰਦਾ ਹੈ।

ਬਿੰਬ ਅਤੇ ਪ੍ਰਤੀਕ ਵਿਚ ਕਾਰਜ-ਯੋਗਤਾ ਦੇ ਪੱਖੋਂ ਵੀ ਫਰਕ ਹੈ। ਪ੍ਰਤੀਕ ਦਾ ਕਾਰਜ ਭਾਵਾਂ ਤੇ ਵਿਚਾਰਾਂ ਨੂੰ ਪ੍ਰਤੀਨਿਧਤਾ ਦੇਣਾ ਹੈ ਪਰ ਬਿੰਬ ਦਾ ਕਾਰਜ ਭਾਵਾਂ ਤੇ ਵਿਚਾਰਾਂ ਦੀ ਅਭਿਵਿਅਕਤੀ ਦੇ ਨਾਲ ਨਾਲ ਉਨ੍ਹਾਂ ਨੂੰ ਮੂਰਤ ਰੂਪ ਦੇਣਾ ਹੈ। ਪ੍ਰਤੀਕ ਦਾ ਪ੍ਰਯੋਗ ਕਿਸੇ ਭਾਵ ਜਾਂ ਵਿਚਾਰ ਨੂੰ ਸਮੂਰਤ ਕਰਨ ਲਈ ਨਹੀਂ ਕੀਤਾ ਜਾਂਦਾ ਸਗੋਂ ਉਹ ਕਿਸੇ ਭਾਵ ਜਾਂ ਵਿਚਾਰ ਵਿਸ਼ੇਸ਼ ਦੀ ਪ੍ਰਤੀਨਿਧਤਾ ਕਰਦਾ ਹੈ ਜਾਂ ਉਸ ਦਾ ਕੇਵਲ ਸੰਕੇਤ ਮਾਤਰ ਹੁੰਦਾ ਹੈ। ਇਸ ਪ੍ਰਸੰਗ ਵਿਚ ਡਾ. ਜਗਦੀਸ਼ ਗੁਪਤ ਨੇ ਕਿਹਾ ਹੈ ਕਿ ਬਿੰਬ ਦਾ ਮੁੱਖ ਕਾਰਜ ਅਨੁਭਵ ਕੀਤੀ ਵਸਤੂ ਦੀ ਚਿਤ੍ਰਾਤਮਕ ਪੇਸ਼ਕਾਰੀ ਹੈ ਅਤੇ ਪ੍ਰਤੀਕ ਦੀ ਸਾਰਥਕਤਾ ਕਿਸੇ ਵਿਚਾਰ ਜਾਂ ਵਸਤੂ ਦੇ ਪ੍ਰਤਿਨਿਧਤਵ ਵਿਚ ਸਵੀਕਾਰ ਕੀਤੀ ਜਾਂਦੀ ਹੈ।[99]

ਪ੍ਰਤੀਕ ਜਾਤੀ ਚੇਤਨਾ ਤੇ ਆਧਾਰਿਤ ਹੁੰਦਾ ਹੈ ਪਰ ਬਿੰਬ ਦਾ ਆਧਾਰ ਵਿਅਕਤੀ-ਚੇਤਨਾ ਹੈ। ਕਿਸੇ ਕਵੀ ਦੀ ਬਿੰਬ-ਸਿਰਜਣਾ ਦਾ ਆਧਾਰ ਉਸ ਦਾ ਵਿਅਕਤੀਗਤ ਅਨੁਭਵ ਹੁੰਦਾ ਹੈ। ਕਵੀ ਕਿਸੇ ਅਨੁਭਵ ਨੂੰ ਆਪਣੇ ਮਨ ਦੀ ਵਿਸ਼ੇਸ਼ ਸਥਿਤੀ ਅਨੁਸਾਰ ਆਪਣੀ ਕਲਪਨਾ ਦੀ ਛੋਹ ਨਾਲ ਚਿਤ੍ਰ ਕੇ ਰੂਪਮਾਨ ਕਰਦਾ ਹੈ। ਸੋ ਬਿੰਬ ਦੀ ਸਿਰਜਣਾ ਕਰਨ ਵੇਲੇ ਕਵੀ ਕਿਸੇ ਵਸਤੂ ਨੂੰ ਜਿਵੇਂ ਵੇਖਦਾ ਜਾਂ ਜਾਣਦਾ ਹੈ ਉਸ ਨੂੰ ਆਪਣੀ ਕਾਵਿ-ਪ੍ਰਤਿਭਾ ਮੁਤਾਬਿਕ ਉਸੇ ਤਰ੍ਹਾਂ ਵਿਅਕਤ ਕਰ ਦਿੰਦਾ ਹੈ ਅਤੇ ਹਰ ਪਾਠਕ ਆਪਣੀ ਸੂਝ ਤੇ ਸਮਰਥਾ ਮੁਤਾਬਿਕ ਉਸ ਦਾ ਅਰਥ ਗ੍ਰਹਿਣ ਕਰ ਲੈਂਦਾ ਹੈ ਪਰ ਇਸ ਦੇ ਉਲਟ ਪ੍ਰਤੀਕ ਕਿਸੇ ਦੇਸ਼, ਜਾਤੀ ਜਾਂ ਸੰਸਕ੍ਰਿਤੀ ਤੇ ਚੇਤਨਾ-ਪ੍ਰਵਾਹ ਵਿਚੋਂ ਪੈਦਾ ਹੋਇਆ ਹੁੰਦਾ ਹੈ ਤੇ ਸਮੁੱਚੇ ਦੇਸ਼ ਜਾਂ ਜਾਤੀ ਲਈ ਉਸ ਦੇ ਇਕੋ ਅਰਥ ਹੀ ਨਿਸ਼ਚਿਤ ਹੁੰਦੇ ਹਨ।

ਬਿੰਬ ਆਮ ਕਰਕੇ ਕਿਸੇ ਪ੍ਰਸੰਗ ਵਿਚ ਹੀ ਮੁਕੰਮਲ ਅਰਥ ਗ੍ਰਹਿਣ ਕਰਦਾ ਹੈ। "ਪ੍ਰਸੰਗ ਤੋਂ ਬਾਹਰ ਤਾਂ ਬਿੰਬ, ਅੱਧਾ ਬਿੰਬ ਹੁੰਦਾ ਹੈ"।[100] ਪਰ ਪ੍ਰਤੀਕ ਨੂੰ ਜੇਕਰ ਉਸ ਦੇ ਪ੍ਰਸੰਗ ਤੋਂ ਅਲੱਗ ਵੀ ਕਰ ਲਿਆ ਜਾਵੇ ਤਾਂ ਵੀ ਉਹ ਆਪਣੇ ਅਰਥ ਕਾਇਮ ਰੱਖਦਾ ਹੈ। ਸੋ ਪ੍ਰਤੀਕ ਦਾ ਗ੍ਰਹਿਣ ਉਸ ਦੇ ਪ੍ਰਸੰਗ ਤੋਂ ਅਲੱਗ ਅਰਥਾਤ ਇਕਾਂਤ ਰੂਪ



Marfat.com

ਵਿਚ ਵੀ ਸੰਭਵ ਹੋ ਸਕਦਾ ਹੈ ਪਰ ਬਿੰਬ ਦਾ ਅਰਥ-ਸੰਚਾਰਣ ਉਸ ਦੇ ਪੂਰੇ ਪੂਰੇ ਪ੍ਰਸੰਗ ਤੋਂ ਬਿਨਾਂ ਸੰਭਵ ਨਹੀਂ। ਇਸ ਤਰ੍ਹਾਂ ਬਿੰਬ ਵਿਚ ਜੀਵਨ ਤੇ ਜਗਤ ਦੀ ਅਨੇਕਤਾ ਹੁੰਦਾ ਹੈ ਜਦ ਕਿ ਪ੍ਰਤੀਕ ਵਿਚ ਏਕਤਾ। ਲੀਵਿਸ ਅਨੁਸਾਰ, "ਇਕ ਸੂਖਮ ਬਿੰਬ ਪ੍ਰਤੀਕ ਤੋਂ ਉਲਟ ਹੁੰਦਾ ਹੈ। ਪ੍ਰਤੀਕ ਸੰਕੇਤਕ ਹੁੰਦਾ ਹੈ ਤੇ ਇਕੋ ਵਸਤੂ ਦਾ ਬੋਧ ਕਰਵਾਉਂਦਾ ਹੈ ਜਿਵੇਂ '1' ਹਿੰਦਸਾ ਇਕ ਇਕਾਈ ਨੂੰ ਪ੍ਰਗਟ ਕਰਦਾ ਹੈ.. ਪਰ ਕਵਿਤਾ ਵਿਚ ਬਿੰਬ ਭਾਵਕ ਤਰੰਗਾਂ ਰਾਹੀਂ ਪ੍ਰਭਾਵਿਤ ਹੁੰਦੇ ਹਨ ਤੇ ਉਨ੍ਹਾਂ ਪ੍ਰਤਿ ਹਰ ਪਾਠਕ ਦਾ ਪ੍ਰਤਿਕਰਮ ਉਸ ਦੇ ਨਿਜੀ ਅਨੁਭਵ ਅਨੁਸਾਰ ਭਿੰਨ ਹੋ ਸਕਦਾ ਹੈ"।[101]

ਪ੍ਰਤੀਕ ਮੂਰਤ ਵੀ ਹੋ ਸਕਦਾ ਹੈ ਅਤੇ ਅਮੂਰਤ ਵੀ। ਪਰ ਬਿੰਬ ਲਈ ਮਨੁੱਖੀ ਗਿਆਨ ਇੰਦਰੀ ਦੇ ਕਿਸੇ ਵੀ ਸਤਰ ਉੱਤੇ ਮੂਰਤ ਹੋਣਾ ਜ਼ਰੂਰੀ ਹੈ। ਬਿੰਬ ਜਿੰਨਾ ਚਿਰ ਪਾਠਕ ਦੇ ਮਨ ਵਿਚ ਇੰਦਰਿਆਵੀ ਬੋਧ ਨਾ ਉਜਾਗਰ ਕਰੇ, ਬਿੰਬ ਨਹੀਂ ਅਖਵਾ ਸਕਦਾ ਪਰ ਪ੍ਰਤੀਕ ਲਈ ਇਹ ਕੋਈ ਜ਼ਰੂਰੀ ਸ਼ਰਤ ਨਹੀਂ।

ਪ੍ਰਤੀਕ ਵਿਚ ਵੀ ਕਾਵਿ-ਬਿੰਬ ਦੀ ਤਰ੍ਹਾਂ ਰੂਪ, ਰਸ, ਸਪਰਸ਼, ਗੰਧ ਆਦਿ ਇੰਦਰਿਆਵੀ ਗੁਣ ਹੋ ਸਕਦੇ ਹਨ ਪਰ ਇਸ ਦਾ ਪ੍ਰਯੋਗ ਭਾਵਾਂ ਜਾਂ ਵਿਚਾਰਾਂ ਨੂੰ ਸਮੂਰਤ ਕਰਨ ਲਈ ਨਹੀਂ ਕੀਤਾ ਜਾਂਦਾ ਸਗੋਂ ਸਥੂਲ ਜਾਂ ਮੂਰਤ ਵਸਤਾਂ ਨੂੰ ਮਾਨਸਿਕ ਗੁਣਾਂ ਜਾਂ ਵਿਸ਼ੇਸ਼ ਅਰਥਾਂ ਦਾ ਵਾਹਕ ਮੰਨ ਕੇ ਇਨ੍ਹਾਂ ਨੂੰ ਸੂਖਮ ਰੂਪ ਵਿਚ ਤਬਦੀਲ ਕਰ ਦਿੱਤਾ ਜਾਂਦਾ ਹੈ। ਇਸ ਰੂਪ ਵਿਚ ਵੀ ਪ੍ਰਤੀਕ ਬਿੰਬ ਨਾਲੋਂ ਅੰਤਰ ਰਖਦਾ ਹੈ ਕਿਉਂਕਿ ਬਿੰਬ ਸੂਖਮ ਨੂੰ ਸਥੂਲ ਰੂਪ ਬਖਸ਼ਦਾ ਹੈ ਜਦ ਕਿ "ਪ੍ਰੀਤਕ-ਵਿਧਾਨ ਦੇ ਰਾਹੀਂ ਕਵੀ ਪ੍ਰਤੱਖ ਤੋਂ ਅਪ੍ਰਤੱਖ ਵਲ ਅਤੇ ਸਥੂਲ ਤੋਂ ਸੂਖਮਤਾ ਵਲ ਚਲਦਾ ਹੈ"।[102] ਸੋ ਪ੍ਰਤੀਕ ਸਥੂਲ ਰਾਹੀਂ ਸੂਖਮ ਦਾ ਬੋਧ ਕਰਵਾਉਂਦਾ ਹੈ। ਉਦਾਹਰਣ ਦੇ ਤੌਰ ਤੇ ਅਸੀਂ ਸਾਧਾਰਣ ਕੱਪੜੇ ਤੋਂ ਬਣੇ ਤਿਰੰਗੇ ਝੰਡੇ ਨੂੰ ਆਪਣੇ ਰਾਸ਼ਟਰੀ ਸਨਮਾਨ ਦਾ ਪ੍ਰਤੀਕ ਸਵੀਕਾਰ ਕਰ ਲੈਂਦੇ ਹਾਂ ਜਾਂ ਚਾਨਣ ਨੂੰ ਗਿਆਨ ਦਾ ਅਤੇ ਹਨੇਰੇ ਨੂੰ ਅਗਿਆਨਤਾ ਦਾ ਪ੍ਰਤੀਕ ਮੰਨ ਲੈਂਦੇ ਹਾਂ। ਇਸ ਦੇ ਉਲਟ ਬਿੰਬ ਸੂਖਮ ਨੂੰ ਸਥੂਲ ਰੂਪ ਪ੍ਰਦਾਨ ਕਰਦਾ ਹੈ। ਉਦਾਹਰਣ ਲਈ ਜੀਵਨ ਦੀ ਅਸਥਿਰਤਾ ਦੇ ਅਮੂਰਤ ਤੇ ਸੂਖਮ ਵਿਚਾਰ ਨੂੰ ਬਾਬਾ ਫ਼ਰੀਦ ਨੇ ਕਿੰਨੇ ਪ੍ਰਭਾਵਸ਼ਾਲੀ ਅਤੇ ਸਥੂਲ ਦ੍ਰਿਸ਼ਟਾਂਤ ਬਿੰਬਾਂ ਰਾਹੀਂ ਸਮੂਰਤ ਕੀਤਾ ਹੈ:

ਕੰਧੀ ਉਤੇ ਰੁਖੜਾ ਕਿਚਰਕੁ ਬੰਨੈ ਧੀਰ ॥
ਫਰੀਦਾ ਕਚੇ ਭਾਂਡੇ ਰਖੀਐ ਕਿਚਰੁ ਤਾਈ ਨੀਰੁ ॥

(ਆਦਿ ਗ੍ਰੰਥ, ਪੰਨਾ 1382)

ਅੰਤ ਵਿਚ ਇਹ ਕਹਿਣਾ ਵੀ ਬਣਦਾ ਹੈ ਕਿ ਸਾਰੇ ਬਿੰਬਾਂ ਦੀ ਸਿਰਜਣਾ ਕਵੀ ਨੂੰ ਆਪ ਕਰਨੀ ਪੈਂਦੀ ਹੈ ਅਰਥਾਤ ਕਵੀ ਬਿੰਬਾਂ ਦੀ ਰਚਨਾ ਆਪਣੇ ਅਨੁਭਵ, ਭਾਵ, ਸਿਮਰਤੀ ਅਤੇ ਪਰਚੰਡ ਕਲਪਨਾ ਆਦਿ ਦੀ ਮਦਦ ਨਾਲ ਕਰਦਾ ਹੈ ਪਰ ਪ੍ਰਤੀਕ ਕਵੀ ਨੂੰ ਬਹੁਤ ਵਾਰ ਘੜੇ ਘੜਾਏ ਹੀ ਮਿਲ ਜਾਂਦੇ ਹਨ ਅਤੇ ਕਵੀ ਦਾ ਕਾਰਜ ਕੇਵਲ ਇਨ੍ਹਾਂ ਨੂੰ ਕਵਿਤਾ ਵਿਚ ਪ੍ਰਯੁਕਤ ਕਰਨਾ ਹੀ ਹੁੰਦਾ ਹੈ। ਬੇਸ਼ਕ ਇਸ ਕਾਰਜ ਵਿਚੋਂ ਵੀ ਕਵੀ ਦਾ ਕਾਵਿ-ਪ੍ਰਤਿਭਾ ਦਾ ਝਲਕਾਰਾ ਮਿਲਦਾ ਹੈ ਪਰ ਕਵੀ ਦੀ ਕਾਵਿ-ਪ੍ਰਤਿਭਾ



Marfat.com

ਦੀ ਅਸਲੀ ਤੇ ਵਧੀਆ ਪਰਖ ਉਸ ਦੀ ਬਿੰਬ-ਸਿਰਜਣਾ ਤੋਂ ਹੀ ਹੁੰਦੀ ਹੈ।

ਉਪਰੋਕਤ ਚਰਚਾ ਦਾ ਸਾਰਾਂਸ਼ ਇਹ ਹੈ ਕਿ ਬਿੰਬ ਅਤੇ ਪ੍ਰਤੀਕ ਵਿਚ ਸਮਾਨਤਾ ਵੀ ਹੈ ਤੇ ਅੰਤਰ ਵੀ। ਯਾਦ ਰੱਖਣ ਯੋਗ ਗੱਲ ਇਹ ਹੈ ਕਿ ਜਿਹੜੇ ਪ੍ਰਤੀਕ ਸੰਵੇਦਨਾ ਉਜਾਗਰ ਕਰ ਸਕਣ ਦੇ ਸਮਰਥ ਹੁੰਦੇ ਹਨ ਉਹ ਬਿੰਬ ਰਚਨਾ ਦਾ ਮਾਧਿਅਮ ਬਣਦੇ ਹੋਏ ਬਿੰਬ ਜਾਂ ਬਿੰਬ-ਵਿਧਾਨ ਦਾ ਹੀ ਇਕ ਅੰਗ ਬਣ ਜਾਂਦੇ ਹਨ। ਸੋ ਕੋਈ ਪ੍ਰਤੀਕ ਬਿੰਬ ਤਾਂ ਬਣ ਸਕਦਾ ਹੈ ਪਰ ਹਰ ਬਿੰਬ ਲਈ ਪ੍ਰਤੀਕ ਹੋਣਾ ਜ਼ਰੂਰੀ ਨਹੀਂ। ਜੈਸਫ ਚਿਅਰੀ ਦਾ ਕਥਨ ਹੈ ਕਿ, "ਬਿੰਬ ਭਾਵੇਂ ਪ੍ਰਤੀਕਾਤਮਕ ਰੂਪ ਵਿਚ ਵਰਤੇ ਜਾਂਦੇ ਹਨ ਪਰ ਉਹ ਪ੍ਰਤੀਕ ਨਹੀਂ ਹੁੰਦੇ"।[103]

## ੲ) ਬਿੰਬ ਅਤੇ ਰੂਪਕ

'ਰੂਪਕ' ਸ਼ਬਦ ਦਾ ਅਰਥ ਹੈ: ਰੂਪ ਧਾਰਨ ਕਾਰਨਾ। ਜਿਵੇਂ ਨਾਟਕ ਵਿਚ ਕੋਈ ਕਲਾਕਾਰ ਮੂਲ ਪਾਤਰ ਦਾ ਰੂਪ ਧਾਰਨ ਕਰ ਕੇ ਉਹੀ ਪਾਤਰ ਬਣ ਜਾਂਦਾ ਹੈ ਉਸੇ ਤਰ੍ਹਾਂ ਕਵਿਤਾ ਵਿਚ ਕਈ ਵਾਰ ਉਪਮੇਯ (ਜਿਸ ਦੀ ਤੁਲਨਾ ਕੀਤੀ ਜਾਵੇ) ਉਪਮਾਨ (ਜਿਸ ਨਾਲ ਤੁਲਨਾ ਕੀਤੀ ਜਾਵੇ) ਦਾ ਰੂਪ ਧਾਰਨ ਕਰ ਲੈਂਦਾ ਹੈ ਅਰਥਾਤ ਦੋਵੇਂ ਇਕ-ਰੂਪ ਹੋ ਜਾਂਦੇ ਹਨ। ਇਹੋ ਰੂਪਕ ਹੈ ਜੋ ਅਰਥ-ਅਲੰਕਾਰਾਂ ਦੀ ਵੰਨਗੀ ਵਿਚ ਆਉਂਦਾ ਹੈ।

ਬਿੰਬ ਅਤੇ ਰੂਪਕ ਦਾ ਆਪਸ ਵਿਚ ਬੜਾ ਗਹਿਰਾ ਸੰਬੰਧ ਹੈ। ਅੰਗ੍ਰੇਜ਼ੀ ਦੀ ਆਧੁਨਿਕ ਸਮੀਖਿਆ ਅਨੁਸਾਰ ਤਾਂ ਰੂਪਕ ਨੂੰ ਅਕਸਰ ਬਿੰਬ ਦਾ ਸਮਾਨਾਰਥਕ ਮੰਨਿਆ ਜਾਂਦਾ ਹੈ।[104] ਲੀਵਿਸ ਅਨੁਸਾਰ, ਤਾਂ ਹਰ ਇਕ ਕਾਵਿ-ਬਿੰਬ ਕੁਝ ਮਾਤਰਾ ਤੱਕ ਰੂਪਕੀ ਹੁੰਦਾ ਹੈ।[105] ਬਿੰਬਾਤਮਕ ਰਚਨਾ ਨੂੰ ਜੇਕਰ ਕੁੱਜੇ ਵਿਚ ਸਮੁੰਦਰ ਬੰਦ ਕਰਨ ਦੀ ਕਲਾ ਕਹਿ ਦੇਈਏ ਤਾਂ ਗਲਤ ਨਹੀਂ ਹੋਵੇਗਾ। ਰੂਪਕ ਵਿਚ ਏਸੇ ਤਰ੍ਹਾਂ ਦੀ ਸੰਖੇਪਤਾ ਦਾ ਗੁਣ ਵਿਦਮਾਨ ਹੁੰਦਾ ਹੈ। ਮਿਡਲਟਨ ਮੋਰੀ ਨੇ ਆਖਿਆ ਸੀ ਕਿ ਜਦ ਤੁਸੀਂ ਸੰਖੇਪ ਹੋਣ ਦਾ ਯਤਨ ਕਰਦੇ ਹੋ ਤਾਂ ਤੁਸੀਂ ਰੂਪਕੀ ਹੋ ਜਾਣ ਲਈ ਮਜਬੂਰ ਹੋ ਜਾਂਦੇ ਹੋ।[106] ਸੋ ਇਹ ਬਿੰਬ ਅਤੇ ਰੂਪਕ ਦਾ ਨੇੜੇ ਦਾ ਸੰਬੰਧ ਹੀ ਰੂਪਕ-ਬਿੰਬਾਂ ਦੀ ਜਿਰਜਣਾ ਕਰਦਾ ਹੈ। ਡਾ. ਕੁਮਾਰ ਵਿਮਲ ਨੇ ਰੂਪਕ-ਬਿੰਬ ਦੀ ਪਰਿਭਾਸ਼ਾ ਦਿੰਦਿਆਂ ਕਿਹਾ ਹੈ ਕਿ, "ਉਹ ਬਿੰਬ, ਜੋ ਕਿਸੇ ਕ੍ਰਿਤੀ ਵਿਚ ਸਤਹੀ ਦ੍ਰਿਸ਼ਟੀ ਨਾਲ ਇਕ ਹੀ ਅਰਥ ਨੂੰ ਲੈ ਕੇ ਚਲਦਾ ਹੋਵੇ ਪਰ ਅੰਦਰ ਕਿਸੇ ਦੂਜੇ ਆਧਾਰਿਤ ਅਰਥ, ਪ੍ਰਤਯ ਜਾਂ ਵਿਚਾਰ ਨੂੰ ਛੁਪਾਈ ਬੈਠਾ ਹੋਵੇ, ਰੂਪਕ-ਬਿੰਬ ਅਖਵਾਉਂਦਾ ਹੈ"।[107]

ਵਿਸ਼ਵ ਦੇ ਬਹੁਤ ਸਾਰੇ ਕਾਵਿ ਵਿਚ ਰੂਪਕ ਬਿੰਬਾਂ ਦੀ ਵਰਤੋਂ ਹੋਈ ਮਿਲਦੀ ਹੈ। ਪੰਜਾਬੀ ਕਵਿਤਾ ਵਿਚ ਵੀ ਰੂਪਕ ਬਿੰਬਾਂ ਦੀਆਂ ਬਹੁਤ ਸੁੰਦਰ ਉਦਾਹਰਨਾਂ ਉਪਲਬਧ ਹਨ। ਪਰ ਇਹ ਜ਼ਰੂਰੀ ਨਹੀਂ ਕਿ ਸਾਰੇ ਰੂਪਕ, ਬਿੰਬ ਬਣਨ ਦੇ ਸਮਰਥ ਹੋਣ। ਬਿੰਬ ਬਣਨ ਵਾਸਤੇ ਰੂਪਕ ਵਿਚ ਇੰਦਰਿਆਵੀ ਗੁਣ ਦਾ ਹੋਣਾ ਲਾਜ਼ਮੀ ਸ਼ਰਤ ਹੈ। ਜਿਸ ਰੂਪਕ ਵਿਚ ਸੰਵੇਦਨਾ ਪ੍ਰਦਾਨ ਕਰਨ ਦੀ ਸ਼ਕਤੀ ਹੁੰਦੀ ਹੈ ਉਹ ਨਿਸ਼ਚੇ ਹੀ ਬਿੰਬ ਦਾ



Marfat.com

ਰੂਪ ਧਾਰਨ ਕਰ ਜਾਂਦਾ ਹੈ । ਉਦਾਹਰਣ ਵਜੋਂ ਬਾਬਾ ਫ਼ਰੀਦ ਜੀ ਦਾ ਇਹ ਸਲੋਕ ਪ੍ਰਸਤੁਤ ਹੈ :

(1) ਫਰੀਦਾ ਚਿੰਤ ਖਟੋਲਾ ਵਾਣ ਦੁਖ ਬਿਰਹਿ ਵਿਛਾਵਣ ਲੇਫੁ ॥
ਏਹੁ ਹਮਾਰਾ ਜੀਵਣਾ ਤੂ ਸਾਹਿਬ ਸਚੇ ਵੇਖੁ ॥

(2) ਫਰੀਦ ਜਿਤ ਦਿਹਾੜੇ ਧਨ ਵਰੀ ਸਾਹੇ ਲਏ ਲਿਖਾਏ ।
ਮਲਕੁ ਜੁ ਕੰਨੀ ਸੁਣੀਦਾ ਮੁਹ ਦਿਖਾਲੇ ਆਏ ॥
ਜਿੰਦ ਨਿਮਾਣੀ ਕਢੀਐ ਹਡਾ ਕੂ ਕੜਕਾਇ ॥
ਜਿੰਦੁ ਵਹੁਟੀ ਮਰਣਵਰੁ ਲੈ ਜਾਸੀ ਪਰਣਾਇ ॥

## ਸ) ਬਿੰਬ ਅਤੇ ਉਪਮਾ

ਡਾ. ਓਮ ਪ੍ਰਕਾਸ਼ ਅਨੁਸਾਰ 'ਉਪਮਾ' ਸ਼ਬਦ ਦੀ ਵਿਉਂਤ ਇਨ੍ਹਾਂ ਦੋ ਸ਼ਬਦ-ਟੂਕਾਂ ਨਾਲ ਰਲ ਕੇ ਹੋਈ ਹੈ : 'ਉਪ' ਅਤੇ 'ਮਾ' । 'ਉਪ' ਦਾ ਅਰਥ ਹੈ 'ਨੇੜੇ, ਸਮਾਨ' । 'ਮਾ' ਦਾ ਅਰਥ ਹੈ 'ਤੋਲਣਾ' । ਤਾਤਪਰਜ ਇਹ ਹੈ ਕਿ 'ਉਪਮਾ' ਅੰਦਰ ਕਿਸੇ ਵਸਤੂ ਦੀ ਸਮਾਨਤਾ ਕਰ ਕੇ ਤੋਲਿਆ ਅਰਥਾਤ ਪਰਖਿਆ ਜਾਂਦਾ ਹੈ। ਸੋ ਜਿਥੇ ਕਿਸੇ ਵਸਤੂ ਦੇ ਰੂਪ ਜਾਂ ਗੁਣ ਦੀ ਵਿਸ਼ੇਸ਼ਤਾ ਪ੍ਰਗਟ ਕਰਨ ਲਈ ਕਿਸੇ ਹੋਰ ਵਸਤੂ ਨਾਲ ਇਸ ਦੀ ਸਮਾਨਤਾ ਕੀਤੀ ਜਾਵੇ ਉਥੇ ਉਪਮਾ ਅਲੰਕਾਰ ਪੈਦਾ ਹੋ ਜਾਂਦਾ ਹੈ।[108] ਉਪਮਾ ਤੇ ਰੂਪਕ ਵਿਚ ਅੰਤਰ ਇਹ ਹੈ ਕਿ ਉਪਮਾ ਵਿਚ ਉਪਮੇਯ ਅਤੇ ਉਪਮਾਨ ਦਾ ਭੇਦ ਬਣਿਆ ਰਹਿੰਦਾ ਹੈ ਤੇ ਦੋਹਾਂ ਦੀ ਵੱਖਰੀ ਵੱਖਰੀ ਹੋਂਦ ਬਣੀ ਰਹਿੰਦੀ ਹੈ । ਸੋ ਉਪਮਾਨ ਅਤੇ ਉਪਮੇਯ ਦੇ ਭਿੰਨ ਹੋਣ ਤੇ ਵੀ ਉਨ੍ਹਾਂ ਦੇ ਸਾਧਾਰਣ ਧਰਮ ਦੀ ਸਮਤਾ ਕੀਤੀ ਜਾਵੇ ਤਾਂ ਉਹ ਉਪਮਾ ਆਲੰਕਾਰ ਹੈ । ਡਾ. ਪ੍ਰੇਮ ਪ੍ਰਕਾਸ਼ ਸਿੰਘ ਨੇ ਉਪਮਾ ਅਲੰਕਾਰ ਦੀ ਪਰਿਭਾਸ਼ਾ ਇਸ ਤਰ੍ਹਾਂ ਕੀਤੀ ਹੈ : "ਉਪਮਾ ਉਹ ਕਾਵਿ ਕਥਨ ਹੈ ਜਿਥੇ ਉਪਮੇਯ ਤੇ ਉਪਮਾਨ ਵਿਚਕਾਰ ਪ੍ਰਗਟ ਹੁੰਦੀ ਸਾਂਝ ਜਿਵੇਂ ਵਾਂਗੂ ਆਦਿ ਸ਼ਬਦਾਂ ਰਾਹੀਂ ਬਿਆਨ ਕੀਤੀ ਜਾਂਦੀ ਹੈ"[109] ਡਾ. ਨਗੇਂਦਰ ਦਾ ਵਿਚਾਰ ਹੈ ਕਿ ਹਰ ਇਕ ਉਪਮਾਨ ਦਾ ਆਪਣਾ ਬਿੰਬ ਹੁੰਦਾ ਹੈ ਜੋ ਅਨੁਭੂਤੀ ਜਾਂ ਵਿਚਾਰ ਨੂੰ ਮੂਰਤੀਮਾਨ ਕਰਨ ਵਿਚ ਸਹਾਇਕ ਹੁੰਦਾ ਹੈ ।[110]

ਬਿੰਬ-ਸਿਰਜਣਾ ਦੇ ਬਹੁਤ ਸਾਰੇ ਉਪਕਰਣਾਂ ਵਿਚੋਂ ਉਪਮਾਨ ਨੂੰ ਇਕ ਬੜਾ ਉਪਯੋਗੀ ਅਤੇ ਮਹੱਤਵਪੂਰਣ ਉਪਕਰਣ ਕਿਹਾ ਜਾ ਸਕਦਾ ਹੈ। ਹੀਗਲ ਨੇ ਬਿੰਬ ਨੂੰ ਰੂਪਕ ਅਤੇ ਉਪਮਾ ਦਾ ਮਧਵਰਤੀ ਮੰਨਿਆ ਹੈ।[111] ਰੂਪਕ ਵਾਂਗ ਹੀ ਸਾਰੇ ਉਪਮਾਨ ਬਿੰਬ ਨਹੀਂ ਅਖਵਾ ਸਕਦੇ ਕਿਉਂਕਿ ਉਪਮਾਨ ਮੂਰਤ ਵੀ ਹੁੰਦੇ ਹਨ ਅਤੇ ਅਮੂਰਤ ਵੀ। ਬਿੰਬ ਦਾ ਮੂਰਤ ਹੋਣਾ ਆਵੱਸ਼ਕ ਹੈ ਕਿਉਂਕਿ ਅਮੂਰਤ ਵਿਚ ਬਿੰਬ ਦੀ ਸੰਭਾਵਨਾ ਨਹੀਂ ਰਹਿ ਜਾਂਦੀ । ਨਾਲ ਹੀ ਬਿੰਬ ਵਿਚ ਇੰਦਰਿਆਵੀ ਤੱਤ ਦਾ ਹੋਣਾ ਵੀ ਲਾਜ਼ਮੀ ਹੈ । ਇਹ ਇੰਦ੍ਰੀਅਤਾ ਕੇਵਲ ਮੂਰਤ-ਉਪਮਾਨਾਂ ਨਾਲ ਹੀ ਪੈਦਾ ਹੋ ਸਕਦੀ ਹੈ । ਸੋ ਅਮੂਰਤ ਅਤੇ ਭਾਵ-ਰਹਿਤ ਉਪਮਾਨ ਬਿੰਬ ਬਣਨ ਦੇ ਸਮਰਥ ਨਹੀਂ ਹੁੰਦੇ । ਕੇਵਲ ਉਹੀ ਉਪਮਾਨ ਬਿੰਬ ਦਾ



Marfat.com

ਅੰਗ ਬਣਦੇ ਹਨ ਜੋ ਇੰਦਰਿਆਵੀ ਬੋਧ ਨੂੰ ਉਜਾਗਰ ਕਰਦੇ ਹੋਏ ਭਾਵਾਂ ਨੂੰ ਟੁੰਬ ਸਕਦੇ ਹੋਣ।

### ਹ) ਬਿੰਬ ਅਤੇ ਦ੍ਰਿਸ਼ਟਾਂਤ

ਡਾ. ਪ੍ਰੇਮ ਪ੍ਰਕਾਸ਼ ਸਿੰਘ ਅਨੁਸਾਰ, "ਦ੍ਰਿਸ਼ਟਾਂਤ ਦਾ ਅਰਥ ਹੈ ਕੋਈ ਹਵਾਲਾ, ਕੋਈ ਸਮੂਰਤ ਦ੍ਰਿਸ਼ ਜਿਸ ਦੀ ਸਹਾਇਤਾ ਨਾਲ ਅਮੂਰਤ ਘਟਨਾ ਦਾ ਬਿਆਨ ਕੀਤਾ ਜਾ ਸਕੇ"।[112] ਡਾ. ਦਲੀਪ ਸਿੰਘ 'ਦੀਪ' ਅਨੁਸਾਰ, "ਦ੍ਰਿਸ਼ਟਾਂਤ ਇਕ ਅਰਥਾਲੰਕਾਰ ਹੈ ਜਿਸ ਵਿਚ ਕਿਸੇ ਪ੍ਰਸੰਗ ਅਥਵਾ ਵਸਤੂ ਦਾ ਪੂਰਾ ਗਿਆਨ ਕਰਾਉਣ ਲਈ ਕਿਸੇ ਸਮਾਨ ਧਰਮ ਵਾਲੀ ਵਸਤੂ ਦਾ ਕਥਨ ਅਰਥਾਤ ਉਪਮੇਜ ਦੀ ਪ੍ਰਤਿਬਿੰਬ ਰੂਪ ਮਿਸਾਲ ਦਾ ਵਰਣਨ ਹੁੰਦਾ ਹੈ"।[113] ਦ੍ਰਿਸ਼ਟਾਂਤ ਵੀ ਬਿੰਬ ਨਿਰਮਾਣ ਦਾ ਇਕ ਪ੍ਰਭਾਵਸ਼ਾਲੀ ਮਾਧਿਅਮ ਹੈ। ਪੰਜਾਬੀ ਕਾਵਿ ਵਿਚ ਦ੍ਰਿਸ਼ਟਾਂਤ ਬਿੰਬਾਂ ਦੀਆਂ ਅਨੇਕਾਂ ਹੀ ਸੁੰਦਰ ਉਦਾਹਰਣਾਂ ਉਪਲਬਧ ਹਨ। ਜਿਨ੍ਹਾਂ ਦ੍ਰਿਸ਼ਟਾਂਤ ਅਲੰਕਾਰਾਂ ਵਿਚ ਭਾਵਾਂ ਨੂੰ ਸਮੂਰਤ ਕਰਨ ਦੀ ਸ਼ਕਤੀ ਜਾਂ ਇੰਦਰਿਆਵੀ ਤੱਤ ਵਿਦਮਾਨ ਹੁੰਦਾ ਹੈ ਉਹ ਬਿੰਬਮਈ ਹੁੰਦੇ ਹਨ। ਉਦਾਹਰਣ ਵਜੋਂ ਬਾਬਾ ਫ਼ਰੀਦ ਦਾ ਸ਼ਲੋਕ ਪੇਸ਼ ਹੈ :

ਫਰੀਦਾ ਵੇਖ ਕਪਾਹੈ ਜਿ ਥੀਆ ਜਿ ਸਿਰਿ ਥੀਆ ਤਿਲਾਹ ॥
ਕਮਾਦੈ ਅਰੁ ਕਾਗਦੈ ਕੁੰਨੇ ਕੋਇਲਿਆਹ ॥
ਮੰਦੇ ਅਮਲ ਕਰੇਂਦਿਆ ਏਹ ਸਜਾਇ ਤਿਨਾਹ ॥

(ਆਦਿ ਗ੍ਰੰਥ, ਪੰਨਾ 1380)

ਉਪਰੋਕਤ ਚਰਚਾ ਦਾ ਸਾਰਾਂਸ਼ ਇਹ ਹੈ ਕਿ ਪ੍ਰਤੀਕ, ਰੂਪਕ, ਉਪਮਾ, ਦ੍ਰਿਸ਼ਟਾਂਤ ਆਦਿ ਬਿੰਬ-ਵਿਧਾਨ ਦੇ ਬੜੇ ਉਪਯੋਗੀ ਅਤੇ ਮਹੱਤਵਪੂਰਣ ਉਪਕਰਣ ਹਨ। ਇਨ੍ਹਾਂ ਦਾ ਬਿੰਬ ਨਾਲ ਬਹੁਤ ਗਹਿਰਾ ਸੰਬੰਧ ਹੈ। ਬਿੰਬ ਨਿਰਮਾਣ ਦਾ ਮਾਧਿਅਮ ਬਣ ਕੇ ਜਦੋਂ ਵੀ ਇਹ ਪਾਠਕ ਦੇ ਇੰਦਰਿਆਵੀ ਬੋਧ ਨੂੰ ਉਜਾਗਰ ਕਰਦੇ ਹਨ ਜਾਂ ਭਾਵਾਂ ਨੂੰ ਸਮੂਰਤ ਕਰਨ ਦਾ ਕਾਰਜ ਕਰਦੇ ਹਨ ਤਾਂ ਖੁਦ ਬਿੰਬ-ਯੋਜਨਾ ਦਾ ਅੰਗ ਬਣ ਕੇ ਬਿੰਬਾਵਲੀ ਵਿਚ ਹੀ ਸਮਾ ਜਾਂਦੇ ਹਨ।

## ਹਵਾਲੇ ਤੇ ਟਿੱਪਣੀਆਂ


1. 'ਅੰਗ੍ਰੇਜ਼ੀ-ਪੰਜਾਬੀ ਕੋਸ਼', ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ 290.
2. *The Making of Liierature*, p. 219.
3. *Theary of Literature*, p. 191.
4. *Encychlopaedia of Britanica*, Vol. 12, p. 103.
5. "The strictly psychological use of the term 'image' is...for a purely mental idea, which is taken as being observed by the eye of mind." *Ibid*, Vol. 14, p. 328.




Marfat.com

6. 'Words and Images.' As quoted by Dr. Suda Sexena in *Jayasi Ki Bimb Yojna*, p. 31.
7. *The Poetic Image*, p. 87.
8. "Theatre of the Absurd are primarily intended to convey a poetic image or a complex pattern of poetical images." Martin Esslin, *Absurd Drama*, p. 11·
9. *The Poetic Image*, p. 17.
10. "Prose may dispense with imagery but it is essential for the poet to create image on the mind of the readers. Literature, poetry in particular, can dispense with logic, but it can not within its nature, dispense with the image." Herbert Read, *Art Now*, p. 122.
11. "Imagery is. in itself, the very height and life of poetry." Dryden, as quoted by C. D. Lewis, *The Poetic Image*, p: 18.
12. "Images are elements of the poem, elements of its structure..." A Macleish, *Poetry and Experience*, p. 55.
13. 'ਚਿੰਤਾਮਣਿ', ਪੰਨਾ 145.
14. ਸ਼ਾਂਤੀ ਸਰੂਪ ਗੁਪਤ, 'ਸਾਹਿਤਿਕ ਨਿਬੰਧ', ਪੰਨਾ 105 ਉੱਤੇ ਉੱਧਰਿਤ ।
15. "One of the chief elements in the make-up of the poem is the image. Each poem contains a pattern of imagery and each image is to varying extent, a pattern." Robin Skelton, *The Poetic Pattern*, p. 90.
16. "Wisdom speaks first in images." Yeats, as quoted by C. D. Lewis, *The Poetic Image*, p. 25.
17. As quoted by C. D. Lewis, *The Poetic Image*, p. 25.
18. 'Words and Images, As quoted by Dr. Sudha Sexena in *Jayasi Ki Bimb Yojna*, p. 31.
19. *Style*, p. 192.
20. *The Practice of Poetry*, p, 24.
21. "It is imagery with vitalizes such expression infusing it with copious suggestions of weights, buoyances, textures, sounds, movements, shapes and colours." P. Gurrey, *Appreciation of Poetry*, p. 46.
22. 'ਵਾਦ ਵਿਵਾਦ', ਪੰਨਾ 48.



Marfat.com

23. *The Creative Experiment*, p. 8.

24. "Images are more individual and more expressive then the abstract words whose place they take. They give sufficiently definite outline to states of mind which are perfectly vivid to the poet but for which no standard means of expression is adequate." C. M. Bowra, *The Creative Experiment*, p. 9.

25. *Poetry and Experience*, p. 67.

26. "The greatest thing by for is to have a command of metaphors. It alone can not imparted by another, it is mark of genius."—Aristotal, as quoted by C. D. Lewis in *The Poetic Image*, p. 17.

27. James Reaves, *The Critical Sense*, p. 109.

28. 'ਕਾਵਿ ਦੇ ਤੱਤ', ਪੰਨਾ 101.

29. "ਭੂਮਿਕਾ", 'ਗੁਰੂ ਨਾਨਕ ਕਾਵਿ ਅਧਿਐਨ', ਪੰਨਾ x.

30. *Style*, p. 218.

31. "Use either no ornament or good ornament." *Literary Essays of Ezra Pound* (ed. T. S. Eliot), p. 5.

32. "It is better to present one image in a life time than to produce voluminous works." *Ibid*.

33. "Image is the constant in all poetry and very poem is itself an image." C. D. Lewis, *The Poetic Image*, p. 1.

34. "Everything possible to be believed is an image of truth," Blake, as quoted by C. D. Lewis, *The Poetic Image*, p. 27.

35. "...A mental representation of something (sp. a visible object) not by direct perception but by memory of imagination; a mental picture..." *The Oxford English Dictionary*, Vol. V, p. 52.

36. "An expression evocative of an object of sensous appeal." *Dictionary of World Literature*, p. 219.

37. "...A mental representation of anything not actually present to the senses; a revival or limitation of sensible experience or sensible experience together with accompanying feelings, the reproduction in memory or imagination of sensations of sight, touch, learning etc. as visual tactile, auditory images, a picture drawn by fancy, broadly, a con-



Marfat.com

ception, an idea." *Wobestar's New International Dictionary of the English Language,* Vol. I, p. 1243.

38. "The little word-picture used by a poet to illustrate, illuminate, and embellish his thought." *Shakespear's Imagery And What It Tells Us,* p. 5.

39. *Poetic Pattern,* p. 90.

40. *Literary Essays of Ezra Pound* (ed. T. S. Eliot), p. 4.

41. "Imagery may be defined as words or phrases denoting a sense perceptible object " *The world of Imagery,* p. 2.

42. Coleridge, as quoted by I. A. Richards in *Coleridge on Imagination,* pp. 32-33.

43. *The Critical Sense,* p 151.

44. *The Poetic Image,* p. 18.

45. *Ibid,* pp. 18-19.

46. "The poetic image is a more or less sensous picture in words, to some degree metaphorical, with some undertone of some human emotion in its context, but also charged with and releasing into the reader a special poetic emotion or passion." *Ibid,* p. 22.

47: 'ਕਾਵਯ-ਬਿੰਬ', ਪੰਨਾ 5.

48. 'ਆਧੁਨਿਕ ਹਿੰਦੀ ਕਵਿਤਾ ਮੇਂ ਬਿੰਬ-ਵਿਧਾਨ ਕਾ ਵਿਕਾਸ', ਪੰਨਾ 23.

49. 'ਜਾਯਸੀ ਕੀ ਬਿੰਬ ਯੋਜਨਾ', ਪੰਨਾ 37.

50. 'ਨਯੀ ਕਵਿਤਾ ਔਰ ਉਸ ਕਾ ਮੁਲਯਾਂਕਨ', ਪੰਨਾ 18.

51. 'ਕਾਵਯਾਤਮਕ ਬਿੰਬ', ਪੰਨਾ 56.

52. 'ਸਾਹਿਤਯਕ ਨਿਬੰਧ', ਪੰਨਾ 104.

53. 'ਗੁਰੂ ਨਾਨਕ ਕਾਵਿ ਚਿਤ੍ਰਣ', ਪੰਨਾ 15,

54 'ਕਾਵਿ ਸ੍ਰਿਜਨ ਪ੍ਰਕ੍ਰਿਆ', ਪੰਨਾ 200.

55. 'ਗੁਰੂ ਨਾਨਕ ਕਾਵਿ ਅਧਿਐਨ', ਪੰਨਾ 11.

56. 'ਮੋਹਨ ਸਿੰਘ ਦਾ ਕਾਵਿ ਲੋਕ', ਪੰਨੇ 210, 212.

57. *The Poetic Image,* p. 29.

58. "It is a eregetic change of feeling upon the contents of memory, the feeling stamped upon image from the image of the ordinary may." *Poetic Process,* p. 76.



Marfat.com

59. *The Creative Experiment*, p. 9.
60. *The Critical Sense*, p. 71:
61. 'ਵਾਦ-ਵਿਵਾਦ', ਪੰਨਾ 29.
62. 'ਕਾਵਯ-ਬਿੰਬ', ਪੰਨਾ 6.
63. *The Mirror and the Lamp*, p. 52.
64. *Poetry and Experience*, p. 49, 58.
65. *Ibid*, p. 63.
66. "Poetic Image is a ward-picture charged with emotion or passion." *The Poetic Image*, p. 19.
67. Coleridge, as quoted by C. D. Lewis, *The Poetic Image*. p. 19. .
68. *The Poetic Image*'· p. 20.
69. "The poetic image is a more or less sensuous picture in words." C. D. Lewis, *The Poetic Image*, p. 22.
70. *Ibid*, p. 19.
71. *Ibid*, p. 67.
72. 'ਸੌਂਦਰਯ ਸ਼ਾਸਤਰ ਕੇ ਤੱਤਵ', ਪੰਨਾ 204.
73. Robin Skelton, *The Poetic Pattern*, p. 91.
74. 'ਆਧੁਨਿਕ ਹਿੰਦੀ ਕਵਿਤਾ ਮੇਂ ਬਿੰਬ-ਵਿਧਾਨ', ਪੰਨਾ 23.
75. Poems have never been composed on lines of imagery laid down in advance." C. D. Lewis, *The Poetic Image*, p. 80.
76. Edmund Wilson, as quoted by C. D Lewis in *The Poetic Image*, p. 121.
77. *The Poetic Image*, p. 121.
78. Keats, as quoted by C. D. Lewis in *The Poetic Image*, p. 75.
79. ਰਾਮਯਤਨ ਸਿੰਘ ਭ੍ਰਮਰ, 'ਆਧੁਨਿਕ ਹਿੰਦੀ ਕਾਵਿ ਮੇਂ ਚਿਤ੍ਰ-ਵਿਧਾਨ', ਪੰਨਾ 395.
80. *The Poetic Image*, p. 120.
81. "The production of imagery...belongs to the general action of the mind, in the dusk of unconsciousness." E. S. Dallas as quoted by C. D. Lewis in *The Poetic Image*, p. 39.
82. *The Poetic Image*, p. 70.
83. 'ਗੁਰੂ ਨਾਨਕ ਬਾਣੀ ਵਿਚ ਰੂਪ ਵਿਧਾਨ' (ਗੁਰੂ ਨਾਨਕ ਸੰਬੰਧੀ ਤਿੰਨ ਖੋਜ-ਪੱਤਰ), ਪੰਨਾ 48.



Marfat.com

84. ਹਰਨੇਕ ਸਿੰਘ ਕੋਮਲ, 'ਭਾਈ ਗੁਰਦਾਸ ਦੀ ਕਵਿਤਾ ਦਾ ਬਿੰਬ-ਵਿਧਾਨ' (ਅਪ੍ਰਕਾ-ਸ਼ਿਤ ਸ਼ੋਧ-ਪ੍ਰਬੰਧ), ਗੁ. ਨਾ. ਦੇ. ਯੂਨੀ. ਲਾਇਬਰੇਰੀ, ਪੰਨਾ 37.

85. ਸਤਿੰਦਰ ਸਿੰਘ, 'ਗੁਰੂ ਨਾਨਕ ਕਾਵਿ ਅਧਿਐਨ', ਪੰਨਾ 16 ਉੱਤੇ ਉੱਧਰਿਤ।

86. 'ਜਾਯਸੀ ਕੀ ਬਿੰਬ ਯੋਜਨਾ', ਪੰਨਾ 72.

87. "Memory is the central factor in the process of image-making, without memory there can be no poetic creation." George Whalley, as quoted by C. D. Lewis in *The Poetic Image*, p. 76.

88. *Principles of Literary Criticism*, p. 106.

89. Spender, as quoted by C. D. Lewis, in *The Poetic Image*, pp. 139-40.

90. *Webster's Dictionary*, Vol. II, p. 2555.

91. *Encychlopaedia of Religion and Ethics*, Vol. XII, p. 139.

92 'ਹਿੰਦੀ ਕਾਵਿ ਮੇਂ ਯੁਗਾਂਤਰ', ਪੰਨਾ 265-66.

93. 'ਸਾਹਿੱਤਯ ਪਰੀਕਸ਼ਣ' (ਸੰਪ. ਸਤਯਦੇਵ ਚਤੁਰਵੇਦੀ), ਪੰਨਾ 108-09.

94. ਸਾਹਿਤਯ ਸ਼ਾਸਤ੍ਰ, ਡਾ. ਪ੍ਰੇਮ ਪ੍ਰਕਾਸ਼ ਸਿੰਘ ਵਲੋਂ 'ਕਾਵਿ ਦੇ ਤੱਤ', ਪੰਨਾ 81 ਉਪਰ ਦਿੱਤੇ ਹਵਾਲੇ ਅਨੁਸਾਰ।

95. 'ਆਧੁਨਿਕ ਹਿੰਦੀ ਕਾਵਯ ਮੇਂ ਪ੍ਰਤੀਕ-ਵਿਧਾਨ', ਪੰਨਾ 21.

96. 'ਕਾਵਿ ਦੇ ਤੱਤ', ਪੰਨਾ 85.

97. 'ਕਾਵਯ-ਬਿੰਬ', ਪੰਨਾ 8.

98. *Theory of Literature*, p. 194.

99. 'ਨਈ ਕਵਿਤਾ—ਸਵਰੂਪ ਔਰ ਸਮਸਿਆਏਂ', ਪੰਨਾ 68.

100. W. H. Clemen, *The Development of Shakespeare's Imagery*, p. 3.

101. *The Poetic Image*, pp. 40-41.

102. ਪ੍ਰੇਮ ਪ੍ਰਕਾਸ਼ ਸਿੰਘ, 'ਮੋਹਨ ਸਿੰਘ ਦਾ ਕਾਵਿ ਲੋਕ', ਪੰਨਾ 206.

103. Joseph Chiary, *Realism and Imagination*, p. 111.

104. ਦਲੀਪ ਸਿੰਘ ਦੀਪ, 'ਕਾਵਿ-ਬਿੰਬ', ਪੰਨਾ 40.

105. "Every poetic image, therefore is to some degree metaphorical." *The Poetic Image*, p. 18.

106. "Try to be precise and you are bound to be metaphorical." As quoted by C. D. Lewis in *The Poetic Image*, p. 23.



Marfat.com

107. 'ਸੌਂਦਰਯ ਸ਼ਾਸਤਰ ਕੇ ਤੱਤਵ', ਪੰਨਾ 216.

108. 'ਅਲੰਕਾਰ ਵਿਧਾਨ', ਪੰਨਾ 6 .

109. 'ਮੋਹਨ ਸਿੰਘ ਦਾ ਕਾਵਿ-ਲੋਕ', ਪੰਨਾ 217.

110. 'ਕਾਵਯ ਬਿੰਬ', ਪੰਨਾ 7.

111. "We may place the image midway between the metaphor and the smile." *The Philosophy of Fine Art*, Vol. II, p. 144.

112. 'ਮੋਹਨ ਸਿੰਘ ਦਾ ਕਾਵਿ ਲੋਕ', ਪੰਨਾ 234.

113. 'ਕਾਵਿ-ਬਿੰਬ', ਪੰਨਾ 43.



Marfat.com

# ਬਾਬਾ ਫ਼ਰੀਦ ਦੀ ਬਿੰਬ-ਸਾਮਗ੍ਰੀ ਤੇ ਸ੍ਰੋਤ

ਕਿਸੇ ਕਵੀ ਦੀ ਬਿੰਬਾਵਲੀ ਦੀ ਸਫ਼ਲਤਾ ਵਿਚ ਉਸ ਦੀ ਬਿੰਬ-ਸਾਮਗ੍ਰੀ ਦਾ ਵਿਸ਼ੇਸ਼ ਮਹੱਤਵ ਹੁੰਦਾ ਹੈ। ਰਾਬਨ ਸਕੈਲਟਨ ਦਾ ਵਿਚਾਰ ਹੈ ਕਿ ਬਿੰਬਾਂ ਦੀ ਸੁਚੱਜੀ ਚੋਣ ਅਤੇ ਤਰਤੀਬ ਨਾਲ ਕਵਿਤਾ ਨੂੰ ਵਧੇਰੇ ਸ਼ਕਤੀਸ਼ਾਲੀ ਬਣਾਇਆ ਜਾ ਸਕਦਾ ਹੈ।[1] ਕਵੀ ਦੀ ਬਿੰਬ-ਸਾਮਗ੍ਰੀ ਦਾ ਸ੍ਰੋਤ ਤੇ ਖੇਤਰ ਜਿੰਨਾ ਵਿਸ਼ਾਲ ਹੋਵੇਗਾ ਉਸ ਦੀ ਬਿੰਬਾਵਲੀ ਉਨੀ ਹੀ ਪ੍ਰਭਾਵਸ਼ਾਲੀ ਹੋਵੇਗੀ। "ਸੀਮਿਤ ਵਸਤੂਆਂ ਨੂੰ ਬਿੰਬ ਬਣਾ ਕੇ ਭਾਵਾਂ ਦੇ ਸੰਚਾਰ ਨਾਲ ਨਾ ਕਵਿਤਾ ਵਿਚ ਵੰਨ-ਸਵੰਨਤਾ ਆ ਸਕਦੀ ਹੈ ਅਤੇ ਨਾ ਹੀ ਮਨੋਰਥ ਦੀ ਸਿੱਧੀ ਹੋ ਸਕਦੀ ਹੈ।"[2] ਬਿੰਬ-ਸਾਮਗ੍ਰੀ ਦਾ ਖੇਤਰ ਬੜਾ ਵਿਸ਼ਾਲ ਹੈ। ਕਵੀ ਦੇ ਭਾਵਾਂ ਅਤੇ ਵਿਚਾਰਾਂ ਦੀ ਅਭਿਵਿਅਕਤੀ ਲਈ ਸਾਰੇ ਦਾ ਸਾਰਾ ਦ੍ਰਿਸ਼ਟਮਾਨ ਬ੍ਰਹਿਮੰਡ ਹੀ ਉਸ ਦੇ ਬਿੰਬਾਂ ਦੀ ਸਾਮਗ੍ਰੀ ਬਣ ਸਕਦਾ ਹੈ। ਇਕੱਲਾ ਗੋਚਰ ਜਗਤ ਹੀ ਨਹੀਂ ਸਗੋਂ ਅਗੋਚਰ ਅਥਵਾ ਅਦ੍ਰਿਸ਼ਟ ਲੋਕ ਜਿਵੇਂ ਨਰਕ, ਸਵਰਗ, ਅਜ਼ਰਾਈਲ ਫਰਿਸ਼ਤਾ, ਧਰਮ ਰਾਜ, ਦੇਵਤੇ, ਦੈਂਤ, ਹੂਰਾਂ, ਪਰੀਆਂ ਆਦਿ ਵੀ ਕਵੀ ਦੇ ਬਿੰਬਾਂ ਦੀ ਸਾਮਗ੍ਰੀ ਬਣਦੇ ਹਨ। ਕਵੀ ਦਾ ਅਨੁਭਵ ਜਿੰਨਾ ਵਿਸ਼ਾਲ ਤੇ ਬਹੁਪੱਖੀ ਹੋਵੇਗਾ ਉਸ ਦੀ ਬਿੰਬ-ਸਾਮਗ੍ਰੀ ਦਾ ਖੇਤਰ ਵੀ ਉਨਾ ਹੀ ਵਸੀਹ ਹੋਵੇਗਾ। ਬਿੰਬਾਂ ਦੀ ਚੋਣ ਕਿਸੇ ਕਵੀ ਦੀ ਸਿਮ੍ਰਤੀ ਅਤੇ ਕਲਪਨਾ ਉਪਰ ਨਿਰਭਰ ਕਰਦੀ ਹੈ। ਕਵੀ ਦੀ ਤਿੱਖੀ ਅਤੇ ਪ੍ਰਚੰਡ ਕਲਪਨਾ ਇਸ ਬ੍ਰਹਿਮੰਡ ਦੀ ਵਿਸ਼ਾਲ ਵਲਗਣ ਵਿਚ ਉਡਾਰੀਆਂ ਲਾਉਂਦੀ ਹੋਈ ਭਾਂਤ ਭਾਂਤ ਦੇ ਉਪਮਾਨ ਇਕੱਤਰ ਕਰਕੇ ਉਸ ਦੀ ਬਿੰਬ-ਸਾਮਗ੍ਰੀ ਨੂੰ ਭਰਪੂਰ ਬਣਾਉਂਦੀ ਹੈ। ਬੇਸ਼ਕ ਇਸ ਬ੍ਰਹਿਮੰਡ ਦੀ ਹਰੇਕ ਵਸਤੂ ਕਵੀ ਦੇ ਬਿੰਬਾਂ ਦੀ ਸਾਮਗ੍ਰੀ ਬਣ ਸਕਦੀ ਹੈ ਪਰ ਜਿਨ੍ਹਾਂ ਵਸਤਾਂ ਨਾਲ ਕਿਸੇ ਕਵੀ ਦਾ ਵਿਸ਼ੇਸ਼ ਭਾਵਕ ਲਗਾਉ ਹੁੰਦਾ ਹੈ ਉਹ ਵਸਤਾਂ ਵਿਸ਼ੇਸ਼ ਤੌਰ ਤੇ ਉਸ ਕਵੀ ਦੀ ਬਿੰਬ-ਸਾਮਗ੍ਰੀ ਬਣਦੀਆਂ ਹਨ। ਇਸ ਪ੍ਰਸੰਗ ਵਿਚ ਡਾ. ਦਲੀਪ ਸਿੰਘ 'ਦੀਪ' ਦਾ ਇਹ ਕਥਨ ਬੜਾ ਢੁੱਕਵਾਂ ਹੈ ਕਿ, "ਹਰੇਕ ਕਵੀ ਦੀ ਕੁਝ ਵਸਤੂਆਂ ਨਾਲ ਰਾਗਾਤਮਿਕ ਸਾਂਝ ਹੁੰਦੀ ਹੈ ਜਿਨ੍ਹਾਂ ਨੂੰ ਉਹ ਮੁਖ ਤੌਰ ਤੇ ਭਾਵ-ਵਿਅੰਜਨਾ ਲਈ ਬਿੰਬ ਬਣਾਉਂਦਾ ਹੈ।"[3]

ਕਿਸੇ ਕਵੀ ਦੀ ਬਿੰਬ-ਸਾਮਗ੍ਰੀ ਦੇ ਖੇਤਰ ਨੂੰ ਮੁੱਖ ਤੌਰ ਤੇ ਦੋ ਹਿੱਸਿਆਂ ਵਿਚ ਵੰਡਿਆ ਜਾਂਦਾ ਹੈ - (ੳ) ਪ੍ਰਕ੍ਰਿਤੀ ਅਤੇ (ਅ) ਮਨੁੱਖਾ-ਜੀਵਨ। ਪਰ ਬਹੁਤ ਸਾਰੇ ਕਵੀ ਇਤਿਹਾਸ ਅਤੇ ਮਿਥਿਹਾਸ ਨੂੰ ਵੀ ਆਪਣੇ ਬਿੰਬਾਂ ਦਾ ਆਧਾਰ ਬਣਾਉਂਦੇ ਹਨ। ਇਸ ਤਰ੍ਹਾਂ ਇਤਿਹਾਸ,



Marfat.com

ਮਿਥਿਹਾਸ, ਲੋਕ-ਵਿਸ਼ਵਾਸ ਜਾ ਧਾਰਮਿਕ ਵਿਸ਼ਵਾਸ਼ ਆਦਿ ਨੂੰ ਕਿਸੇ ਕਵੀ ਦੀ ਬਿਬ ਸਾਮਗ੍ਰੀ ਦਾ ਤੀਜਾ ਵਰਗ ਬਣਾਇਆ ਜਾ ਸਕਦਾ ਹੈ।

ਇਸ ਤੋਂ ਪਹਿਲਾਂ ਕਿ ਬਾਬਾ ਫ਼ਰੀਦ ਦੀ ਬਾਣੀ ਦੇ ਬਿੰਬ-ਵਿਧਾਨ ਦਾ ਬਹੁ-ਪੱਖੀ ਅਧਿਐਨ ਕੀਤਾ ਜਾਵੇ, ਉਨ੍ਹਾਂ ਦੀ ਬਿੰਬ-ਸਾਮਗ੍ਰੀ ਦਾ ਵਿਸ਼ਲੇਸ਼ਣ ਕਰਨਾ ਜ਼ਰੂਰੀ ਜਾਪਦਾ ਹੈ। ਬਾਬਾ ਫ਼ਰੀਦ ਦੀ ਬਿੰਬ-ਸਾਮਗ੍ਰੀ ਦੇ ਸ੍ਰੋਤ ਅਤੇ ਖੇਤਰ ਨੂੰ ਹੇਠਾਂ ਲਿਖੇ ਤਿੰਨ ਵਰਗਾਂ ਵਿਚ ਰੱਖ ਕੇ ਵਿਚਾਰਿਆ ਜਾ ਸਕਦਾ ਹੈ :

1. ਪ੍ਰਕ੍ਰਿਤੀ
2. ਮਨੁੱਖਾ-ਜੀਵਨ
3. ਮਿਥਿਹਾਸ, ਧਾਰਮਿਕ ਵਿਸ਼ਵਾਸ ਆਦਿ

## 1. ਪ੍ਰਕ੍ਰਿਤੀ

ਮਨੁੱਖ ਜਦੋਂ ਤੋਂ ਇਸ ਸ੍ਰਿਸ਼ਟੀ ਉਪਰ ਆਇਆ ਹੈ ਉਦੋਂ ਤੋਂ ਹੀ ਉਸ ਦੀ ਪ੍ਰਕ੍ਰਿਤੀ ਨਾਲ ਬੜੀ ਡੂੰਘੀ ਅਤੇ ਨੇੜੇ ਦੀ ਸਾਂਝ ਰਹੀ ਹੈ। ਕਵੀ ਦੀ ਪ੍ਰਕ੍ਰਿਤੀ ਨਾਲ ਭਾਵਾਤਮਕ ਸਾਂਝ ਤਾਂ ਸਾਧਾਰਣ ਮਨੁੱਖ ਨਾਲੋਂ ਹੋਰ ਵੀ ਵਧੇਰੇ ਹੁੰਦੀ ਹੈ। ਕਵੀ ਦੀ ਅੱਖ ਪ੍ਰਕ੍ਰਿਤੀ ਦੇ ਕਣ ਕਣ ਵਿਚੋਂ ਉਹ ਰਹੱਸਮਈ ਜਲਵੇ ਵੇਖ ਸਕਦੀ ਹੈ ਜਿਨ੍ਹਾਂ ਦਾ ਦੀਦਾਰ ਇਕ ਸਾਧਾਰਣ ਮਨੁੱਖ ਦੀ ਅੱਖ ਨੂੰ ਨਸੀਬ ਨਹੀਂ ਹੁੰਦਾ। ਕਵੀ ਜਾਂ ਕਵਿਤਾ ਦੇ ਪ੍ਰਕ੍ਰਿਤੀ ਨਾਲ ਇਸ ਅਟੁੱਟ ਰਿਸ਼ਤੇ ਨੂੰ ਜੇਕਰ ਨਹੁੰ-ਮਾਸ ਦਾ ਰਿਸ਼ਤਾ ਆਖ ਦਈਏ ਤਾਂ ਗਲਤ ਨਹੀਂ ਹੋਵੇਗਾ। ਹਰੇਕ ਕਵੀ ਹੀ ਪ੍ਰਕ੍ਰਿਤੀ ਦੀ ਅਸੀਮ ਵਲਗਣ ਵਿਚੋਂ ਆਪਣੇ ਬਿੰਬਾਂ ਲਈ ਸਾਮਗ੍ਰੀ ਲੈਂਦਾ ਹੈ। ਕੋਈ ਕਵੀ ਇਸ ਪ੍ਰਾਕ੍ਰਿਤਕ ਸਾਮਗ੍ਰੀ ਦੀ ਵਰਤੋਂ ਵੱਧ ਕਰਦਾ ਹੈ ਤੇ ਕੋਈ ਘੱਟ ਪਰ ਇਸ ਤੋਂ ਸੱਖਣਾ ਕੋਈ ਕਵੀ ਨਹੀਂ ਹੁੰਦਾ। ਡਾ. ਪ੍ਰੇਮ ਪ੍ਰਕਾਸ਼ ਸਿੰਘ ਅਨੁਸਾਰ, "ਪ੍ਰਕ੍ਰਿਤੀ ਦਾ ਚਿਤ੍ਰਣ ਉਂਜ ਹਰ ਕਵੀ ਦੀ ਰਚਨਾ ਵਿਚ ਮਿਲਦਾ ਹੈ ਕਿਉਂਕਿ ਕਵੀ ਦਾ ਸਾਰਾ ਕਲਾ-ਕਰਮ ਪ੍ਰਕ੍ਰਿਤੀ ਦੀ ਵਿਸ਼ਾਲ ਤੇ ਸਰਵ-ਵਿਆਪਕ ਵਲਗਣ ਵਿਚ ਪੈਦਾ ਹੁੰਦਾ, ਵੱਧਦਾ ਤੇ ਪ੍ਰਫੁਲਿਤ ਹੁੰਦਾ ਹੈ। ਕੁਦਰਤ ਮਨੁੱਖ ਦੀ ਚਿਰਸੰਗੀ ਸਾਥਣ ਹੈ। ਕਵੀ ਦੀ ਅੱਖ ਕੁਦਰਤੀ ਸੁਹੱਪਣ ਦੇ ਹਰ ਅੰਗ ਨੂੰ ਰੀਝ ਨਾਲ ਤੱਕਦੀ, ਲੱਭਦੀ ਤੇ ਮਾਣਦੀ ਹੈ।"[4] ਪ੍ਰਕ੍ਰਿਤਕ ਸਾਮਗ੍ਰੀ ਦੀ ਵਰਤੋਂ ਨਾਲ ਕੋਈ ਕਵੀ ਆਪਣੀ ਕਵਿਤਾ ਨੂੰ ਕਿੰਨਾ ਕੁ ਸੁਹਜਮਈ ਅਤੇ ਪ੍ਰਭਾਵਸ਼ਾਲੀ ਬਣਾਉਂਦਾ ਹੈ, ਇਹ ਗੱਲ ਹਰ ਇਕ ਕਵੀ ਦੀ ਆਪਣੀ ਕਾਵਿ-ਪ੍ਰਤਿਭਾ ਅਤੇ ਰੁਚੀ ਉੱਤੇ ਨਿਰਭਰ ਕਰਦੀ ਹੈ।

ਕਵੀ ਆਪਣੀ ਕਵਿਤਾ ਵਿਚ ਪ੍ਰਕ੍ਰਿਤੀ ਦਾ ਪ੍ਰਯੋਗ ਕਈ ਰੂਪਾਂ ਵਿਚ ਕਰਦਾ ਹੈ। ਹਡਸਨ ਨੇ ਕਵਿਤਾ ਵਿਚ ਪ੍ਰਕ੍ਰਿਤੀ ਚਿਤ੍ਰਣ ਦੀਆਂ ਜਿਨ੍ਹਾਂ ਕਈ ਵਿਧੀਆਂ ਦਾ ਜ਼ਿਕਰ ਕੀਤਾ ਹੈ ਉਨ੍ਹਾਂ ਵਿਚੋਂ ਇਕ ਵਿਸ਼ੇਸ਼ ਵਿਧੀ ਹੈ – ਬਿੰਬਾਵਲੀ ਦੇ ਸ੍ਰੋਤ ਵਜੋਂ (As a source of imagery) ਪ੍ਰਕ੍ਰਿਤੀ ਦਾ ਪ੍ਰਯੋਗ।[5] ਡਾ. ਅਤਰ ਸਿੰਘ ਦਾ ਕਥਨ ਹੈ ਕਿ, "ਸਾਹਿਤਕਾਰ ਪ੍ਰਕ੍ਰਿਤੀ ਦੇ ਭਿੰਨ ਭਿੰਨ ਰੂਪਾਂ ਵਿਚ ਆਪਣੇ ਮਨੋਭਾਵਾਂ ਨੂੰ ਪਰਵਰਤਿਤ ਕਰਦਾ ਹੋਇਆ ਪ੍ਰਕ੍ਰਿਤੀ ਵਿਚੋਂ ਬਿੰਬ ਸਿਰਜਦਾ ਹੈ।"[6] ਇਸ ਤਰ੍ਹਾਂ ਪ੍ਰਕ੍ਰਿਤੀ ਬਿੰਬਾਂ ਦਾ ਇਕ ਅਮੁੱਕ ਭੰਡਾਰ



Marfat.com

ਹੈ ਅਤੇ ਹਰੇਕ ਯੁਗ ਦੇ ਕਵੀ ਆਪਣੇ ਭਾਵਾਂ ਤੇ ਵਿਚਾਰਾਂ ਨੂੰ ਮੂਰਤੀਮਾਨ ਕਰਨ ਲਈ ਇਸ ਵਿਚੋਂ ਸਾਮਗ੍ਰੀ ਲੈਂਦੇ ਰਹੇ ਹਨ ਤੇ ਲੈਂਦੇ ਰਹਿਣਗੇ।

ਬਾਬਾ ਫ਼ਰੀਦ ਪ੍ਰਕ੍ਰਿਤੀ ਦਾ ਮਹਾਨ ਪੁਜਾਰੀ ਤੇ ਰਸੀਆ ਕਿਹਾ ਜਾ ਸਕਦਾ ਹੈ। ਉਸ ਨੇ ਪ੍ਰਕ੍ਰਿਤੀ-ਚਿਤ੍ਰਣ ਨੂੰ ਆਪਣੀ ਕਾਵਿ ਰਚਨਾ ਦਾ ਬਲਵਾਨ ਸਾਧਨ ਬਣਾਇਆ ਹੈ। ਡਾ. ਦਰਸ਼ਨ ਸਿੰਘ ਅਨੁਸਾਰ, "ਆਪ ਜੀ ਦਾ ਕੁਦਰਤ ਅਧਿਐਨ ਅਤੇ ਕੁਦਰਤ ਚਿਤ੍ਰਣ ਬਹੁਤ ਹੀ ਪ੍ਰਸ਼ੰਸਨੀਯ ਹੈ। ਰੁੱਤਾਂ ਦਾ ਫਿਰਨਾਂ, ਵਣਾਂ ਦੀ ਕੰਬਣੀ, ਕਤਕ ਦੀਆਂ ਕੂੰਜਾਂ ਦੀ ਉਡਾਨ, ਸਾਵਣ ਦੀਆਂ ਬਿਜਲੀਆਂ ਦਾ ਚਮਕਣਾ, ਕਾਲੀ ਕੋਇਲ ਦੀ ਕਲਿਤਣ, ਕੇਲ ਕਰੇਂਦੇ ਅਚਿੰਤੇ ਬਗਲਿਆਂ ਉੱਤੇ ਬਾਜਾਂ ਦੀਆਂ ਝਪਟਾਂ, ਕਸੁੰਭੜੇ ਫੁਲਾਂ ਦਾ ਸ਼ੋਖ ਰੰਗ, ਟਿੱਬਿਆਂ ਉੱਤੇ ਵਸ ਰਿਹਾ ਮੀਂਹ ਅਤੇ ਹੋਰ ਜੀਅ ਜੰਤਾਂ ਦੇ ਪ੍ਰਾਕ੍ਰਿਤਕ ਨਜ਼ਾਰਿਆਂ ਦਾ ਚਿਤ੍ਰਣ ਆਪ ਦੀ ਕਾਵਿਕ ਅਭਿਵਿਅਕਤੀ ਦੀ ਕਲਾ-ਕੌਸ਼ਲਤਾ ਦੇ ਉਤਕ੍ਰਿਸ਼ਟ ਨਮੂਨੇ ਹਨ।"[7] ਬਾਬਾ ਫ਼ਰੀਦ ਦੀ ਦ੍ਰਿਸ਼ਟੀ ਬੜੀ ਡੂੰਘੀ ਤੇ ਵਿਸ਼ਾਲ ਹੈ। ਉਸ ਦੀ ਬਾਣੀ ਦਾ ਅਧਿਐਨ ਦੱਸਦਾ ਹੈ ਕਿ ਪ੍ਰਕ੍ਰਿਤੀ ਅਤੇ ਜੀਵਨ, ਦੋਹਾਂ ਖੇਤਰਾਂ ਨੂੰ ਉਸ ਨੇ ਬਹੁਤ ਨੇੜਿਉਂ ਹੋ ਕੇ ਤੱਕਿਆ ਹੈ। ਪ੍ਰਕ੍ਰਿਤੀ ਦੀ ਮਦਦ ਨਾਲ ਜਿਥੇ ਬਾਬਾ ਫ਼ਰੀਦ ਨੇ ਆਪਣੇ ਭਾਵਾਂ ਤੇ ਵਿਚਾਰਾਂ ਦੀ ਪ੍ਰਦਰਸ਼ਨੀ ਕੀਤੀ ਹੈ, ਉਨ੍ਹਾਂ ਨੂੰ ਵਧੇਰੇ ਸਪਸ਼ਟ ਤੇ ਬਲਵਾਨ ਬਣਾਇਆ ਹੈ ਉਥੇ ਕਲਾ ਦੇ ਪੱਖੋਂ ਵੀ ਕਵਿਤਾ ਵਿਚ ਵਿਸ਼ੇਸ਼ ਸੁਹਜ ਪੈਦਾ ਕੀਤਾ ਹੈ ਅਤੇ ਆਪਣੀ ਅਭਿਵਿਅਕਤੀ ਨੂੰ ਪ੍ਰਭਾਵਸ਼ਾਲੀ ਤੇ ਕਲਾਤਮਕ ਬਣਾਇਆ ਹੈ। ਪ੍ਰਕ੍ਰਿਤੀ ਦੇ ਅਮੁਕ ਤੇ ਸਰਵ-ਵਿਆਪਕ ਭੰਡਾਰ ਵਿਚੋਂ ਬਾਬਾ ਫ਼ਰੀਦ ਨੇ ਆਪਣੇ ਬਿੰਬਾਂ ਦੀ ਸਿਰਜਣਾ ਵਾਸਤੇ ਵੰਨ-ਸਵੰਨੀ ਸਾਮਗ੍ਰੀ ਪ੍ਰਾਪਤ ਕੀਤੀ ਹੈ ਜਿਸ ਦਾ ਉਲੇਖ ਹੇਠਾਂ ਕੀਤਾ ਜਾਂਦਾ ਹੈ।

## (ੳ) ਬਨਸਪਤੀ

ਬਨਸਪਤੀ ਪ੍ਰਕ੍ਰਿਤੀ ਦਾ ਇਕ ਸੁਹਾਣਾ ਅੰਗ ਹੈ। ਬਾਬਾ ਫ਼ਰੀਦ ਨੇ ਪ੍ਰਕ੍ਰਿਤੀ ਦੇ ਇਸ ਅਮੋਲਕ ਤੇ ਅਸੀਮ ਭੰਡਾਰੇ ਵਿਚੋਂ ਸਾਮਗ੍ਰੀ ਲੈ ਕੇ ਆਪਣੇ ਭਾਵਾਂ ਤੇ ਵਿਚਾਰਾਂ ਦੀ ਅਭਿਵਿਅਕਤੀ ਕੀਤੀ ਹੈ ਅਤੇ ਰੁਖ, ਫਲ, ਫੁੱਲ, ਬਾਗ-ਬਗੀਚੇ, ਘਾਹ, ਫਸਲਾਂ, ਜੰਗਲ ਆਦਿ ਨੂੰ ਆਪਣੇ ਬਿੰਬਾਂ ਦੀ ਸਾਮਗ੍ਰੀ ਵਜੋਂ ਪ੍ਰਯੋਗ ਵਿਚ ਲਿਆਂਦਾ ਹੈ। ਉਸ ਦੀ ਬਿੰਬਾਵਲੀ ਵਿਚ ਬਨਸਪਤੀ ਵਿਚੋਂ ਲਏ ਗਏ ਉਪਮਾਨਾਂ, ਰੂਪਕਾਂ, ਪ੍ਰਤੀਕਾਂ ਆਦਿ ਦਾ ਵੇਰਵਾ ਇਸ ਪ੍ਰਕਾਰ ਹੈ :

**ਰੁਖ :**

ਰੁਖ ਆਪ ਸਰਦੀ-ਗਰਮੀ, ਧੁਪਾਂ ਬਾਰਿਸ਼, ਹਨੇਰੀ-ਝੱਖੜ ਆਦਿ ਨੂੰ ਖਿੜੇ ਮੱਥੇ ਸਹਿਣ ਕਰਦਾ ਹੋਇਆ ਵੀ ਲੋਕਾਂ ਨੂੰ ਹਰਿਆਵਲ ਤੇ ਛਾਂ ਦਿੰਦਾ ਹੈ। ਆਪ ਕੱਟਿਆ ਵੱਢਿਆ ਜਾ ਕੇ ਲੋਕਾਂ ਲਈ ਲਕੜੀ ਤੇ ਬਾਲਣ ਬਣਦਾ ਹੈ ਪਰ ਮੂੰਹੋਂ 'ਸੀ' ਤਕ ਨਹੀਂ ਕਹਿੰਦਾ। ਨਿਸਚੇ ਹੀ ਇਸ ਭਾਂਤ ਦੀ ਸਹਿਣ-ਸ਼ੀਲਤਾ ਅਤੇ ਪਰਉਪਕਾਰ ਵਾਸਤੇ ਵਿਸ਼ਾਲ ਜਿਗਰੇ ਦੀ ਲੋੜ ਹੈ। ਬਾਬਾ ਫ਼ਰੀਦ ਨੇ ਰੁਖ ਨੂੰ ਸਹਿਣਸ਼ੀਲਤਾ, ਨਿਮਰਤਾ ਤੇ ਪਰਉਪਕਾਰੀ ਬਿਰਤੀ ਦਾ ਪ੍ਰਤੀਕ ਬਣਾ ਕੇ ਪੇਸ਼ ਕੀਤਾ ਹੈ ਤੇ ਮੰਗ ਕੀਤੀ ਹੈ ਕਿ ਇਕ ਦਰਵੇਸ਼ ਦਾ ਮਨ ਤੇ



Marfat.com

ਜਿਗਰਾ ਰੁਖਾਂ ਵਰਗਾ ਹੋਣਾ ਚਾਹੀਦਾ ਹੈ :

ਦਰਵੇਸਾਂ ਨੂੰ ਲੋੜੀਐ ਰੁਖਾਂ ਦੀ ਜੀਰਾਂਦਿ ॥

(ਆਦਿ ਗ੍ਰੰਥ, ਪੰਨਾ 1381)

ਰੁਖ ਦੇ ਬਿੰਬ ਨੂੰ ਬਾਬਾ ਫ਼ਰੀਦ ਨੇ ਇਕ ਹੋਰ ਪ੍ਰਸੰਗ ਵਿਚ ਵੀ ਵਰਤਿਆ ਹੈ। ਨਦੀ ਕਿਨਾਰੇ ਉਗੇ ਹੋਏ ਰੁਖ ਦਾ ਦ੍ਰਿਸ਼ਟਾਂਤ ਦੇ ਕੇ ਜੀਵਨ ਦੀ ਅਸਥਿਰਤਾ ਦਾ ਵਿਚਾਰ ਪ੍ਰਗਟ ਕੀਤਾ ਹੈ। ਜਿਸ ਤਰ੍ਹਾਂ ਨਦੀ ਦੇ ਕਿਨਾਰੇ ਖੜੇ ਰੁਖ ਨੇ ਇਕ ਦਿਨ ਜ਼ਰੂਰ ਹੀ ਡਿਗਣਾ ਹੁੰਦਾ ਹੈ ਇਸੇ ਤਰ੍ਹਾਂ ਮਨੁੱਖੀ ਜੀਵਨ ਦਾ ਵੀ ਇਕ ਨਾ ਇਕ ਦਿਨ ਅੰਤ ਜ਼ਰੂਰ ਹੁੰਦਾ ਹੈ :

ਕੰਧੀ ਉਤੇ ਰੁਖੜਾ ਕਿਚਰਕੁ ਬੰਨੈ ਧੀਰ ॥

(ਆਦਿ ਗ੍ਰੰਥ, ਪੰਨਾ 1382)

## ਸ਼ਾਖ (ਟਾਹਣੀ), ਪੱਤੇ

ਬੁਢਾਪਾ ਆਉਣ ਤੇ ਮਨੁੱਖੀ ਸਰੀਰ ਕਮਜ਼ੋਰ ਪੈ ਜਾਂਦਾ ਹੈ। ਅੱਖਾਂ ਦੀ ਜੋਤ ਘੱਟ ਜਾਂਦੀ ਹੈ, ਉੱਚਾ ਸੁਣਨਾ ਸ਼ੁਰੂ ਹੋ ਜਾਂਦਾ ਹੈ। ਮੌਤ ਦਾ ਦਿਨ ਨੇੜੇ ਆਉਣ ਦੀਆਂ ਨਿਸ਼ਾਨੀਆਂ ਪ੍ਰਗਟ ਹੋਣੀਆਂ ਸ਼ੁਰੂ ਹੋ ਜਾਂਦੀਆਂ ਹਨ। ਇਸ ਵਿਚਾਰ ਨੂੰ ਬਾਬਾ ਫ਼ਰੀਦ ਨੇ ਪੱਕ ਚੁੱਕੀ ਟਾਹਣੀ ਦੇ ਬਿੰਬ ਨਾਲ ਰੂਪਮਾਨ ਕੀਤਾ ਹੈ ਜਿਸ ਨੇ ਜਲਦੀ ਹੀ ਝੜ ਕੇ ਡਿਗ ਪੈਣਾ ਹੁੰਦਾ ਹੈ :

ਫ਼ਰੀਦਾ ਅਖੀਂ ਦੇਖ ਪਤੀਣੀਆਂ ਸੁਣਿ ਸੁਣਿ ਰੀਣੇ ਕੰਨ ॥<br>
ਸਾਖ ਪਕੰਦੀ ਆਈਆ ਹੋਰ ਕਰੇਂਦੀ ਵੰਨ ॥ (ਆਦਿ ਗ੍ਰੰਥ, ਪੰਨਾ 1378)

ਏਸੇ ਤਰ੍ਹਾਂ ਹੀ ਬਾਬਾ ਫ਼ਰੀਦ ਨੇ ਝੜਦੇ ਪੱਤਿਆਂ ਦੇ ਬਿੰਬ ਰਾਹੀਂ ਮਨੁੱਖੀ ਸਰੀਰ ਦੇ ਨਕਾਰਾ ਹੋ ਰਹੇ ਅੰਗਾਂ ਦਾ ਚਿੱਤਰ ਖਿੱਚਦਿਆਂ ਜੀਵਨ ਦੀ ਨਾਸ਼ਮਾਨਤਾ ਨੂੰ ਦ੍ਰਿੜ੍ਹ ਕਰਵਾਇਆ ਹੈ :

ਫਰੀਦਾ ਰੁਤਿ ਫਿਰੀ ਵਣੁ ਕੰਬਿਆ ਪਤ ਝੜੇ ਝੜਿ ਪਾਹਿ<br>
ਚਾਰੇ ਕੁੰਡਾ ਢੂੰਡੀਆ ਰਹਣੁ ਕਿਥਾਊ ਨਾਹਿ ॥

(ਆਦਿ ਗ੍ਰੰਥ, ਪੰਨਾ 1383)

## ਘਾਹ (ਦਭੁ)

ਬਾਬਾ ਫ਼ਰੀਦ ਅਨੁਸਾਰ ਪ੍ਰਭੂ ਨੂੰ ਪ੍ਰਾਪਤ ਕਰਨ ਲਈ ਜੀਵ ਨੂੰ ਨਿਮਰਤਾ, ਸਹਿਣ-ਸ਼ੀਲਤਾ ਆਦਿ ਗੁਣਾਂ ਨੂੰ ਧਾਰਨ ਕਰਨਾ ਅਤਿ ਜ਼ਰੂਰੀ ਹੈ। ਘਾਹ ਦਾ ਦ੍ਰਿਸ਼ਟਾਂਤ ਬਿੰਬ ਦੇ ਕੇ ਕਵੀ ਨੇ ਜੀਵ ਨੂੰ ਨਿਮਰਤਾ ਗ੍ਰਹਿਣ ਕਰਨ ਦਾ ਉਪਦੇਸ਼ ਦਿੱਤਾ ਹੈ :

ਫਰੀਦਾ ਥੀਉ ਪਵਾ ਹੀ ਦਭੁ ॥ ਜੇ ਸਾਈਂ ਲੋੜਹਿ ਸਭੁ ॥

(ਆਦਿ ਗ੍ਰੰਥ, ਪੰਨਾ 1378)

## ਕਪਾਹ, ਕਮਾਦ

ਕਪਾਹ ਨੂੰ ਪਹਿਲਾਂ ਵੇਲਣੇ ਵਿਚ ਵੇਲਿਆ ਜਾਂਦਾ ਹੈ, ਫਿਰ ਪਿੰਜਿਆ ਤੇ ਤੁੰਬਿਆ ਜਾਂਦਾ



Marfat.com

ਹੈ। ਇਸੇ ਤਰ੍ਹਾਂ ਕਮਾਦ ਨੂੰ ਪਹਿਲਾਂ ਵੇਲਣੇ ਵਿਚ ਪੀੜਿਆ ਜਾਂਦਾ ਹੈ ਤੇ ਫਿਰ ਉਸ ਵਿਚੋਂ ਨਿਕਲੀ ਰਸ ਨੂੰ ਅੱਗ ਦੀਆਂ ਲਾਟਾਂ ਉਪਰ ਰੱਖੇ ਹੋਏ ਕੜਾਹੇ ਵਿਚ ਪਾ ਕੇ ਰਿੰਨਿਆ ਜਾਂਦਾ ਹੈ। ਕਿੰਨੇ ਕਸ਼ਟ ਤੇ ਕਿੰਨੀ ਸਖ਼ਤ ਸਜ਼ਾ ਦਿੱਤੀ ਜਾਂਦੀ ਹੈ ਇਨ੍ਹਾਂ ਨੂੰ ! ਬਾਬਾ ਫ਼ਰੀਦ ਨੇ ਕਪਾਹ, ਕਮਾਦ, ਕਾਗਜ਼, ਤਿਲ ਤੇ ਕੋਲਿਆਂ ਦੀ ਇਸ ਸਾਂਝੀ ਤੇ ਦੁਖਦਾਇਕ ਹੋਣੀ ਨੂੰ, ਮੰਦੇ ਅਮਲ ਕਰਨ ਵਾਲੇ ਮਨੁੱਖਾਂ ਨੂੰ ਭਵਿਖਤ ਵਿਚ ਮਿਲਣ ਵਾਲੀ ਸਜ਼ਾ ਲਈ ਕਿੰਨਾ ਸੁੰਦਰ ਦ੍ਰਿਸ਼ਟਾਂਤ ਬਿੰਬ ਬਣਾ ਕੇ ਪੇਸ਼ ਕੀਤਾ ਹੈ :

ਫਰੀਦਾ ਵੇਖੁ ਕਪਾਹੈ ਜਿ ਥੀਆ ਜਿ ਸਿਰਿ ਥੀਆ ਤਿਲਾਹੁ ॥
ਕਮਾਦੈ ਅਰ ਕਾਗਦੈ ਕੁੰਨੇ ਕੋਇਲਿਆਹ ॥
ਮੰਦੇ ਅਮਲ ਕਰੇਂਦਿਆਂ ਏਹ ਸਜਾਇ ਤਿਨਾਹ ॥

(ਆਦਿ ਗ੍ਰੰਥ, ਪੰਨਾ 1380)

### ਫੁੱਲ, ਫਲ

ਬਾਬਾ ਫ਼ਰੀਦ ਨੇ ਫੁੱਲ ਅਤੇ ਫਲ ਨੂੰ ਵੀ ਆਪਣੀ ਬਿੰਬਾਵਲੀ ਦੀ ਸਾਮਗ੍ਰੀ ਵਜੋਂ ਪ੍ਰਯੋਗ ਵਿਚ ਲਿਆਂਦਾ ਹੈ। ਉਸ ਅਨੁਸਾਰ ਪਹਿਲੇ ਪਹਿਰ ਪ੍ਰਭੂ ਦੀ ਕੀਤੀ ਬੰਦਗੀ ਨੂੰ ਫੁੱਲ ਲੱਗਦੇ ਹਨ ਅਤੇ ਪਿਛਲੇ ਪਹਿਰ ਅਰਥਾਤ ਅੰਮ੍ਰਿਤ ਵੇਲੇ ਕੀਤੀ ਬੰਦਗੀ ਫਲ ਦੀ ਪ੍ਰਾਪਤੀ ਦੇ ਸਮਾਨ ਹੈ। ਇਸ ਫੁੱਲ ਤੇ ਫਲ ਦੀ ਦਾਤ ਪ੍ਰਭੂ ਉਨ੍ਹਾਂ ਨੂੰ ਹੀ ਬਖਸ਼ਦਾ ਹੈ ਜੋ ਜਾਗ ਕੇ ਉਸ ਦਾ ਸਿਮਰਨ ਕਰਦੇ ਹਨ :

ਪਹਿਲੇ ਪਹਿਰੈ ਫੁਲੜਾ ਫਲੁ ਭੀ ਪਛਾ ਰਾਤਿ ॥
ਜੋ ਜਾਗੰਨਿ ਲਹੰਨਿ ਸੇ ਸਾਈ ਕੰਨੋ ਦਾਤਿ ॥

(ਆਦਿ ਗ੍ਰੰਥ, ਪੰਨਾ 1384)

### ਦਾਖ, ਕਿੱਕਰ

ਕਰਮ-ਫਲ ਦੇ ਸਿੱਧਾਂਤ ਅਨੁਸਾਰ ਜਿਹੋ ਜਿਹਾ ਕੋਈ ਬੀਜਦਾ ਹੈ ਉਹੋ ਜਿਹਾ ਹੀ ਵੱਢਦਾ ਹੈ ਅਰਥਾਤ ਜਿਸ ਤਰ੍ਹਾਂ ਦਾ ਮਨੁੱਖ ਕਰਮ ਕਰਦਾ ਹੈ ਉਸੇ ਤਰ੍ਹਾਂ ਦਾ ਉਸ ਨੂੰ ਫਲ ਮਿਲਦਾ ਹੈ। ਇਸ ਵਿਚਾਰ ਨੂੰ ਹੀ ਪ੍ਰਗਟ ਕਰਨ ਲਈ ਬਾਬਾ ਫ਼ਰੀਦ ਲਿਖਦਾ ਹੈ ਕਿ ਜੱਟ ਕਿੱਕਰ ਬੀਜ ਕੇ ਦਾਖ ਦੀ ਪ੍ਰਾਪਤੀ ਦੀ ਆਸ ਨਾ ਰੱਖੇ :

ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ ॥

(ਆਦਿ ਗ੍ਰੰਥ, ਪੰਨਾ 1379)

### ਖਜੂਰ

ਬਾਬਾ ਫ਼ਰੀਦ ਨੇ ਰੱਬ ਨੂੰ ਪੱਕੀ ਹੋਈ ਖਜੂਰ ਵਾਂਗ ਅਤੇ ਸ਼ਹਿਦ ਦੀ ਨਦੀ ਵਾਂਗ ਵਾਂਗ ਮਿੱਠਾ ਦੱਸਿਆ ਹੈ :

ਫ਼ਰੀਦਾ ਰੱਬ ਖਜੂਰੀ ਪੱਕੀਆਂ ਮਾਖਿਆ ਨਈ ਵਹੰਨਿ ॥

(ਆਦਿ ਗ੍ਰੰਥ, ਪੰਨਾ 1382)



Marfat.com

## ਜੰਗਲ, ਕੰਡੇ

ਬਾਬਾ ਫ਼ਰੀਦ ਨੇ ਜੰਗਲ ਜਾਂ ਬਣ ਦੇ ਬਿੰਬ ਨੂੰ ਕਈਆਂ ਥਾਵਾਂ ਉਪਰ ਅਤੇ ਵੱਖ ਵੱਖਰੇ ਪ੍ਰਸੰਗਾਂ ਵਿਚ ਵਰਤਿਆ ਹੈ। ਪਹਿਲਾਂ ਇਹ ਦੱਸਣ ਲਈ ਕਿ ਰੱਬ ਨੂੰ ਜੰਗਲ ਵਿਚ ਨਾ ਲੱਭੋ ਸਗੋਂ ਹਿਰਦੇ ਵਿਚੋਂ ਢੂੰਡੋ :

ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ ॥
ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ ॥

(ਆਦਿ ਗ੍ਰੰਥ, ਪੰਨਾ 1378)

ਫਿਰ ਇਕ ਸ਼ਲੋਕ ਵਿਚ ਬਾਬਾ ਫਰੀਦ ਉਨ੍ਹਾਂ ਪੰਛੀਆਂ ਤੋਂ ਸਦਕੇ ਜਾਂਦਾ ਹੈ ਜੋ ਜੰਗਲ ਵਿਚ ਰਹਿੰਦੇ ਹਨ, ਕਕਰ ਚੁਗ ਕੇ ਨਿਰਬਾਹ ਕਰਦੇ ਹਨ, ਧਰਤੀ ਤੇ ਵਸਦੇ ਹਨ, ਅਤੇ ਸਾਦਾ ਜੀਵਨ ਜਿਉਂ ਕੇ ਵੀ ਉਹ ਰੱਬ ਦਾ ਧਿਆਨ ਨਹੀਂ ਛੱਡਦੇ :

ਫਰੀਦਾ ਹਉ ਬਲਿਹਾਰੀ ਤਿਨ੍ ਪੰਖੀਆ ਜੰਗਲਿ ਜਿਨ੍ਾ ਵਾਸ ॥
ਕਕਰੁ ਚੁਗਨਿ ਥਲਿ ਵਸਨਿ ਰੱਬ ਨ ਛੋਡਨਿ ਪਾਸ ॥

(ਆਦਿ ਗ੍ਰੰਥ, ਪੰਨਾ 1383)

ਇਸ ਤੋਂ ਅਗਲੇ ਸ਼ਲੋਕ ਵਿਚ ਬਾਬਾ ਫ਼ਰੀਦ ਨੇ ਜੰਗਲ ਨੂੰ ਮਨੁੱਖੀ ਸਰੀਰ ਦਾ ਰੂਪਕ ਬਣਾ ਕੇ, ਰੁੱਤ ਦੇ ਬਦਲਣ ਤੇ ਸੁੱਕੇ ਪੱਤਿਆਂ ਦੇ ਝੜਨ ਦੀਆਂ ਪ੍ਰਕ੍ਰਿਆਵਾਂ ਰਾਹੀਂ ਮਨੁੱਖੀ ਮਨੁੱਖੀ ਜੀਵਨ ਦੀ ਅਸਥਿਰਤਾ ਦਾ ਭਾਵ ਵਿਅਕਤ ਕੀਤਾ ਹੈ :

ਫ਼ਰੀਦਾ ਰੁਤਿ ਫਿਰੀ ਵਣੁ ਕੰਬਿਆ ਪਤ ਝੜੇ ਝੜਿ ਪਾਹਿ ॥
ਚਾਰੇ ਕੁੰਡਾ ਢੂੰਢੀਆਂ ਰਹਣੁ ਕਿਥਾਊ ਨਾਹਿ ॥

(ਆਦਿ ਗ੍ਰੰਥ, ਪੰਨਾ 1383)

ਇਕ ਹੋਰ ਸ਼ਲੋਕ ਵਿਚ ਕਵੀ ਨੇ ਜੰਗਲ ਵਿਚ ਅੰਗਿਆਰਾਂ ਦੀ ਭਾਲ ਵਿਚ ਫਿਰ ਰਹੇ ਲੋਹਾਰ ਦਾ ਚਿੱਤਰ ਖਿੱਚਿਆ ਹੈ। ਮੋਢੇ ਤੇ ਕੁਹਾੜਾ ਅਤੇ ਸਿਰ ਉਪਰ ਪਾਣੀ ਦਾ ਘੜਾ ਚੁੱਕੀ ਲੁਹਾਰ ਜੰਗਲ ਦਾ ਬਾਦਸ਼ਾਹ ਪ੍ਰਤੀਤ ਹੁੰਦਾ ਹੈ। ਉਹ ਜੰਗਲ ਵਿਚ ਅੰਗਿਆਰਾਂ ਵਰਗੀ ਦੁਨਿਆਵੀ ਵਸਤੂ ਦੀ ਤਲਾਸ਼ ਵਿਚ ਹੈ ਪਰ ਬਾਬਾ ਫ਼ਰੀਦ ਨੂੰ ਆਪਣੇ ਪ੍ਰਭੂ-ਪ੍ਰੀਤਮ ਦੀ ਤਲਾਸ਼ ਹੈ :

ਕੰਧਿ ਕੁਹਾੜਾ ਸਿਰਿ ਘੜਾ ਵਣਿ ਕੈ ਸਰੁ ਲੋਹਾਰ ॥
ਫਰੀਦਾ ਹਉ ਲੋੜੀ ਸਹੁ ਆਪਣਾ ਤੂ ਲੋੜਹਿ ਅੰਗਿਆਰ ॥

(ਆਦਿ ਗ੍ਰੰਥ, ਪੰਨਾ 1380)

## ਸੁਹਾਵਾ ਬਾਗ

ਬਾਬਾ ਫ਼ਰੀਦ ਨੇ ਦੁਨੀਆਂ ਲਈ ਇਕ ਸੁੰਦਰ ਬਾਗ ਦਾ ਰੂਪਕ ਵਰਤਿਆ ਹੈ। ਇਸ ਬਾਗ ਅੰਦਰ ਜੀਵ ਰੂਪੀ ਪੰਛੀ ਪਰਾਹੁਣੇ ਬਣ ਕੇ ਆਉਂਦੇ ਹਨ ਜਿਨ੍ਹਾਂ ਨੇ ਇਕ ਨਾ ਇਕ ਦਿਨ ਇਥੋਂ ਉਡਾਰੀ ਮਾਰਨੀ ਹੀ ਹੁੰਦੀ ਹੈ :



Marfat.com

ਫਰੀਦਾ ਪੰਖ ਪਰਾਹੁਣੀ ਦੁਨੀ ਸੁਹਾਵਾ ਬਾਗੁ ॥
ਨਉਬਤਿ ਵਜੀ ਸੁਬਹ ਸਿਉ ਚਲਣ ਕਾ ਕਰਿ ਸਾਜੁ ॥

(ਆਦਿ ਗ੍ਰੰਥ, ਪੰਨਾ 1382)

**ਕਸੁੰਭੜਾ**

ਕਸੁੰਭੇ ਦਾ ਫ਼ੁੱਲ ਵੇਖਣ ਨੂੰ ਤਾਂ ਬੜਾ ਸੁੰਦਰ ਹੁੰਦਾ ਹੈ ਤੇ ਇਸ ਦਾ ਰੰਗ ਵੀ ਬੜਾ ਸ਼ੋਖ ਹੁੰਦਾ ਹੈ ਪਰ ਇਹ ਫੁੱਲ ਬੜਾ ਥੋੜਾ ਚਿਰ ਰਹਿਣ ਵਾਲਾ ਹੁੰਦਾ ਹੈ ਤੇ ਇਸ ਦਾ ਰੰਗ ਵੀ ਕੱਚਾ ਹੁੰਦਾ ਹੈ। ਬਾਬਾ ਫ਼ਰੀਦ ਨੇ ਦੁਨਿਆਵੀ ਵਿਸ਼ੇ ਵਿਕਾਰਾਂ ਲਈ ਕਸੁੰਭੇ ਦਾ ਬਿੰਬ ਵਰਤਿਆ ਹੈ ਕਿਉਂ ਕਿ ਇਨ੍ਹਾਂ ਦਾ ਸੁਆਦ ਥੋੜ-ਚਿਰਾ ਤੇ ਅੰਤ ਮਾੜਾ ਹੁੰਦਾ ਹੈ :

ਹਥੁ ਨ ਲਾਇ ਕਸੁੰਭੜੈ ਜਲਿ ਜਾਸੀ ਢੋਲਾ ॥

(ਰਾਗ ਸੂਹੀ ਲਲਿਤ, ਆਦਿ ਗ੍ਰੰਥ ਪੰਨਾ 794)

**ਗੰਦਲਾਂ**

ਬਾਬਾ ਫ਼ਰੀਦ ਨੇ ਦੁਨਿਆਵੀ ਵਿਸ਼ੇ-ਵਿਕਾਰਾਂ ਲਈ ਉਨ੍ਹਾਂ ਵਿਸ-ਗੰਦਲਾਂ ਦਾ ਬਿੰਬ ਵਰਤਿਆ ਹੈ ਜੋ ਖੰਡ ਵਿਚ ਲਪੇਟੀਆਂ ਹੋਣ ਕਰਕੇ ਬਾਹਰੋਂ ਤਾਂ ਦਿਲਕਸ਼ ਤੇ ਸੁਆਦੀ ਜਾਪਦੀਆਂ ਹਨ ਪਰ ਇਨ੍ਹਾਂ ਦੇ ਅੰਦਰ ਜ਼ਹਿਰ ਭਰੀ ਹੁੰਦੀ ਹੈ :

ਫਰੀਦਾ ਏ ਵਿਸੁ ਗੰਦਲਾ ਧਰੀਆਂ ਖੰਡੁ ਲਿਵਾੜਿ ॥
ਇਕਿ ਰਾਹੇਦੇ ਰਹਿ ਗਏ ਇਕਿ ਰਾਧੀ ਗਏ ਉਜਾੜਿ ॥

(ਆਦਿ ਗ੍ਰੰਥ, ਪੰਨਾ 1379)

## (ਅ) ਪੰਛੀ, ਪਸ਼ੂ ਤੇ ਜੀਵ-ਜੰਤੂ

ਪ੍ਰਕ੍ਰਿਤੀ ਦੀ ਵਿਸ਼ਾਲ ਗੋਦੀ ਵਿਚ ਚਹਿਕਦੇ, ਗੁਟਕਦੇ ਤੇ ਉਡਾਰੀਆਂ ਮਾਰਦੇ ਵੰਨ-ਸਵੰਨੇ ਪੰਛੀਆਂ ਨੇ ਵੀ ਹਮੇਸ਼ਾ ਕਵੀ-ਮਨ ਨੂੰ ਆਪਣੇ ਵਲ ਆਕਰਸ਼ਿਤ ਕੀਤਾ ਹੈ। ਪ੍ਰਕ੍ਰਿਤੀ ਦੇ ਇਸ ਪਹਿਲੂ ਨੂੰ ਵੀ ਕਵੀਆਂ ਨੇ ਆਪਣੀ ਬਿੰਬਾਵਲੀ ਦੀ ਸਾਮਗ੍ਰੀ ਬਣਾਇਆ ਹੈ। ਬਾਬਾ ਫ਼ਰੀਦ ਨੇ ਵੀ ਪੰਛੀਆਂ ਦੀ ਰੰਗ-ਬਰੰਗੀ ਦੁਨੀਆਂ ਨੂੰ ਆਪਣੇ ਕਾਵਿ-ਬਿੰਬਾਂ ਦਾ ਅੰਗ ਬਣਾਇਆ ਹੈ। ਜਿਨ੍ਹਾਂ ਪੰਛੀਆਂ ਨੂੰ ਫ਼ਰੀਦ-ਬਾਣੀ ਵਿਚ ਬਿੰਬ ਬਣਾਇਆ ਗਿਆ ਹੈ ਉਨ੍ਹਾਂ ਵਿਚੋਂ ਕੋਇਲ, ਕਾਂ, ਹੰਸ, ਬਗਲਾ, ਬਾਜ ਆਦਿ ਵਿਸ਼ੇਸ਼ ਤੌਰ ਤੇ ਉਲੇਖਨੀਯ ਹਨ।

**ਕੋਇਲ**

ਕੋਇਲ ਨੂੰ ਸਵਾਲ ਕੀਤਾ ਜਾਂਦਾ ਹੈ ਕਿ ਉਹ ਇਸ ਕਦਰ ਕਾਲੀ ਕਿਉਂ ਹੈ ? ਕੋਇਲ ਦੱਸਦੀ ਹੈ ਕਿ ਉਹ ਆਪਣੇ ਪ੍ਰੀਤਮ ਦੇ ਵਿਛੋੜੇ ਵਿਚ ਜਲ-ਸੜ ਕੇ ਕਾਲੀ ਹੋ ਗਈ ਹੈ। ਇਸ ਤਰ੍ਹਾਂ ਕਵੀ ਨੇ ਕਾਲੀ ਕੋਇਲ ਨੂੰ ਬਿਰਹਣ ਦੇ ਬਿੰਬ ਵਜੋਂ ਵਰਤਿਆ ਹੈ। ਇਹ ਬਿਰਹਣ ਅਸਲ ਵਿਚ ਜੀਵ-ਆਤਮਾ ਹੈ ਜਿਸ ਦਾ ਇਹ ਹਾਲ ਆਪਣੇ ਪ੍ਰਭੂ-ਪ੍ਰੀਤਮ ਤੋਂ ਵਿਛੜ ਕੇ ਹੋਇਆ ਹੈ :



Marfat.com

ਕਾਲੀ ਕੋਇਲ ਤੂ ਕਿਤ ਗੁਨ ਕਾਲੀ ॥
ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ ॥

(ਰਾਗ ਸੂਹੀ, ਆਦਿ ਗ੍ਰੰਥ, ਪੰਨਾ 794)

**ਕਾਂ**

ਕਾਂ ਦੇ ਬਿੰਬ ਦੀ ਵਰਤੋਂ ਫ਼ਰੀਦ ਬਾਣੀ ਵਿਚ ਕਈ ਥਾਵਾਂ ਤੇ ਹੋਈ ਹੈ। ਕਾਂ ਇਕ ਅਜਿਹਾ ਪੰਛੀ ਹੈ ਜਿਹੜਾ ਵਿਸ਼ਟਾ ਖਾਣ ਦਾ ਆਦੀ ਹੈ ਤੇ ਖਰ੍ਹਵਾ ਬੋਲਦਾ ਹੈ। ਏਸੇ ਕਰਕੇ ਇਸ ਨੂੰ ਭੈੜਾ ਤੇ ਚੰਦਰਾ ਸਮਝਿਆ ਜਾਂਦਾ ਹੈ। ਦੁਨਿਆਵੀ ਵਿਸ਼ੇ ਵਿਕਾਰਾਂ ਲਈ ਬਾਬਾ ਫ਼ਰੀਦ ਨੇ ਕਾਂ ਅਥਵਾ 'ਕਾਗ' ਦਾ ਬਿੰਬ ਵਰਤਿਆ ਹੈ ਜੋ ਮਨੁੱਖ ਦੀ ਸਰੀਰਕ ਸਾਰੀ ਸ਼ਕਤੀ ਨੂੰ ਨੋਚ ਨਿਚੋੜ ਕੇ ਉਸ ਨੂੰ ਪਿੰਜਰ ਬਣਾ ਦਿੰਦਾ ਹੈ :

1. ਕਾਗਾ ਕਰੰਗ ਢਢੋਲਿਆ ਸਗਲਾ ਖਾਇਆ ਮਾਸੁ ॥
2. ਕਾਗਾ ਚੂੰਡਿ ਨ ਪਿੰਜਰਾ ਬਸੈ ਤ ਉਡਰਿ ਜਾਹ ॥
3. ਫਰੀਦਾ ਤਨੁ ਸੁਕਾ ਪਿੰਜਰੁ ਥੀਆ, ਤਲੀਆ ਖੂੰਡਹਿ ਕਾਗ ॥

(ਆਦਿ ਗ੍ਰੰਥ, ਪੰਨਾ 1382)

**ਕੂੰਜਾਂ**

ਬਾਬਾ ਫ਼ਰੀਦ ਨੇ ਮਨੁੱਖ ਦੀਆਂ ਕਾਮਨਾ-ਇੰਦਰੀਆਂ ਲਈ ਕੂੰਜਾਂ ਦਾ ਬਿੰਬ ਵਰਤਿਆ ਹੈ ਜਿਨ੍ਹਾਂ ਨੂੰ ਵੱਸ ਵਿਚ ਕਰ ਲੈਣ ਨਾਲ ਪ੍ਰਭੂ-ਮਿਲਾਪ ਜਲਦੀ ਹੋ ਸਕਦਾ ਹੈ :

ਆਜ ਮਿਲਾਵਾ ਸੇਖ ਫਰੀਦ ॥
ਟਾਕਿਮ ਕੂੰਜੜੀਆਂ ਮਨਹੁ ਮਚਿੰਦੜੀਆਂ ।

(ਰਾਗ ਆਸਾ, ਆਦਿ ਗ੍ਰੰਥ, ਪੰਨਾ 488)

**ਹੰਸ**

ਹੰਸ ਨੂੰ ਬਾਬਾ ਫ਼ਰੀਦ ਨੇ ਜੀਵ-ਆਤਮਾ ਦਾ ਪ੍ਰਤੀਕ ਬਣਾ ਕੇ ਪੇਸ਼ ਕੀਤਾ ਹੈ, ਜਿਵੇਂ :

ਹੰਸ ਚਲਸੀ ਡੁੰਮਣਾ ਅਹਿ ਤਨੁ ਢੇਰੀ ਥੀਸੀ ।

(ਰਾਗ ਸੂਹੀ, ਆਦਿ ਗ੍ਰੰਥ, ਪੰਨਾ 794)

ਇਸ ਤੋਂ ਇਲਾਵਾ ਹੰਸ ਨੂੰ ਦਰਵੇਸ਼ ਜਾਂ ਪ੍ਰਭੂ ਦੇ ਅਸਲੀ ਭਗਤ ਦਾ ਵੀ ਪ੍ਰਤੀਕ ਬਣਾਇਆ ਗਿਆ ਹੈ ਜੋ ਇਸ ਦੁਨੀਆਂ ਰੂਪੀ ਛਪੜੀ 'ਚੋਂ ਪਾਣੀ ਨਹੀਂ ਪੀਂਦਾ ਅਰਥਾਤ ਦੁਨੀਆਂਦਾਰੀ ਵਿਚ ਖਚਿਤ ਨਹੀਂ ਹੁੰਦਾ ਸਗੋਂ ਉਸ ਦੀ ਲਿਵ ਹਮੇਸ਼ਾਂ ਪ੍ਰਭੂ ਨਾਲ ਲੱਗੀ ਰਹਿੰਦੀ ਹੈ :

1. ਕਲਰ ਕੇਰੀ ਛਪੜੀ ਆਇ ਉਲਥੇ ਹੰਝ ॥
   ਚਿੰਜੂ ਬੋੜਨਿ ਨਾ ਪੀਵਹਿ ਉਡਣ ਸੰਦੀ ਡੰਝ ॥

(ਆਦਿ ਗ੍ਰੰਥ, ਪੰਨਾ 1381)



Marfat.com

2. ਹੰਸ ਉਡਰਿ ਕੋਧ੍ਰੈ ਪਾਇਆ ਲੋਕੁ ਵਿਡਾਰਣਿ ਜਾਇ ॥
ਗਹਿਲਾ ਲੋਕੁ ਨ ਜਾਣਦਾ ਹੰਸੁ ਨ ਕੋਧ੍ਰਾ ਖਾਇ ॥

(ਆਦਿ ਗ੍ਰੰਥ, ਪੰਨਾ 1381)

## ਬਗਲਾ ਅਤੇ ਬਾਜ

ਬਾਬਾ ਫ਼ਰੀਦ ਨੇ ਦੁਨੀਆਂ ਦੀਆਂ ਰੰਗ-ਰਲੀਆਂ ਵਿਚ ਗਲਤਾਨ ਅਤੇ ਭੇਖੀ ਮਨੁੱਖ ਲਈ ਬਗਲੇ ਦਾ ਬਿੰਬ ਵਰਤਿਆ ਹੈ ਅਤੇ ਅਚਾਨਕ ਆਉਣ ਵਾਲੀ ਮੌਤ ਲਈ ਬਾਜ ਦਾ :

ਫਰੀਦਾ ਦਰੀਆਵੈ ਕੰਨ੍ਹੈ ਬਗੁਲਾ ਬੈਠਾ ਕੇਲ ਕਰੇ ॥
ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ ॥
ਬਾਜ ਪਏ ਤਿਸੁ ਰਬ ਦੇ ਕੇਲਾਂ ਵਿਸਰੀਆਂ ॥
ਜੋ ਮਨਿ ਚਿਤਿ ਨ ਚੇਤੇ ਸਨਿ ਸੋ ਗਾਲੀ ਰਬ ਕੀਆਂ ॥

(ਆਦਿ ਗ੍ਰੰਥ, ਪੰਨਾ 1383)

## ਪੰਛੀ (ਪੰਖੀ)

ਪੰਛੀ ਸ਼ਬਦ ਦੀ ਵਰਤੋਂ ਹਰ ਕਿਸਮ ਦੇ ਪੰਛੀ ਲਈ ਕੀਤੀ ਜਾਂਦੀ ਹੈ। ਬਾਬਾ ਫ਼ਰੀਦ ਨੇ ਜਿਥੇ ਕੋਇਲ, ਕਾਂ, ਹੰਸ, ਬਗਲਾ ਆਦਿ ਵਿਸ਼ੇਸ਼ ਪੰਛੀਆਂ ਨੂੰ ਆਪਣੇ ਬਿੰਬਾਂ ਦੀ ਸਾਮਗ੍ਰੀ ਬਣਾਇਆ ਹੈ ਉਥੇ ਹਰ ਕਿਸਮ ਦੇ ਪੰਛੀਆਂ ਲਈ ਵਰਤੇ ਜਾਂਦੇ 'ਪੰਛੀ' ਜਾਂ 'ਪੰਖੀ' ਪਦ ਦਾ ਵੀ ਪ੍ਰਯੋਗ ਕੀਤਾ ਹੈ। ਇਸ ਬਿੰਬ ਦਾ ਪ੍ਰਯੋਗ ਉਸ ਨੇ ਜੀਵ ਦੀ ਅਸਥਿਰਤਾ ਨੂੰ ਪ੍ਰਗਟਾਉਣ ਲਈ ਕੀਤਾ ਹੈ ਕਿਉਂਕਿ ਪੰਛੀ ਦੀ ਤਰ੍ਹਾਂ ਮਨੁੱਖ ਰੂਪੀ ਪੰਛੀ ਵੀ ਇਕ ਨਾ ਇਕ ਦਿਨ ਇਸ ਦੁਨੀਆਂ ਵਿਚੋਂ ਉਡਾਰੀ ਮਾਰ ਜਾਂਦਾ ਹੈ :

1. ਚਲਿ ਚਲਿ ਗਈਆਂ ਪੰਖੀਆਂ ਜਿਨ੍ਹੀ ਵਸਾਏ ਤਲ ।

(ਆਦਿ ਗ੍ਰੰਥ, ਪੰਨਾ 1381)

2. ਫਰੀਦਾ ਪੰਖ ਪਰਾਹੁਣੀ ਦੁਨੀ ਸੁਹਾਵਾ ਬਾਗੁ ॥

(ਆਦਿ ਗ੍ਰੰਥ, ਪੰਨਾ 1382)

3. ਸਰਵਰ ਪੰਖੀ ਹੇਕੜੋ ਫਾਹੀਵਾਲ ਪਚਾਸ ॥

(ਆਦਿ ਗ੍ਰੰਥ, ਪੰਨਾ 1384)

## ਕੁੱਤਾ

ਬਾਬਾ ਫ਼ਰੀਦ ਪਹਿਲੇ ਪੜਾ ਦੇ ਉਨ੍ਹਾਂ ਸੂਫ਼ੀਆਂ ਵਿਚੋਂ ਸੀ ਜੋ ਸ਼ਰੀਅਤ ਦੀ ਪਾਲਣਾ ਕਰਨੀ ਜ਼ਰੂਰੀ ਸਮਝਦੇ ਸਨ। ਸ਼ਰ੍ਹਾ ਦੇ ਪਾਬੰਦ ਮੁਸਲਮਾਨ ਲਈ ਜ਼ਰੂਰੀ ਹੈ ਕਿ ਉਹ ਹਰ ਰੋਜ਼ ਪੰਜ ਵੇਲੇ ਨਮਾਜ਼ ਪੜ੍ਹੇ। ਨਮਾਜ਼ ਨਾ ਪੜ੍ਹਨ ਵਾਲੇ ਅਰਥਾਤ ਬੇਨਮਾਜ਼ ਵਾਸਤੇ ਬਾਬਾ ਫ਼ਰੀਦ ਨੇ ਕੁੱਤੇ ਦਾ ਬਿੰਬ ਪ੍ਰਯੁਕਤ ਕੀਤਾ ਹੈ :



Marfat.com

ਫਰੀਦਾ ਬੇ ਨਿਵਾਜ਼ਾ ਕੁਤਿਆ ਏਹ ਨ ਭਲੀ ਰੀਤਿ ॥
ਕਬਹੀ ਚਲਿ ਨ ਆਇਆ ਪੰਜੇ ਵਖਤ ਮਸੀਤਿ ॥

(ਆਦਿ ਗ੍ਰੰਥ, ਪੰਨਾ 1381)

### ਕੀੜਾ

ਬਾਬਾ ਫ਼ਰੀਦ ਦੀ ਬਿੰਬਾਵਲੀ ਵਿਚ ਕੀੜੇ ਦਾ ਪ੍ਰਯੋਗ ਵੀ ਹੋਇਆ ਹੈ। ਇਸਲਾਮੀ ਪਰੰਪਰਾ ਅਨੁਸਾਰ ਕਿਆਮਤ ਦੇ ਦਿਨ ਪਰਮਾਤਮਾ ਮਨੁੱਖ ਤੋਂ ਹਿਸਾਬ ਕਿਤਾਬ ਅਰਥਾਤ ਲੇਖਾ ਮੰਗਦਾ ਹੈ ਜਿਸ ਦੇ ਅਨੁਸਾਰ ਹੀ ਉਸ ਨੂੰ ਜੰਨਤ ਜਾਂ ਦੋਜ਼ਖ਼ ਵਿਚ ਭੇਜਿਆ ਜਾਂਦਾ ਹੈ। ਇਸ ਕਰ ਕੇ ਮੁਸਲਮਾਨ ਮੁਰਦੇ ਨੂੰ ਜਲਾਉਂਦੇ ਨਹੀਂ ਸਗੋਂ ਦਬਾਉਂਦੇ ਹਨ ਕਿਉਂਕਿ ਉਨ੍ਹਾਂ ਦਾ ਵਿਸ਼ਵਾਸ ਹੈ ਕਿ ਕਿਆਮਤ ਵਾਲੇ ਦਿਨ ਮੁਰਦੇ ਆਪਣੀਆਂ ਕਬਰਾਂ ਵਿਚੋਂ ਉਠ ਖੜੋਣਗੇ।[8] ਸਦੀਆਂ ਬੱਧੀ ਕਬਰ ਵਿਚ ਪਈ ਮਨੁੱਖ ਦੀ ਮੁਰਦਾ ਲਾਸ਼ ਨੂੰ ਕੀੜਿਆਂ ਦੇ ਖਾਣ ਦਾ ਭਿਆਨਕ ਤੇ ਦਰਦਨਾਕ ਚਿੱਤਰ ਬਾਬਾ ਫ਼ਰੀਦ ਨੇ ਇਸ ਤਰ੍ਹਾਂ ਖਿੱਚਿਆ ਹੈ :

ਫਰੀਦਾ ਇਟ ਸਿਰਾਣੇ ਭੁਇ ਸਵਣੁ ਕੀੜਾ ਲੜਿਓ ਮਾਸਿ ॥
ਕੇਤੜਿਆ ਜੁਗ ਵਾਪਰੇ ਇਕਤੁ ਪਇਆ ਪਾਸਿ ॥

(ਆਦਿ ਗ੍ਰੰਥ, ਪੰਨਾ 1381)

## ੲ) ਜਲ, ਜਲ-ਸ੍ਰੋਤ ਅਤੇ ਜਲ-ਕ੍ਰਿਆਵਾਂ

ਜਲ ਮਨੁੱਖੀ-ਜੀਵਨ, ਪਸ਼ੂ-ਪੰਛੀਆਂ, ਜੀਵ-ਜੰਤੂਆਂ ਅਤੇ ਬਨਸਪਤੀ ਦਾ ਜੀਵਨ-ਆਧਾਰ ਹੈ। ਬਾਬਾ ਫ਼ਰੀਦ ਨੇ ਪ੍ਰਕ੍ਰਿਤੀ ਦੇ ਇਸ ਜੀਵਨ-ਮਈ ਅੰਗ ਦੀ ਵੀ ਆਪਣੀ ਬਿੰਬਾਵਲੀ ਵਿਚ ਭਰਪੂਰ ਵਰਤੋਂ ਕੀਤੀ ਹੈ।

### ਸਰੋਵਰ

ਜਲ-ਸ੍ਰੋਤਾਂ ਵਿਚੋਂ ਸਰੋਵਰ ਦੇ ਪ੍ਰਭਾਵਸ਼ਾਲੀ ਬਿੰਬ ਨੂੰ ਬਾਬਾ ਫ਼ਰੀਦ ਨੇ ਕਈ ਥਾਵਾਂ ਉਪਰ ਵਰਤਿਆ ਹੈ। ਇਕ ਥਾਂ ਸਰੋਵਰ ਨੂੰ ਚੰਗੀ ਸੰਗਤ ਅਤੇ ਛੱਪੜ ਨੂੰ ਭੈੜੀ ਸੰਗਤ ਦੇ ਪ੍ਰਤੀਕ ਵਜੋਂ ਵਰਤਿਆ ਹੈ :

ਫਰੀਦਾ ਸੋਈ ਸਰਵਰ ਢੂਢਿ ਲਹੁ ਜਿਥਹੁ ਲਭੀ ਵਥੁ ॥
ਛਪੜਿ ਢੂਢੈ ਕਿਆ ਹੋਵੈ ਚਿਕੜਿ ਡੁਬੈ ਹਥੁ ॥

(ਆਦਿ ਗ੍ਰੰਥ, ਪੰਨਾ 1380)

ਤਿੰਨ ਥਾਵਾਂ ਉਪਰ ਇਸ ਦੁਨੀਆਂ ਅਥਵਾ ਸੰਸਾਰ ਲਈ ਸਰੋਵਰ ਦਾ ਬਿੰਬ ਪ੍ਰਯੁਕਤ ਕੀਤਾ ਗਿਆ ਹੈ :

1. ਚਲਿ ਚਲਿ ਗਈਆਂ ਪੰਖੀਆਂ ਜਿਨੀ ਵਸਾਏ ਤਲ।
   ਫਰੀਦਾ ਸਰ ਭਰਿਆ ਭੀ ਚਲਸੀ ਥਕੇ ਕਵਲ ਇਕਲ ॥

(ਆਦਿ ਗ੍ਰੰਥ, ਪੰਨਾ 1381)



Marfat.com

2. ਸਰਵਰ ਪੰਖੀ ਹੇਕੜੋ ਫਾਹੀਵਾਲ ਪਚਾਸ ॥
ਇਹ ਤਨੁ ਲਹਿਰੀ ਗਡੁ ਥਿਆ ਸਚੇ ਤੇਰੀ ਆਸ ॥
(ਆਦਿ ਗ੍ਰੰਥ, ਪੰਨਾ 1384)

3. ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ ॥
ਭਰਿ ਸਰਵਰੁ ਜਬ ਊਛਲੈ ਤਬ ਤਰਣੁ ਦੁਹੇਲਾ ॥
(ਰਾਗ ਸੂਹੀ, ਆਦਿ ਗ੍ਰੰਥ, ਪੰਨਾ 794)

## ਛੱਪੜ, ਛੱਪੜੀ

ਛੱਪੜ ਦਾ ਜ਼ਿਕਰ ਉਪਰ ਹੋ ਚੁੱਕਾ ਹੈ। ਵਿਸ਼ੇ-ਵਿਕਾਰਾਂ ਅਤੇ ਪਾਪਾਂ ਨਾਲ ਗੰਧਲੀ ਹੋ ਚੁੱਕੀ ਦੁਨੀਆਂ ਲਈ ਬਾਬਾ ਫਰੀਦ ਨੇ ਕਲਰੀ ਛਪੜੀ ਦਾ ਬਿੰਬ ਵਰਤਿਆ ਹੈ ਜਿਥੇ ਹੰਸ-ਆਤਮਾਵਾਂ ਦਾ ਭੋਰਾ ਦਿਲ ਨਹੀਂ ਲੱਗਦਾ :

ਕਲਰ ਕੇਰੀ ਛਪੜੀ ਆਇ ਉਲਥੇ ਹੰਝ ॥
ਚਿੰਜੂ ਬੋੜਨਿ ਨਾ ਪੀਵਹਿ ਉਡਣ ਸੰਦੀ ਡੰਝ ॥
(ਆਦਿ ਗ੍ਰੰਥ, ਪੰਨਾ 1381)

## ਦਰਿਆ, ਨਦੀ, ਨਾਲਾ

ਦਰਿਆ ਅਤੇ ਨਦੀ ਦੇ ਬਿੰਬ ਦੀ ਬਾਬਾ ਫ਼ਰੀਦ ਨੇ ਭਰਪੂਰ ਵਰਤੋਂ ਕੀਤੀ ਹੈ। ਇਕ ਸ਼ਲੋਕ ਵਿਚ ਦਰਿਆ ਦਾ ਬਿੰਬ ਦੁਨੀਆਂ ਲਈ ਵਰਤਿਆ ਗਿਆ ਹੈ :

ਫਰੀਦਾ ਦਰੀਆਵੈ ਕੰਨ੍ਹੈ ਬਗੁਲਾ ਬੈਠਾ ਕੇਲ ਕਰੇ ॥
(ਆਦਿ ਗ੍ਰੰਥ, ਪੰਨਾ 1383)

ਮੌਤ ਦੇ ਕਿਨਾਰੇ ਨੂੰ ਦਰਿਆ ਦੀ ਢਾਹ ਨਾਲ ਉਪਮਾ ਦਿਤੀ ਗਈ ਹੈ :

ਫਰੀਦਾ ਮਉਤੈ ਦਾ ਬੰਨਾ ਏਵੈ ਦਿਸੈ ਜਿਉ ਦਰੀਆਵੈ ਢਾਹਾ ॥
(ਆਦਿ ਗ੍ਰੰਥ, ਪੰਨਾ 1383)

ਇਕ ਸ਼ਲੋਕ ਵਿਚ ਬਾਬਾ ਫ਼ਰੀਦ ਸਬਰ ਦਾ ਗੁਣ ਧਾਰਨ ਕਰਨ ਦੀ ਮਹਾਨਤਾ ਨੂੰ ਦਰਸਾਉਂਦਾ ਹੋਇਆ ਦੱਸਦਾ ਹੈ ਕਿ ਸਬਰ ਦਾ ਗੁਣ ਮਨੁੱਖ ਨੂੰ ਟੁਟ ਟੁਟ ਜਾਂਦੇ ਛੋਟੇ ਨਾਲੇ ਤੋਂ ਉਪਰ ਚੁੱਕ ਕੇ ਦਰਿਆ ਤੋਂ ਵੀ ਵਿਸ਼ਾਲ ਬਣਾ ਦਿੰਦਾ ਹੈ :

ਸਬਰੁ ਏਹੁ ਸੁਆਉ ਜੇ ਤੂੰ ਬੰਦਾ ਦਿੜੁ ਕਰਹਿ।
ਵਧਿ ਥੀਵਹਿ ਦਰੀਆਉ ਟੁਟਿ ਨ ਥੀਵਹਿ ਵਾਹੜਾ ॥
(ਆਦਿ ਗ੍ਰੰਥ, ਪੰਨਾ 1384)

ਰੱਬ ਦੀ ਮਿਠਾਸ ਨੂੰ ਪ੍ਰਗਟ ਕਰਨ ਲਈ ਕਵੀ ਨੇ ਸ਼ਹਿਦ ਦੀ ਵਹਿ ਰਹੀ ਨਦੀ ਦਾ ਬਿੰਬ ਵਰਤਿਆ ਹੈ :

ਫਰੀਦਾ ਰੱਬ ਖਜੂਰੀ ਪਕੀਆਂ ਮਾਖਿਆ ਨਈ ਵਹੰਨਿ ॥
(ਆਦਿ ਗ੍ਰੰਥ, ਪੰਨਾ 1382)



Marfat.com

ਮਨੁੱਖਾ ਜੀਵਨ ਦੀ ਅਸਥਿਰਤਾ ਨੂੰ ਪ੍ਰਗਟਾਉਣ ਲਈ ਨਦੀ ਕਿਨਾਰੇ ਉੱਗੇ ਰੁਖ ਦਾ ਬਿੰਬ ਵਰਤਿਆ ਗਿਆ ਹੈ ਜਿਸ ਨੇ ਇਕ ਨਾ ਇਕ ਦਿਨ ਜ਼ਰੂਰ ਡਿੱਗ ਜਾਣਾ ਹੈ :

ਕੰਧੀ ਉਤੈ ਰੁਖੜਾ ਕਿਚਰਕੁ ਬੰਨੈ ਧੀਰ ॥

(ਆਦਿ ਗ੍ਰੰਥ, ਪੰਨਾ 1382)

ਜੀਵਨ ਵਿਚ ਲਗਾਤਾਰ ਮਿਲਦੇ ਦੁਖਾਂ ਲਈ ਨਿਰੰਤਰ ਵਗ ਰਹੀ ਨਦੀ ਦਾ ਬਿੰਬ ਵਰਤਿਆ ਗਿਆ ਹੈ ਜੋ ਮਨੁੱਖੀ ਜੀਵਨ ਦੇ ਕੰਢਿਆਂ ਨੂੰ ਹਰ ਵਕਤ ਢਾਹ ਲਾ ਰਹੀ ਹੈ :

ਲੰਮੀ ਲੰਮੀ ਨਦੀ ਵਹੈ ਕੰਧੀ ਕੇਰੈ ਹੇਤਿ ॥

(ਆਦਿ ਗ੍ਰੰਥ, ਪੰਨਾ 1382)

## ਖੂਹੀ

ਬਾਬਾ ਫ਼ਰੀਦ ਨੇ ਖੂਹੀ ਦਾ ਬਿੰਬ ਭਵ-ਸਾਗਰ ਵਾਸਤੇ ਵਰਤਿਆ ਹੈ। ਬਿਨਾਂ ਕਿਸੇ ਸੰਗੀ ਸਾਥੀ ਤੋਂ ਜੀਵ ਰੂਪੀ ਇਸਤ੍ਰੀ ਨੂੰ ਇਹ ਭਵ-ਸਾਗਰ ਰੂਪੀ ਡਰਾਉਣੀ ਖੂਹੀ ਪਾਰ ਕਰਨੀ ਪੈਣੀ ਹੈ :

ਵਿਧਣ ਖੂਹੀ ਮੁੰਧ ਇਕੇਲੀ ॥
ਨਾ ਕੋ ਸਾਥੀ ਨਾ ਕੋ ਬੇਲੀ ॥

(ਰਾਗ ਸੂਹੀ, ਆਦਿ ਗ੍ਰੰਥ, ਪੰਨਾ 794)

## ਮੀਂਹ

ਸੱਚੇ ਪਿਆਰ ਦੇ ਰਸਤੇ ਵਿਚ ਆਉਣ ਵਾਲੀਆਂ ਮੁਸੀਬਤਾਂ ਤੇ ਰੁਕਾਵਟਾਂ ਲਈ ਬਾਰਿਸ਼ ਅਤੇ ਬਾਰਿਸ਼ ਕਰ ਕੇ ਹੋਏ ਚਿੱਕੜ ਦਾ ਬਿੰਬ ਵਰਤਿਆ ਗਿਆ ਹੈ ਪਰ ਸੱਚੇ ਪ੍ਰੇਮੀ ਇਨ੍ਹਾਂ ਰੁਕਾਵਟਾਂ ਨੂੰ ਪਾਰ ਕਰ ਕੇ ਆਪਣੇ ਪ੍ਰਭੂ-ਪ੍ਰੀਤਮ ਨੂੰ ਮਿਲਣ ਦੀ ਤਾਂਘ ਰਖਦੇ ਹਨ :

ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ ॥
ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ ॥

(ਆਦਿ ਗ੍ਰੰਥ, ਪੰਨਾ 1379)

ਲਾਲਚੀ ਪਿਆਰ ਲਈ ਬਾਰਿਸ਼ ਵਿਚ ਟੁੱਟੇ ਹੋਏ ਛੱਪਰ ਦਾ ਬਿੰਬ ਵਰਤਿਆ ਗਿਆ ਹੈ, ਜੋ ਬਹੁਤਾ ਚਿਰ ਨਾਲ ਨਹੀਂ ਨਿਭ ਸਕਦਾ :

ਫਰੀਦਾ ਜਾ ਲਬੁ ਤਾ ਨੇਹੁ ਕਿਆ ਲਬੁ ਤ ਕੂੜਾ ਨੇਹੁ ।
ਕਿਚਰੁ ਝਤਿ ਲੰਘਾਈਐ ਛਪਰਿ ਤੁਟੈ ਮੇਹੁ ॥

(ਆਦਿ ਗ੍ਰੰਥ, ਪੰਨਾ 1378)

## ਮੱਲਾਹ, ਬੇੜਾ, ਛੱਲਾਂ

ਇਸੇ ਤਰ੍ਹਾਂ ਹੋਰ ਕਈ ਥਾਵਾਂ ਉਪਰ ਵੀ ਜਲ ਜਾਂ ਜਲ-ਕ੍ਰਿਆਵਾਂ ਫ਼ਰੀਦ-ਬਿੰਬਾਵਲੀ ਦੀ ਸਾਮਗ੍ਰੀ ਬਣੀਆਂ ਹਨ, ਜਿਵੇਂ :



Marfat.com

1. ਤਤੀ ਤੋਇ ਨਾ ਪਲਵੈ ਜੇ ਜਲਿ ਟੁਬੀ ਦੇਇ ॥

(ਆਦਿ ਗ੍ਰੰਥ, ਪੰਨਾ 1381)

2. ਕੰਧੀ ਵਹਣ ਨ ਢਾਹਿ ਤਉ ਭੀ ਲੇਖਾ ਦੇਵਣਾ ॥

(ਆਦਿ ਗ੍ਰੰਥ, ਪੰਨਾ 1382)

3. ਸਾਢੇ ਤ੍ਰੈ ਮਣ ਦੇਹੁਰੀ ਚਲੈ ਪਾਣੀ ਅੰਨਿ ॥

(ਆਦਿ ਗ੍ਰੰਥ, ਪੰਨਾ 1383)

4. ਖੜਾ ਪੁਕਾਰੇ ਪਾਤਣੀ ਬੇੜਾ ਕਪਰ ਵਾਤਿ ॥

(ਆਦਿ ਗ੍ਰੰਥ, ਪੰਨਾ 1382)

## ਸ) ਰੁੱਤਾਂ, ਮਹੀਨੇ ਦਿਨ-ਰਾਤ

ਬਾਬਾ ਫ਼ਰੀਦ ਦੀ ਬਾਣੀ ਵਿਚ ਰੁੱਤਾਂ, ਮਹੀਨਿਆਂ, ਦਿਨ, ਰਾਤ ਆਦਿ ਨੂੰ ਵੀ ਬਿੰਬਾਂ ਦੀ ਸਾਮਗ੍ਰੀ ਬਣਾਇਆ ਗਿਆ ਹੈ। ਇਨ੍ਹਾਂ ਦੀ ਵਧੇਰੇ ਵਰਤੋਂ ਦ੍ਰਿਸ਼-ਬਿੰਬਾਂ ਵਿਚ ਹੋਈ ਹੈ।

### ਸਿਆਲ, ਕੱਤਕ ਚੇਤ, ਸਾਵਣ

ਕੇਵਲ ਦੋ ਤੁਕਾਂ ਵਿਚ ਬੰਨ੍ਹੇ ਗਏ ਹੇਠਲੇ ਦ੍ਰਿਸ਼-ਬਿੰਬ ਵਿਚ ਇਹ ਸਾਰਾ ਕੁਝ ਸਮਾ ਗਿਆ ਹੈ :

ਕਤਕਿ ਕੂੰਜਾਂ ਚੇਤਿ ਡਉ ਸਾਵਣ ਬਿਜਲੀਆਂ ॥
ਸੀਆਲੇ ਸੋਹੰਦੀਆਂ ਪਿਰ ਗਲਿ ਬਾਹੜੀਆਂ ॥

(ਰਾਗ ਆਸਾ, ਆਦਿ ਗ੍ਰੰਥ, ਪੰਨਾ 488)

ਇਕ ਥਾਂ ਮਨੁੱਖ ਦੀ ਉਮਰ ਦੇ ਢਲਣ ਨੂੰ ਰੁੱਤ ਬਦਲਣ ਦੇ ਬਿੰਬ ਰਾਹੀਂ ਪੇਸ਼ ਕੀਤਾ ਗਿਆ ਹੈ :

ਫਰੀਦਾ ਰੁਤਿ ਫਿਰੀ ਵਣੁ ਕੰਬਿਆ ਪਤ ਝੜੇ ਝੜਿ ਪਾਹਿ ॥

(ਆਦਿ ਗ੍ਰੰਥ, ਪੰਨਾ 1383)

### ਰਾਤਿ (ਰੈਣਿ)

ਬਾਬਾ ਫ਼ਰੀਦ ਅਨੁਸਾਰ ਸੁਹਾਗਣ ਜੀਵ-ਇਸਤ੍ਰੀ ਨੂੰ ਇਕ ਦਿਨ ਵੀ ਆਪਣੇ ਪ੍ਰਭੂ-ਪ੍ਰੀਤਮ ਦਾ ਮਿਲਾਪ ਪ੍ਰਾਪਤ ਨਾ ਹੋਵੇ ਤਾਂ ਉਸ ਦਾ ਅੰਗ ਅੰਗ ਵਿਆਕੁਲ ਹੋ ਉਠਦਾ ਹੈ। ਉਨ੍ਹਾਂ ਡੁਹਾਗਣਾਂ ਦੀ ਜੀਵਨ-ਰੂਪੀ ਕਾਲੀ ਰਾਤ ਕਿਵੇਂ ਬੀਤਦੀ ਹੋਵੇਗੀ ਜਿਨ੍ਹਾਂ ਨੂੰ ਕਦੇ ਵੀ ਆਪਣੇ ਪ੍ਰਭੂ-ਪਤੀ ਦਾ ਸਾਥ ਨਸੀਬ ਨਹੀਂ ਹੋਇਆ। ਹੇਠਲੇ ਸ਼ਲੋਕ ਵਿਚ ਬਾਬਾ ਫ਼ਰੀਦ ਨੇ ਪ੍ਰਭੂ-ਵਿਛੋੜੇ ਕਾਰਣ ਦੁਖੀ ਜੀਵਨ ਲਈ ਰੈਣ ਦਾ ਬਿੰਬ ਪ੍ਰਯੁਕਤ ਕੀਤਾ ਹੈ :



Marfat.com

ਅਜੁ ਨ ਸੁਤੀ ਕੰਤ ਸਿਉ ਅੰਗ ਮੁੜੇ ਮੁੜਿ ਜਾਇ ॥
ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ ॥

(ਆਦਿ ਗ੍ਰੰਥ, ਪੰਨਾ 1379)

ਵਿਛੋੜੇ ਦੀ ਲੰਮੀ ਰਾਤ ਵਿਚ ਬਿਰਹਣ ਦਾ ਅੰਗ ਅੰਗ ਧੁਖਦਾ ਰਹਿੰਦਾ ਹੈ :

ਫਰੀਦਾ ਰਾਤੀਂ ਵੱਡੀਆਂ ਧੁਖਿ ਧੁਖਿ ਉਠਨਿ ਪਾਸ ॥

(ਆਦਿ ਗ੍ਰੰਥ, ਪੰਨਾ 1378-79)

ਰਾਤ ਨੂੰ ਜਾਗ ਕੇ ਜੋ ਪ੍ਰਭੂ ਦੀ ਭਗਤੀ ਕਰਦੇ ਹਨ ਉਨ੍ਹਾਂ ਨੂੰ ਨਾਮ ਰੂਪੀ ਕਸਤੂਰੀ ਦੀ ਦਾਤ ਹਾਸਿਲ ਹੋ ਜਾਂਦੀ ਹੈ ਪਰ ਸੌਂ ਕੇ ਰਾਤ ਬਤੀਤ ਕਰਨ ਵਾਲੇ ਇਸ ਦਾਤ ਤੋਂ ਵਾਂਝੇ ਰਹਿ ਜਾਂਦੇ ਹਨ :

ਫਰੀਦਾ ਰਾਤਿ ਕਥੂਰੀ ਵੰਡੀਐ ਸੁਤਿਆਂ ਮਿਲੈ ਨ ਭਾਉ ॥

(ਆਦਿ ਗ੍ਰੰਥ, ਪੰਨਾ 1382)

ਪਿਛਲੀ ਰਾਤੇ ਅਰਥਾਤ ਤੜਕਸਾਰ ਨਾ ਜਾਗਣ ਵਾਲੇ ਤਾਂ ਬਾਬਾ ਫ਼ਰੀਦ ਅਨੁਸਾਰ ਮੋਇਆਂ ਬਰਾਬਰ ਹੁੰਦੇ ਹਨ :

ਫਰੀਦਾ ਪਿਛਲ ਰਾਤਿ ਨ ਜਾਗਿਓਹਿ ਜੀਵਦੜੋ ਮੁਇਓਹਿ ।

(ਆਦਿ ਗ੍ਰੰਥ, ਪੰਨਾ 1383)

## ਦਿਨ (ਦਿਹੁ, ਦਿਹਿ, ਡੀਹੜਾ)

ਦਿਨ ਦਾ ਪ੍ਰਯੋਗ ਵੀ ਕਈ ਪ੍ਰਸੰਗਾਂ ਵਿਚ ਹੋਇਆ ਹੈ, ਜਿਵੇਂ :

1. ਫਰੀਦਾ ਜਿ ਦਿਹਿ ਨਾਲਾ ਕਪਿਆ ਜੇ ਗਲੁ ਕਪਹਿ ਚੁਖ ॥
   ਪਵਨਿ ਨ ਇਤੀ ਮਾਮਲੇ ਸਹਾਂ ਨਾ ਇਤੀ ਦੁਖ ॥

(ਆਦਿ ਗ੍ਰੰਥ, ਪੰਨਾ 1381)

2. ਫਰੀਦਾ ਡੁਖਾਂ ਸੇਤੀ ਦਿਹੁ ਗਇਆ ਸੂਲਾਂ ਸੇਤੀ ਰਾਤਿ ॥

(ਆਦਿ ਗ੍ਰੰਥ, ਪੰਨਾ 1382)

3. ਜੋ ਜੋ ਵੰਞੈ ਡੀਹੜਾ ਸੋ ਉਮਰ ਹਥ ਪਵਨਿ ॥

(ਆਦਿ ਗ੍ਰੰਥ, ਪੰਨਾ 1382)

## ਘੜੀ, ਪਹਿਰ

ਘੜੀ ਅਤੇ ਪਹਿਰ ਨੂੰ ਵੀ ਹੇਠਲੇ ਦ੍ਰਿਸ਼ਟਾਂਤ ਬਿੰਬ ਵਿਚ ਚੰਗੀ ਤਰ੍ਹਾਂ ਗੁੰਦਿਆ ਗਿਆ ਹੈ :

ਘੜੀਏ ਘੜੀਏ ਮਾਰੀਐ ਪਹਰੀ ਲਹੈ ਸਜਾਇ ॥
ਸੋ ਹੇੜਾ ਘੜੀਆਲ ਜਿਉ ਡੁਖੀ ਰੈਣਿ ਵਿਹਾਇ ॥

(ਆਦਿ ਗ੍ਰੰਥ, ਪੰਨਾ 1379-80)



Marfat.com

ਚਾਰ ਪਹਿਰ ਦਾ ਦਿਨ ਹੁੰਦਾ ਹੈ ਅਤੇ ਚਾਰ ਪਹਿਰ ਦੀ ਰਾਤ। ਬਾਬਾ ਫ਼ਰੀਦ ਨੇ ਮਨੁੱਖ ਦੀ ਅੱਧੀ ਆਯੂ ਲਈ ਚਾਰ ਪਹਿਰ ਦਾ ਬਿੰਬ ਪ੍ਰਯੁਕਤ ਕੀਤਾ ਹੈ। ਮਨੁੱਖ ਆਪਣੀ ਉਮਰ ਰੂਪੀ ਦਿਨ ਦੇ ਚਾਰ ਪਹਿਰ ਦੁਨਿਆਵੀ ਕੰਮਾਂ ਵਿਚ ਬਤੀਤ ਕਰ ਦਿੰਦਾ ਹੈ ਤੇ ਬਾਕੀ ਦੇ ਚਾਰ ਪਹਿਰ ਸੌਂ ਕੇ :

ਫਰੀਦਾ ਚਾਰ ਗਵਾਇਆ ਹੰਢਿ ਕੈ ਚਾਰ ਗਵਾਇਆ ਸੰਮਿ ॥
ਲੇਖਾ ਰਬੁ ਮੰਗੇਸੀਆ ਤੂ ਆਂਹੋ ਕੇਰ੍ਹੇ ਕੰਮਿ ॥

(ਆਦਿ ਗ੍ਰੰਥ, ਪੰਨਾ 1379)

ਇਕ ਸ਼ਲੋਕ ਵਿਚ ਬਾਬਾ ਫ਼ਰੀਦ ਨੇ ਪਹਿਲੇ ਪਹਿਰ ਕੀਤੀ ਪ੍ਰਭੂ ਦੀ ਭਗਤੀ ਨੂੰ ਫੁੱਲ ਦੇ ਸਮਾਨ ਅਤੇ ਦੂਜੇ ਪਹਿਰ ਅਰਥਾਤ ਤੜਕਸਾਰ ਦੀ ਪ੍ਰਭੂ-ਭਗਤੀ ਨੂੰ ਫਲ ਦੇ ਸਮਾਨ ਆਖਿਆ ਹੈ :

ਪਹਿਲੈ ਪਹਿਰੈ ਫੁਲੜਾ ਫਲੁ ਭੀ ਪਛਾ ਰਾਤਿ ॥
ਜੋ ਜਾਗੰਨਿ ਲਹੰਨਿ ਸੇ ਸਾਂਈ ਕੰਨੋ ਦਾਤਿ ॥

(ਆਦਿ ਗ੍ਰੰਥ, ਪੰਨਾ 1384)

**ਜੁਗ**

ਕਬਰ ਵਿਚ ਪਈ ਮਨੁੱਖ ਦੀ ਮੁਰਦਾ ਲਾਸ਼ ਨੂੰ ਕੀੜਿਆਂ ਦਾ ਖਾਣਾ—ਮਨੁੱਖ ਦੀ ਇਸ ਡਰਾਉਣੀ ਅਤੇ ਦਰਦਨਾਕ ਹੋਣੀ ਦਾ ਦ੍ਰਿਸ਼ ਬੰਨ੍ਹਣ ਲੱਗਿਆਂ ਬਾਬਾ ਫ਼ਰੀਦ ਨੇ ਸਮੇਂ ਦੀ ਇਕਾਈ 'ਜੁਗ' ਦੀ ਵੀ ਬੜੀ ਸਫ਼ਲ ਵਰਤੋਂ ਕੀਤੀ ਹੈ :

ਫਰੀਦਾ ਇਟ ਸਰਾਣੇ ਭੁਇ ਸਵਣੁ ਕੀੜਾ ਲੜਿਓ ਮਾਸ ॥
ਕੇਤੜਿਆ ਜੁਗ ਵਾਪਰੇ ਇਕਤੁ ਪਾਇਆ ਪਾਸ ॥

(ਆਦਿ ਗ੍ਰੰਥ, ਪੰਨਾ 1381)

## ਹ) ਅੱਗ, ਅਗਨੀ-ਕ੍ਰਿਆਵਾਂ, ਹਨੇਰੀ, ਰੌਸ਼ਨੀ

ਫ਼ਰੀਦ-ਬਾਣੀ ਵਿਚ ਅਗਨੀ, ਅਗਨੀ-ਕ੍ਰਿਆਵਾਂ, ਹਨੇਰਾ, ਰੌਸ਼ਨੀ ਆਦਿ ਨੂੰ ਵੀ ਬਿੰਬ-ਨਿਰਮਾਣ ਦੀ ਸਾਮਗ੍ਰੀ ਬਣਾਇਆ ਗਿਆ ਹੈ।

**ਅੱਗ**

ਬਾਬਾ ਫ਼ਰੀਦ ਨੇ ਦੁਨਿਆਵੀ ਦੁੱਖਾਂ ਲਈ ਅੱਗ ਦਾ ਬਿੰਬ ਵਰਤਿਆ ਹੈ। ਜਿਸ ਤਰ੍ਹਾਂ ਅੱਗ ਹਰੇਕ ਘਰ ਵਿਚ ਹੁੰਦੀ ਹੈ, ਇਸੇ ਤਰ੍ਹਾਂ ਦੁੱਖਾਂ ਤੋਂ ਵੀ ਕੋਈ ਘਰ ਰਹਿਤ ਨਹੀਂ :

ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ ॥
ਊਚੇ ਚੜਿ ਕੈ ਦੇਖਿਆ ਘਰਿ ਘਰਿ ਏਹਾ ਅਗਿ ॥

(ਆਦਿ ਗ੍ਰੰਥ, ਪੰਨਾ 1382)

ਇਕ ਹੋਰ ਥਾਂ ਕਵੀ ਨੇ ਇਸ ਦੁਨੀਆਂ ਲਈ ਗੁੱਝੀ ਅੱਗ ਦਾ ਸੁੰਦਰ ਬਿੰਬ ਵਰਤਿਆ ਹੈ :



Marfat.com

ਕਿਛੁ ਨ ਬੁਝੈ ਕਿਛ ਨ ਸੁਝੈ ਦੁਨੀਆ ਗੁਝੀ ਭਾਹਿ ॥

(ਆਦਿ ਗ੍ਰੰਥ, ਪੰਨਾ 1378)

ਇਕ ਸ਼ਲੋਕ ਵਿਚ ਨਰਕਾਂ ਦੀ ਅੱਗ ਦਾ ਵੀ ਜ਼ਿਕਰ ਹੈ :

ਅਗੈ ਮੂਲ ਨ ਆਵਸੀ ਦੋਜਕ ਸੰਦੀ ਭਾਹਿ ॥

(ਆਦਿ ਗ੍ਰੰਥ, ਪੰਨਾ 1378)

### ਅੰਗਿਆਰ

ਦਗ ਦਗ ਕਰਦੇ ਅੰਗਿਆਰ ਥੋੜ੍ਹੇ ਚਿਰ ਬਾਅਦ ਠੰਡੇ ਹੋ ਕੇ ਕਾਲੇ ਹੋ ਜਾਂਦੇ ਹਨ ਤੇ ਕੋਲੇ ਅਖਵਾਉਂਦੇ ਹਨ । ਬਾਬਾ ਫ਼ਰੀਦ ਨੇ ਸੰਸਾਰਕ ਵਸਤਾਂ ਲਈ ਅੰਗਿਆਰਾਂ ਦਾ ਬਿੰਬ ਵਰਤਿਆ ਹੈ । ਮਨੁੱਖ ਪ੍ਰਭੂ ਵਲੋਂ ਬੇਮੁੱਖ ਹੋ ਕੇ ਇਨ੍ਹਾਂ ਦੁਨਿਆਵੀ ਵਸਤਾਂ ਰੂਪੀ ਅੰਗਿਆਰਾਂ ਪਿੱਛੇ ਲੱਗਾ ਰਹਿੰਦਾ ਹੈ, ਉਹ ਇਹ ਨਹੀਂ ਜਾਣਦਾ ਕਿ ਇਨ੍ਹਾਂ ਵਿਚ ਖਚਿਤ ਹੋਣ ਨਾਲ ਅੰਤ ਨੂੰ ਉਸ ਦੇ ਪੱਲੇ ਕਾਲਖ ਹੀ ਪੈਣੀ ਹੈ :

ਕੰਧਿ ਕੁਹਾੜਾ ਸਿਰ ਘੜਾ ਵਣਿ ਕੈ ਸਰੁ ਲੋਹਾਰ ॥
ਫਰੀਦਾ ਹਉ ਲੋੜੀ ਸਹੁ ਆਪਣਾ ਤੂ ਲੋੜਹਿ ਅੰਗਿਆਰ ॥

(ਆਦਿ ਗ੍ਰੰਥ, ਪੰਨਾ 1380)

ਇਕ ਹੋਰ ਸ਼ਲੋਕ ਵਿਚ ਅੰਗਿਆਰਾਂ ਨੂੰ ਉਪਮਾ ਬਿੰਬ ਦੀ ਸਾਮਗ੍ਰੀ ਬਣਾਇਆ ਗਿਆ ਹੈ :

ਹੇੜਾ ਜਲੈ ਮਜੀਠ ਜਿਉ ਉਪ੍ਰਰਿ ਅੰਗਾਰਾ ॥

(ਆਦਿ ਗ੍ਰੰਥ, ਪੰਨਾ 1379)

### ਚਾਨਣ ਹਨੇਰਾ

ਬਾਬਾ ਫ਼ਰੀਦ ਅਨੁਸਾਰ ਵਿਖਾਵੇ ਦੀ ਭਗਤੀ ਦਾ ਕੋਈ ਮੁੱਲ ਨਹੀਂ ਜੇਕਰ ਦਿਲ ਸਾਫ਼ ਨਾ ਹੋਵੇ । ਕਵੀ ਨੇ ਕਾਜ਼ੀ ਜਾਂ ਦਰਵੇਸ਼ ਦੇ ਵਿਖਾਵੇ ਦੇ ਭੇਖ ਲਈ ਛਲਾਵੇ ਦੇ ਚਾਨਣ ਅਤੇ ਦਿਲ ਦੀ ਖੋਟ ਲਈ ਹਨੇਰੀ ਰਾਤ ਦਾ ਅਤਿਅੰਤ ਢੁਕਵਾਂ ਬਿੰਬ ਵਰਤਿਆ ਹੈ :

ਫਰੀਦਾ ਕੰਨਿ ਮੁਸਲਾ ਸੂਫੁ ਗਲਿ ਦਿਲਿ ਕਾਤੀ ਗੁੜੁ ਵਾਤਿ ॥
ਬਾਹਰਿ ਦਿਸੈ ਚਾਨਣਾ ਦਿਲਿ ਅੰਧਿਆਰੀ ਰਾਤਿ ॥

(ਆਦਿ ਗ੍ਰੰਥ ਪੰਨਾ 1380)

### ਦੀਵਾ

ਬਾਬਾ ਫ਼ਰੀਦ ਨੇ ਅੱਖਾਂ ਵਾਸਤੇ ਦੋ ਦੀਵਿਆਂ ਦਾ ਅਤੇ ਅੱਖਾਂ ਦੀ ਜੋਤ ਲਈ ਦੀਵਿਆਂ ਦੀ ਰੌਸ਼ਨੀ ਦਾ ਅਤੀ ਸੁੰਦਰ ਬਿੰਬ ਵਰਤਿਆ ਹੈ । ਇਨ੍ਹਾਂ ਅੱਖਾਂ ਦੇ ਦੋ ਦੀਵਿਆਂ ਨੂੰ ਇਕ ਨਾ ਇਕ ਦਿਨ ਮੌਤ ਦਾ ਫਰਿਸ਼ਤਾ ਬੁਝਾ ਜਾਂਦਾ ਹੈ :



Marfat.com

ਫਰੀਦਾ ਦੁਹੁ ਦੀਵੀ ਬਲੰਦਿਆ ਮਲਕੁ ਬਹਿਠਾ ਆਇ ॥
ਗੜੁ ਲੀਤਾ ਘਟੁ ਲੁਟਿਆ ਦੀਵੜੇ ਗਇਆ ਬੁਝਾਇ ॥

(ਆਦਿ ਗ੍ਰੰਥ, ਪੰਨਾ 1380)

ਇਸ ਤੋਂ ਬਿਨਾ ਹੋਰ ਕਈ ਸ਼ਲੋਕਾਂ ਵਿਚ ਵੀ ਅਗਨੀ ਅਤੇ ਅਗਨੀ-ਕ੍ਰਿਆਵਾਂ ਨੂੰ ਬਾਬਾ ਫ਼ਰੀਦ ਨੇ ਆਪਣੇ ਬਿੰਬਾਂ ਦੀ ਰਚਨਾ ਕਰਨ ਵੇਲੇ ਵਰਤੋਂ ਵਿਚ ਲਿਆਂਦਾ ਹੈ, ਜਿਵੇਂ :

1. ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ ॥

(ਰਾਗ ਸੂਹੀ, ਆਦਿ ਗ੍ਰੰਥ, ਪੰਨਾ 794)

2. ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰ ਕਪਿ ਉਤਾਰਿ ॥
ਕੁੰਨੇ ਹੇਠਿ ਜਲਾਈਐ ਬਾਲਣ ਸੰਦੈ ਥਾਇ ॥

(ਆਦਿ ਗ੍ਰੰਥ, ਪੰਨਾ 1381)

3. ਧੁਖਾਂ ਜਿਉ ਮਾਲੀਹ ਕਾਰਣਿ ਤਿੰਨਾ ਮਾ ਪਿਰੀ ॥

(ਆਦਿ ਗ੍ਰੰਥ, ਪੰਨਾ 1382)

4. ਸਬਰ ਅੰਦਰਿ ਸਾਬਰੀ ਤਨੁ ਏਵੈ ਜਾਲੇਨਿ ॥

(ਆਦਿ ਗ੍ਰੰਥ, ਪੰਨਾ 1384)

5. ਤਨੁ ਤਪੈ ਤਨੂਰ ਜਿਉ ਬਾਲਣੁ ਹਡ ਬਲੰਨਿ ॥

(ਆਦਿ ਗ੍ਰੰਥ, ਪੰਨਾ 1384)

## ਕ) ਧਰਤੀ ਅਤੇ ਧਰਤੀ ਦੇ ਵੱਖ ਵੱਖ ਰੂਪ

ਧਰਤੀ ਅਤੇ ਉਸ ਦੇ ਵਿਭਿੰਨ ਰੂਪ ਵੀ ਬਾਬਾ ਫ਼ਰੀਦ ਦੇ ਬਿੰਬ-ਵਿਧਾਨ ਦਾ ਅੰਗ ਬਣੇ ਹਨ।

### ਭੁਇੰ, ਮਿੱਟੀ ਜਾਂ ਖ਼ਾਕ

ਬਾਬਾ ਫ਼ਰੀਦ ਨੇ ਖ਼ਾਕ ਅਰਥਾਤ ਮਿੱਟੀ ਨੂੰ ਨਿਮਰਤਾ ਅਤੇ ਪਰਉਪਕਾਰ ਦਾ ਪ੍ਰਤੀਕ ਬਣਾ ਕੇ ਪ੍ਰਸਤੁਤ ਕੀਤਾ ਹੈ। ਮਨੁੱਖ ਖ਼ਾਕ ਨੂੰ ਬੜੀ ਨਿਗੂਣੀ ਜਿਹੀ ਵਸਤੂ ਸਮਝਦਾ ਹੈ ਪਰ ਇਹ ਖ਼ਾਕ ਜੀਊਂਦੇ ਜੀਅ ਉਸ ਦੇ ਪੈਰਾਂ ਥੱਲੇ ਵਿਛੀ ਰਹਿੰਦੀ ਹੈ ਤੇ ਮੌਤ ਉਪਰੰਤ ਉਸ ਦੇ ਮੁਰਦਾ ਸਰੀਰ ਨੂੰ ਆਪਣੀ ਗੋਦ ਵਿਚ ਸੰਭਾਲਦੀ ਹੈ। ਨਿਰਸੰਦੇਹ ਮਿੱਟੀ ਨਿਮਰਤਾ ਅਤੇ ਪਰਉਪਕਾਰ ਦਾ ਅਤਿ ਢੁੱਕਵਾਂ ਪ੍ਰਤੀਕ ਹੈ :

ਫਰੀਦਾ ਖਾਕੁ ਨ ਨਿੰਦੀਐ ਖਾਕੂ ਜੇਡੁ ਨ ਕੋਇ ॥
ਜੀਵਦਿਆ ਪੈਰਾਂ ਤਲੈ ਮੁਇਆ ਉਪਰਿ ਹੋਇ ॥

(ਆਦਿ ਗ੍ਰੰਥ, ਪੰਨਾ 1378)

ਭੁਇੰ ਨੂੰ ਇਕ ਸ਼ਲੋਕ ਵਿਚ ਮਨੁੱਖ ਦੀ ਮੁਰਦਾ ਲਾਸ਼ ਲਈ ਵਿਛੇ ਸਦੀਵੀ ਵਿਛੌਣੇ ਦੇ ਰੂਪ ਵਿਚ ਪ੍ਰਸਤੁਤ ਕੀਤਾ ਗਿਆ ਹੈ :



Marfat.com

ਫਰੀਦਾ ਇਟ ਸਿਰਾਣੇ ਭੁਇ ਸਵਣੁ ਕੀੜਾ ਲੜਿਓ ਮਾਸੁ ॥

(ਆਦਿ ਗ੍ਰੰਥ, ਪੰਨਾ 1381)

ਜੀਵ ਦੀ ਨਾਸ਼ਮਾਨਤਾ ਨੂੰ ਦ੍ਰਿੜ੍ਹ ਕਰਵਾਉਣ ਲਈ ਮਾਨਵੀਕਰਣ ਦੀ ਵਿਧੀ ਰਾਹੀਂ ਸਿਰਜੇ ਬਿੰਬ ਵਿਚ ਜ਼ਮੀਨ ਤੇ ਅਸਮਾਨ ਦੀ ਜੜਤ ਹੋਈ ਵੀ ਉਲੇਖਨੀਯ ਹੈ :

ਜਿਮੀ ਪੁਛੈ ਅਸਮਾਨ ਫਰੀਦਾ ਖੇਵਟ ਕਿੰਨਿ ਗਏ ॥
ਜਾਲਣ ਗੋਰਾਂ ਨਾਲਿ ਉਲਾਮੇ ਜੀਅ ਸਹੇ ॥

(ਰਾਗ ਆਸਾ, ਆਦਿ ਗ੍ਰੰਥ, ਪੰਨਾ 488)

ਪ੍ਰਭੂ ਦਾ ਨਾਮ ਨਾ ਜਪਣ ਵਾਲੇ ਜੀਵਾਂ ਨੂੰ ਫ਼ਰੀਦ-ਬਾਣੀ ਵਿਚ ਧਰਤੀ ਉਪਰ ਕੇਵਲ ਵਾਧੂ ਭਾਰ ਆਖਿਆ ਗਿਆ ਹੈ :

ਵਿਸਰਿਆ ਜਿਨੁ ਨਾਮੁ ਤੇ ਭੁਇ ਭਾਰੁ ਥੀਏ ॥

(ਰਾਗ ਆਸਾ, ਆਦਿ ਗ੍ਰੰਥ, ਪੰਨਾ 488)

### ਥਲ ਅਤੇ ਪਹਾੜ

ਬੁਢਾਪੇ ਦਾ ਤਰਸਯੋਗ ਚਿੱਤਰ ਖਿੱਚਦਿਆਂ ਬਾਬਾ ਫ਼ਰੀਦ ਨੇ ਹੇਠਲੇ ਸ਼ਲੋਕ ਵਿਚ ਸਿਰਜੇ ਦ੍ਰਿਸ਼-ਬਿੰਬ ਵਿਚ ਥਲ ਅਤੇ ਪਹਾੜ ਦੀ ਬੜੀ ਸੁੰਦਰ ਵਰਤੋਂ ਕੀਤੀ ਹੈ :

ਫਰੀਦਾ ਇਨੀ ਨਿਕੀ ਜੰਘੀਐ ਥਲ ਡੂਗਰ ਭਵਿਓਮ ॥
ਅਜੁ ਫਰੀਦੈ ਕੂਜੜਾ ਸੈ ਕੋਹਾਂ ਥੀਓਮਿ ॥

(ਆਦਿ ਗ੍ਰੰਥ, ਪੰਨਾ 1378)

### ਮੈਦਾਨ, ਟੋਏ, ਟਿੱਬੇ

ਬਾਬਾ ਫ਼ਰੀਦ ਨੇ ਮਨ ਦੀ ਹੇਰ ਫੇਰ ਅਤੇ ਊਚ ਨੀਚ ਦੀ ਦ੍ਰਿਸ਼ਟੀ ਲਈ ਟੋਏ ਟਿਬਿਆਂ ਦਾ ਬਿੰਬ ਅਤੇ ਸਮ-ਦ੍ਰਿਸ਼ਟੀ ਲਈ ਪੱਧਰੇ ਮੈਦਾਨ ਦਾ ਬਿੰਬ ਪ੍ਰਯੁਕਤ ਕੀਤਾ ਹੈ :

ਫਰੀਦਾ ਮਨੁ ਮੈਦਾਨ ਕਰਿ ਟੋਏ ਟਿਬੇ ਲਾਹਿ ॥
ਅਗੈ ਮੂਲਿ ਨ ਆਵਸੀ ਦੋਜਕ ਸੰਦੀ ਭਾਹਿ ॥

(ਆਦਿ ਗ੍ਰੰਥ, ਪੰਨਾ 1381)

### ਖ) ਧਾਤਾਂ ਅਤੇ ਹੋਰ ਪਦਾਰਥ

ਸੋਨਾ (ਕੰਚਨ) ਅਤੇ ਮੋਤੀ (ਮਾਣਕ) ਨੂੰ ਵੀ ਕਵੀ ਨੇ ਆਪਣੇ ਬਿੰਬ-ਨਿਰਮਾਣ ਦੀ ਆਧਾਰ-ਸਾਮਗ੍ਰੀ ਬਣਾਇਆ ਹੈ।

### ਸੋਨਾ (ਕੰਚਨ)

ਹੇਠ ਲਿਖੀ ਪੰਕਤੀ ਵਿਚ ਸਿਰਜੇ ਗਏ ਉਪਮਾ ਬਿੰਬ ਵਿਚ ਸੋਨੇ ਦੇ ਸੁੰਦਰ ਉਪਮਾਨ ਦੀ ਵਰਤੋਂ ਕੀਤੀ ਗਈ ਹੈ :



Marfat.com

ਕੰਚਨ ਵੰਨੇ ਪਾਸੇ ਕਲਵਤਿ ਚੀਰਿਆ ॥

(ਰਾਗ ਆਸਾ, ਆਦਿ ਗ੍ਰੰਥ, ਪੰਨਾ 488)

## ਮੋਤੀ (ਮਾਣਕ)

ਬਾਬਾ ਫ਼ਰੀਦ ਨੇ ਮਨੁੱਖੀ ਮਨ ਲਈ ਅਨਮੋਲ ਮੋਤੀ ਦਾ ਬੇਹੱਦ ਢੁੱਕਵਾਂ ਬਿੰਬ ਪ੍ਰਯੁਕਤ ਕੀਤਾ ਹੈ :

1. ਹਿਆਉ ਨਾ ਕੈਹੀ ਠਾਹਿ ਮਾਣਕ ਸਭ ਅਮੋਲਵੇ ॥

(ਆਦਿ ਗ੍ਰੰਥ, ਪੰਨਾ 1384)

2. ਸਭਨਾ ਮਨ ਮਾਣਿਕ ਠਾਹਣੁ ਮੂਲ ਮਚਾਂਗਵਾ ॥

(ਆਦਿ ਗ੍ਰੰਥ, ਪੰਨਾ 1384)

## ਗ) ਖ਼ੁਸ਼ਬੂਦਾਰ ਪਦਾਰਥ

ਬਾਬਾ ਫ਼ਰੀਦ ਨੇ ਕੁਝ ਖ਼ੁਸ਼ਬੂਦਾਰ ਪਦਾਰਥਾਂ ਨੂੰ ਵੀ ਆਪਣੀ ਬਿੰਬਾਵਲੀ ਦਾ ਆਧਾਰ ਬਣਾਇਆ ਹੈ।

## ਕਸਤੂਰੀ

ਫ਼ਰੀਦ-ਬਾਣੀ ਵਿਚ ਰੱਬੀ-ਨਾਮ ਲਈ ਕਸਤੂਰੀ ਦਾ ਬਿੰਬ ਪ੍ਰਯੁਕਤ ਕੀਤਾ ਗਿਆ ਹੈ :

ਫਰੀਦਾ ਰਾਤਿ ਕਥੂਰੀ ਵੰਡੀਐ ਸੁਤਿਆ ਮਿਲੈ ਨ ਭਾਉ ॥

(ਆਦਿ ਗ੍ਰੰਥ, ਪੰਨਾ 1382)

## ਕਸਤੂਰੀ ਅਤੇ ਹਿੰਙ

ਜਿਹੜੀ ਜੀਵ-ਇਸਤ੍ਰੀ ਨਹਾ ਧੋ ਕੇ ਹਾਰ ਸ਼ਿੰਗਾਰ ਕਰਕੇ ਆਪਣੇ ਪ੍ਰਭੂ-ਪ੍ਰੀਤਮ ਦੀ ਤਾਂਘ ਵਿਚ ਜੁੜ ਬੈਠਦੀ ਹੈ ਉਸ ਦੇ ਸਰੀਰ ਵਿਚੋਂ ਤਾਂ ਕਸਤੂਰੀ ਵਰਗੀ ਭਿੰਨੀ ਮਹਿਕ ਆਉਂਦੀ ਹੈ ਪਰ ਜਿਹੜੀ ਜੀਵ-ਇਸਤ੍ਰੀ ਆਪਣੇ ਪ੍ਰਭੂ-ਪ੍ਰੀਤਮ ਦੀ ਉਡੀਕ ਕੀਤੇ ਬਿਨਾ ਬੇਫ਼ਿਕਰ ਹੋ ਕੇ ਸੌਂ ਜਾਂਦੀ ਹੈ, ਬਾਵਜੂਦ ਹਾਰ-ਸ਼ਿੰਗਾਰ ਦੇ ਉਸ ਦੇ ਸਰੀਰ ਵਿਚੋਂ ਹਿੰਙ ਵਰਗੀ ਬਦਬੋ ਆਉਂਦੀ ਹੈ। ਇਸ ਭਾਵ ਨੂੰ ਵਿਅਕਤ ਕਰਨ ਲਈ ਬਾਬਾ ਫ਼ਰੀਦ ਨੇ ਹੇਠਲੇ ਸ਼ਲੋਕ ਵਿਚ ਸਿਰਜੇ ਗੰਧ-ਬਿੰਬ ਵਿਚ ਕਸਤੂਰੀ ਤੇ ਹਿੰਙ ਦੀ ਵਰਤੋਂ ਕੀਤੀ ਹੈ :

ਨਾਤੀ ਧੋਤੀ ਸੰਬਹੀ ਸੁਤੀ ਆਇ ਨਚਿੰਦੁ ॥
ਫਰੀਦਾ ਰਹੀ ਸੁ ਬੇੜੀ ਹਿੰਙੁ ਦੀ ਗਈ ਕਥੂਰੀ ਗੰਧੁ ॥

(ਆਦਿ ਗ੍ਰੰਥ, ਪੰਨਾ 1379)

ਉਪਰੋਕਤ ਚਰਚਾ ਤੋਂ ਸਪਸ਼ਟ ਹੁੰਦਾ ਹੈ ਕਿ ਬਾਬਾ ਫ਼ਰੀਦ ਨੇ ਪ੍ਰਕ੍ਰਿਤੀ ਨੂੰ ਬੜਾ ਨੇੜਿਉਂ ਹੋ ਕੇ ਤੱਕਿਆ ਅਤੇ ਅਨੁਭਵ ਕੀਤਾ ਹੈ। ਉਸ ਨੇ ਪ੍ਰਕ੍ਰਿਤੀ ਦੇ ਭਿੰਨ ਭਿੰਨ ਪਹਿਲੂਆਂ—ਬਨਸਪਤੀ, ਪਸ਼ੂ-ਪੰਛੀ, ਜੀਵ-ਜੰਤੂ, ਜਲ, ਜਲ-ਸ੍ਰੋਤ, ਜਲ-ਕ੍ਰਿਆਵਾਂ, ਅਗਨੀ, ਅਗਨੀ-ਕ੍ਰਿਆਵਾਂ, ਧਰਤੀ, ਧਰਤੀ ਦੇ ਵਿਭਿੰਨ ਰੂਪ, ਅਸਮਾਨ, ਰੁੱਤਾਂ, ਮਹੀਨੇ, ਦਿਨ, ਰਾਤ,



Marfat.com

ਚਾਨਣ, ਹਨੇਰਾ, ਧਾਤਾਂ, ਖੁਸ਼ਬੂਦਾਰ ਪਦਾਰਥਾਂ ਆਦਿ ਦੀ ਵੰਨ-ਸਵੰਨੀ ਸਾਮਗ੍ਰੀ ਨੂੰ ਆਪਣੀ ਖਿੰਬਾਵਲੀ ਦਾ ਆਧਾਰ ਬਣਾਇਆ ਹੈ। ਪ੍ਰਾਕ੍ਰਿਤਕ ਸਾਮਗ੍ਰੀ ਦੀ ਸਹਾਇਤਾ ਨਾਲ ਕਵੀ ਨੇ ਜਿਥੇ ਆਪਣੇ ਭਾਵਾਂ ਤੇ ਵਿਚਾਰਾਂ ਦੀ ਪ੍ਰਭਾਵਸ਼ਾਲੀ ਅਭਿਵਿਅਕਤੀ ਕੀਤੀ ਹੈ, ਉਥੇ ਕਲਾ ਦੇ ਪੱਖੋਂ ਵੀ ਆਪਣੀ ਰਚਨਾ ਵਿਚ ਇਕ ਅਨੂਠਾ ਸੁਹਜ ਭਰ ਦਿੱਤਾ ਹੈ।

## 2. ਮਨੁੱਖਾ ਜੀਵਨ

ਪ੍ਰਕ੍ਰਿਤੀ ਦੀ ਅਸੀਮ ਵਲਗਣ ਤੋਂ ਬਾਅਦ ਕਾਵਿ-ਬਿੰਬਾਂ ਦੀ ਸਾਮਗ੍ਰੀ ਲਈ ਦੂਜਾ ਵੱਡਾ ਭੰਡਾਰ ਹੈ ਮਨੁੱਖਾ-ਜੀਵਨ। ਪ੍ਰਕ੍ਰਿਤੀ ਵਾਂਗ ਹੀ ਮਨੁੱਖੀ ਜੀਵਨ ਦਾ ਖੇਤਰ ਵੀ ਬਹੁਤ ਵਿਸ਼ਾਲ ਹੈ। ਇਸ ਬਹੁ-ਅੰਗੀ ਤੇ ਬਹੁ-ਰੰਗੀ ਮਨੁੱਖਾ-ਜੀਵਨ ਦਾ ਜਿਸ ਕਵੀ ਨੂੰ ਜਿੰਨਾ ਵਧੇਰੇ ਡੂੰਘਾ ਤੇ ਨਿਜੀ ਅਨੁਭਵ ਹੋਵੇਗਾ ਉਸ ਕਵੀ ਦੀ ਬਿੰਬਾਵਲੀ ਉਨੀ ਹੀ ਵਧੇਰੇ ਪ੍ਰਭਾਵਸ਼ਾਲੀ ਅਤੇ ਵੰਨ-ਸਵੰਨੀ ਹੋਵੇਗੀ। ਬਾਬਾ ਫ਼ਰੀਦ ਨੇ ਪ੍ਰਕ੍ਰਿਤੀ ਵਾਂਗ ਹੀ ਮਨੁੱਖੀ ਜੀਵਨ ਨੂੰ ਵੀ ਬੜੀ ਨੀਝ ਨਾਲ ਤੱਕਿਆ ਅਤੇ ਆਪਣੇ ਅਨੁਭਵ ਦਾ ਅੰਗ ਬਣਾਇਆ ਹੋਇਆ ਸੀ। ਇਸ ਦਾ ਸਬੂਤ ਉਸ ਦੀ ਬਿੰਬਾਵਲੀ ਦੀ ਸਾਮਗ੍ਰੀ ਤੋਂ ਭਲੀਭਾਂਤ ਮਿਲ ਜਾਂਦਾ ਹੈ। ਉਸ ਦੇ ਬਿੰਬਾਂ ਦੀ ਬਹੁਤੀ ਸਾਮਗ੍ਰੀ ਸਾਧਾਰਣ ਮਨੁੱਖੀ ਜੀਵਨ ਨਾਲ ਸੰਬੰਧਿਤ ਹੈ। ਡਾ. ਦਲੀਪ ਸਿੰਘ 'ਦੀਪ' ਅਨੁਸਾਰ, "ਬਾਬਾ ਫ਼ਰੀਦ ਨੇ ਸਾਧਾਰਨ ਗ੍ਰਹਸਤੀ ਵਾਲਾ ਜੀਵਨ ਗੁਜ਼ਾਰਿਆ। ਉਹ ਸਾਦਗੀ ਅਤੇ ਸਾਧਾਰਨਤਾ ਨੂੰ ਆਤਮ-ਪ੍ਰਾਪਤੀ ਲਈ ਤਰਜੀਹ ਦੇਂਦਾ ਹੈ। ਉਸ ਨੇ ਆਪਣੇ ਅਤੇ ਆਪਣੇ ਆਲੇ ਦੁਆਲੇ ਦੇ ਸਾਧਾਰਨ ਜੀਵਨ ਨੂੰ ਹੀ ਚਿਤਰਿਆ ਹੈ। ਬਹੁਤੇ ਬਿੰਬ ਸਾਧਾਰਨ ਸ਼੍ਰੇਣੀ ਦੇ ਜੀਵਨ ਦੇ ਹੀ ਹਨ। ਜਿਹੜਾ ਜੀਵਨ ਮਾਣਿਆ ਹੋਵੇ ਅਤੇ ਨੇੜੇ ਹੋ ਕੇ ਵੇਖਿਆ ਹੋਵੇ ਉਹੋ ਹੀ ਕਲਪਨਾ ਵਿਚ ਵਧੇਰੇ ਆਉਂਦਾ ਹੈ।"[੪] ਸੋ ਬਾਬਾ ਫ਼ਰੀਦ ਨੇ ਮਨੁੱਖੀ ਜੀਵਨ ਦੇ ਬਹੁਤ ਸਾਰੇ ਪਹਿਲੂਆਂ ਵਿਚੋਂ ਬਿੰਬ-ਸਾਮਗ੍ਰੀ ਹਾਸਲ ਕੀਤੀ ਹੈ ਜਿਸ ਦਾ ਉਲੇਖ ਅਗਲੇ ਪੰਨਿਆਂ ਵਿਚ ਕੀਤਾ ਜਾ ਰਿਹਾ ਹੈ।

### (ੳ) ਘਰੇਲੂ ਚੀਜ਼ਾਂ ਵਸਤੂਆਂ

ਘਰੇਲੂ ਵਰਤੋਂ ਵਿਚ ਆਉਣ ਵਾਲੀਆਂ ਵਸਤੂਆਂ ਵੀ ਬਾਬਾ ਫ਼ਰੀਦ ਦੇ ਬਿੰਬਾਂ ਦੀ ਆਧਾਰ-ਸਾਮਗ੍ਰੀ ਬਣੀਆਂ ਹਨ।

### ਮੰਜਾ, ਵਾਣ, ਤੁਲਾਈ (ਲੇਫ)

ਬਾਬਾ ਫ਼ਰੀਦ ਨੇ ਚਿੰਤਾ ਲਈ ਮੰਜੇ ਦਾ, ਦੁੱਖਾਂ ਲਈ ਵਾਣ ਦਾ ਅਤੇ ਵਿਛੋੜੇ ਲਈ ਤੁਲਾਈ ਦਾ ਰੂਪਕ ਬਿੰਬ ਪ੍ਰਯੁਕਤ ਕਰਕੇ ਪ੍ਰਭੂ ਤੋਂ ਵਿਛੜੇ ਜੀਵ ਦੀ ਤਰਸਯੋਗ ਦੁਰਦਸ਼ਾ ਦਾ ਬਿਬਾਂਕਨ ਕੀਤਾ ਹੈ:

ਫ਼ਰੀਦਾ ਚਿੰਤ ਖਟੋਲਾ ਵਾਣ ਦੁਖੁ ਬਿਰਹਿ ਵਿਛਾਵਣੁ ਲੇਫੁ ॥
ਏਹੁ ਹਮਾਰਾ ਜੀਵਣਾ ਤੂ ਸਾਹਿਬ ਸਚੇ ਵੇਖੁ ॥

(ਆਦਿ ਗ੍ਰੰਥ, ਪੰਨਾ 1379)



Marfat.com

**ਗੋਦੜੀ**

ਮਨੁੱਖੀ ਜਿੰਦ ਲਈ ਬਾਬਾ ਫ਼ਰੀਦ ਨੇ ਫ਼ਕੀਰ ਦੀ ਗੋਦੜੀ ਦਾ ਬਿੰਬ ਵਰਤਿਆ ਹੈ। ਫ਼ਕੀਰ ਦੀ ਗੋਦੜੀ ਨੂੰ ਤਾਂ ਟਾਂਕੇ ਲਗਾ ਕੇ ਕੁਝ ਦੇਰ ਹੋਰ ਹੰਢਾਇਆ ਜਾ ਸਕਦਾ ਹੈ ਪਰ ਜਿੰਦ ਰੂਪੀ ਗੋਦੜੀ ਨੂੰ ਅਜਿਹੇ ਟਾਂਕੇ ਵੀ ਨਹੀਂ ਲਗ ਸਕਦੇ, ਉਸ ਨੇ ਤਾਂ ਚਲਦੀ ਹੀ ਬਣਨਾ ਹੈ :

ਫਰੀਦਾ ਖਿੰਥੜਿ ਮੇਖਾ ਅਗਲੀਆ ਜਿੰਦੁ ਨ ਕਾਈ ਮੇਖ ॥
ਵਾਰੀ ਆਪੋ ਆਪਣੀ ਚਲੇ ਮਸਾਇਕ ਸੇਖ ॥

(ਆਦਿ ਗ੍ਰੰਥ, ਪੰਨਾ 1380)

**ਹਾਂਡੀ, ਤੰਦੂਰ, ਬਾਲਣ,**

ਹੇਠਲੇ ਉਪਮਾ-ਬਿੰਬਾਂ ਵਿਚ ਹਾਂਡੀ, ਤੰਦੂਰ, ਬਾਲਣ ਆਦਿ ਨੂੰ ਵੀ ਸਾਮਗ੍ਰੀ ਵਜੋਂ ਵਰਤਿਆ ਗਿਆ ਹੈ :

1. ਤਨੁ ਤਪੈ ਤਨੂਰ ਜਿਉਂ ਬਾਲਣ ਹਡ ਬਲੰਨਿ ॥

(ਆਦਿ ਗ੍ਰੰਥ, ਪੰਨਾ 1384)

2. ਜੋ ਸਿਰੁ ਸਾਈ ਨ ਨਿਵੈ ਸੋ ਸਿਰੁ ਕੀਜੈ ਕਾਂਇ ॥
ਕੁੰਨੇ ਹੇਠਿ ਜਲਾਈਐ ਬਾਲਣ ਸੰਦੈ ਥਾਇ ॥

(ਆਦਿ ਗ੍ਰੰਥ, ਪੰਨਾ 1381)

**ਗੋਹਾ**

ਗੋਹੇ ਨੂੰ ਵੀ ਢੁੱਕਵਾਂ ਉਪਮਾਨ ਬਣਾਇਆ ਗਿਆ ਹੈ :

ਧੁਖਾਂ ਜਿਉ ਮਾਂਲੀਹ ਕਾਰਣਿ ਤਿੰਨਾ ਮਾ ਪਿਰੀ ॥

(ਆਦਿ ਗ੍ਰੰਥ, ਪੰਨਾ 1383)

**ਭਾਂਡਾ**

ਜੀਵਨ ਦੀ ਅਸਥਿਰਤਾ ਨੂੰ ਦ੍ਰਿੜ੍ਹ ਕਰਵਾਉਣ ਲਈ ਸਿਰਜੇ ਦ੍ਰਿਸ਼ਟਾਂਤ ਬਿੰਬ ਵਿਚ ਕੱਚੇ ਭਾਂਡੇ ਅਤੇ ਨੀਰ ਨੂੰ ਸਾਮਗ੍ਰੀ ਬਣਾਇਆ ਗਿਆ ਹੈ :

ਫਰੀਦਾ ਕਚੇ ਭਾਂਡੇ ਰਖੀਐ ਕਿਚਰੁ ਤਾਈ ਨੀਰ ॥

(ਆਦਿ ਗ੍ਰੰਥ, ਪੰਨਾ 1383)

**ਕੈਂਚੀ (ਕਾਤੀ)**

ਕਪਟੀ ਦਿਲ ਲਈ ਕੈਂਚੀ ਨੂੰ ਬਿੰਬ ਬਣਾਇਆ ਵੇਖੋ :



Marfat.com

ਫਰੀਦਾ ਕੰਨਿ ਮੁਸਲਾ ਸੂਫੁ ਗਲਿ ਦਿਲਿ ਕਾਤੀ ਗੁੜੁ ਵਾਤਿ ॥

(ਆਦਿ ਗ੍ਰੰਥ, ਪੰਨਾ 1380)

## ਘੜੀ, ਲੱਜ

ਬਾਬਾ ਫ਼ਰੀਦ ਨੇ ਸੁੰਦਰ ਸਰੀਰ ਲਈ ਘੜੀ ਅਤੇ ਸਾਹਾਂ ਦੀ ਡੋਰ ਲਈ ਲੱਜ ਦਾ ਬਿੰਬ ਵਰਤਿਆ ਹੈ। ਘੜੀ ਵਾਂਗ ਸਰੀਰ ਨੇ ਵੀ ਇਕ ਦਿਨ ਭੱਜ ਜਾਣਾ ਹੈ ਤੇ ਲੱਜ ਵਾਂਗ ਸਾਹਾਂ ਦੀ ਡੋਰ ਵੀ ਆਵੱਸ਼ ਟੁੱਟ ਜਾਣੀ ਹੈ :

ਫਰੀਦਾ ਭੰਨੀ ਘੜੀ ਸਵੰਨਵੀ ਟੂਟੀ ਨਾਗਰ ਲਜੁ ॥
ਅਜਰਾਈਲੁ ਫਰੇਸਤਾ ਕੈ ਘਰਿ ਨਾਠੀ ਅਜੁ ॥

(ਆਦਿ ਗ੍ਰੰਥ, ਪੰਨਾ 1381)

## ਕਪਾਹ, ਤਿਲ, ਕਮਾਦ, ਕਾਗਜ, ਕੋਲੇ

ਇਨ੍ਹਾਂ ਪੰਜਾਂ ਵਸਤੂਆਂ ਨੂੰ ਵੀ ਕਵੀ ਨੇ ਇਕੋ ਸ਼ਲੋਕ ਵਿਚ ਦ੍ਰਿਸ਼ਟਾਂਤ ਬਿੰਬ ਦੀ ਉਸਾਰੀ ਲਈ ਵਰਤਿਆ ਹੈ :

ਫਰੀਦਾ ਵੇਖੁ ਕਪਾਹੈ ਜਿ ਥੀਆ ਜਿ ਸਿਰ ਥੀਆ ਤਿਲਾਹ ॥
ਕਮਾਦੈ ਅਰ ਕਾਗਦੈ ਕੁੰਨੇ ਕੋਇਲਿਆਹ ॥
ਮੰਦੇ ਅਮਲ ਕਰੇਦਿਆਂ ਏਹ ਸਜਾਇ ਤਿਨਾਹ ॥

(ਆਦਿ ਗ੍ਰੰਥ, ਪੰਨਾ 1380)

## ਕੁੱਜਾ, ਘੜਿਆਲ

ਫ਼ਰੀਦ-ਬਾਣੀ ਵਿਚ ਵੱਖੋ ਵੱਖਰੇ ਪ੍ਰਸੰਗਾਂ ਵਿਚ ਕੁੱਜੇ ਅਤੇ ਘੜਿਆਲ ਦੀ ਵੀ ਵਰਤੋਂ ਕੀਤੀ ਗਈ ਹੈ, ਜਿਵੇਂ :

1. ਅਜੁ ਫਰੀਦਾ ਕੂਜੜਾ ਸੈ ਕੋਹਾਂ ਥੀਓਮਿ ॥

(ਆਦਿ ਗ੍ਰੰਥ, ਪੰਨਾ 1378)

2. ਸੋਹੇੜਾਂ ਘੜੀਆਲ ਜਿਉ ਡੁਖੀ ਰੈਣ ਵਿਹਾਇ ॥

(ਆਦਿ ਗ੍ਰੰਥ, ਪੰਨਾ 1380)

## ਤਿਲ

ਬਾਬਾ ਫ਼ਰੀਦ ਨੇ ਸਵਾਸਾਂ ਲਈ ਤਿਲਾਂ ਦਾ ਬਿੰਬ ਉਪਯੁਕਤ ਕੀਤਾ ਹੈ :

ਫਰੀਦਾ ਜੇ ਜਾਣਾ ਤਿਲ ਥੋੜੜੇ ਸੰਮਲਿ ਬੁਕ ਭਰੀ।

(ਆਦਿ ਗ੍ਰੰਥ, ਪੰਨਾ 1378)

## ਪੋਟਲੀ (ਗਠੜੀ)

ਬਾਬਾ ਫ਼ਰੀਦ ਅਨੁਸਾਰ ਦਰਵੇਸ਼ੀ ਦਾ ਰਸਤਾ ਬਹੁਤ ਔਖਾ ਹੈ। ਜਿਸ ਆਦਮੀ ਨੇ



Marfat.com

ਆਪਣੇ ਸਿਰ ਉਪਰ ਦੁਨੀਆਂਦਾਰੀ ਦੀ ਭਾਰੀ ਗਠੜੀ ਚੁੱਕੀ ਹੋਈ ਹੋਵੇ ਉਹ ਇਸ ਰਸਤੇ ਉਪਰ ਨਹੀਂ ਤੁਰ ਸਕਦਾ। ਦੁਨੀਆਂਦਾਰੀ ਲਈ ਕਵੀ ਨੇ ਪੋਟਲੀ ਦਾ ਬਿੰਬ ਵਰਤਿਆ ਹੈ :

ਫਰੀਦਾ ਦਰ ਦਰਵੇਸੀ ਗਾਖੜੀ ਚਲਾ ਦੁਨੀਆ ਭਤਿ ॥
ਬੰਨ੍ਹਿ ਉਠਾਈ ਪੋਟਲੀ ਕਿਥੈ ਵੰਞਾ ਘਤਿ ॥

(ਆਦਿ ਗ੍ਰੰਥ, ਪੰਨਾ 1377-78)

## ਅ) ਖਾਣ-ਪੀਣ ਦੇ ਪਦਾਰਥ

ਮਨੁੱਖ ਦੇ ਖਾਣ ਪੀਣ ਦੀਆਂ ਵਸਤੂਆਂ ਵੀ ਬਾਬਾ ਫ਼ਰੀਦ ਦੇ ਬਿੰਬਾਂ ਦੀ ਸਾਮਗ੍ਰੀ ਬਣੀਆਂ ਹਨ :

### ਸ਼ਕਰ, ਜ਼ਹਿਰ

ਦੁਨਿਆਵੀ ਪਦਾਰਥਾਂ ਲਈ ਬਾਬਾ ਫ਼ਰੀਦ ਨੇ ਸ਼ਕਰ ਅਤੇ ਵਿਸ ਦੇ ਬਿੰਬ ਪ੍ਰਯੁਕਤ ਕੀਤੇ ਹਨ। ਇਹ ਪਦਾਰਥ ਪਹਿਲਾਂ ਤਾਂ ਸ਼ਕਰ ਦੀ ਤਰ੍ਹਾਂ ਸੁਆਦਲੇ ਜਾਪਦੇ ਹਨ ਪਰ ਪਿੱਛੋਂ ਇਨ੍ਹਾਂ ਦਾ ਅਸਰ ਜ਼ਹਿਰ ਵਰਗਾ ਹੁੰਦਾ ਹੈ :

ਦੇਖਿ ਫਰੀਦਾ ਜਿ ਥੀਆ ਸਕਰ ਹੋਈ ਵਿਸੁ ॥

(ਆਦਿ ਗ੍ਰੰਥ, ਪੰਨਾ 1378)

### ਸ਼ਕਰ, ਖੰਡ, ਮਿਸ਼ਰੀ, ਗੁੜ, ਸ਼ਹਿਦ, ਮਾਝਾ ਦੁੱਧ

ਇਨ੍ਹਾਂ ਸਾਰੀਆ ਮਿੱਠੀਆਂ ਵਸਤੂਆਂ ਦੀ ਹੇਠਲੇ ਸ਼ਲੋਕ ਵਿਚ ਸਿਰਜੇ ਸੁਆਦ-ਬਿੰਬ ਵਿਚ ਬੜੀ ਹੀ ਸੁੰਦਰ ਜੜਤ ਕੀਤੀ ਗਈ ਹੈ :

ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉ ਮਾਝਾ ਦੁਧੁ ॥
ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ ॥

(ਆਦਿ ਗ੍ਰੰਥ, ਪੰਨਾ 1379)

### ਦਾਖ

ਮਨੁੱਖ ਜਿਹੋ ਜਿਹਾ ਕਰਮ ਕਰੇਗਾ ਉਸ ਨੂੰ ਉਹੋ ਜਿਹਾ ਫਲ ਮਿਲੇਗਾ। ਇਸ ਕਰਮ-ਫ਼ਲ ਦੇ ਸਿੱਧਾਂਤ ਨੂੰ ਸਮਝਾਉਣ ਲਈ ਬਾਬਾ ਫ਼ਰੀਦ ਨੇ ਦਾਖ ਅਤੇ ਕਿੱਕਰ ਦਾ ਦ੍ਰਿਸ਼ਟਾਂਤ ਦਿੱਤਾ ਹੈ :

ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟ ॥

(ਆਦਿ ਗ੍ਰੰਥ, ਪੰਨਾ 1379)

### ਰੋਟੀ, ਭਾਜੀ, ਪਾਣੀ

ਬਾਬਾ ਫ਼ਰੀਦ ਨੇ ਗਰੀਬੀ ਅਤੇ ਨਿਮਰਤਾ ਲਈ ਕਾਠ (ਘਾਠ ਜਾਂ ਜੌਂ) ਦੀ ਰੋਟੀ ਅਤੇ ਅਮੀਰੀ ਅਤੇ ਹੰਕਾਰ ਲਈ ਚੋਪੜੀ ਰੋਟੀ ਦਾ ਬਿੰਬ ਵਰਤਿਆ ਹੈ :



Marfat.com

ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣ ਮੇਰੀ ਭੁਖ ॥
ਜਿਨਾ ਖਾਧੀ ਚੋਪੜੀ ਘਣੇ ਸਹਿਨਗੇ ਦੁਖ ॥

(ਆਦਿ ਗ੍ਰੰਥ, ਪੰਨਾ 1379)

ਇਸ ਤੋਂ ਅਗਲੇ ਸ਼ਲੋਕ ਵਿਚ ਰੁਖੀ ਮਿਸੀ ਰੋਟੀ ਨੂੰ ਸਬਰ ਤੇ ਸ਼ੁਕਰ ਦੇ ਪ੍ਰਤੀਕ ਵਜੋਂ ਵਰਤਿਆ ਗਿਆ ਹੈ :

ਰੁਖੀ ਸੁਖੀ ਖਾਇਕੈ ਠੰਡਾ ਪਾਣੀ ਪੀਉ ॥
ਫਰੀਦਾ ਦੇਖ ਪਰਾਈ ਚੋਪੜੀ ਨ ਤਰਸਾਇ ਜੀਉ ॥

(ਆਦਿ ਗ੍ਰੰਥ, ਪੰਨਾ 1379)

### ਆਟਾ, ਲੂਣ

ਬਾਬ ਫ਼ਰੀਦ ਨੇ ਦੁਨਿਆਵੀ ਪਦਾਰਥਾਂ ਦੀ ਬਹੁਲਤਾ ਅਰਥਾਤ ਅਮੀਰੀ ਵਾਸਤੇ ਜਮ੍ਹਾਂ ਪਏ ਆਟੇ ਦਾ ਬਿੰਬ ਅਤੇ ਗਰੀਬੀ ਲਈ ਲੂਣ ਵੀ ਨਾ ਹੋਣ ਦਾ ਬਿੰਬ ਪ੍ਰਯੁਕਤ ਕੀਤਾ ਹੈ। ਇਨ੍ਹਾਂ ਬਿੰਬਾਂ ਰਾਹੀਂ ਸਮਾਜ ਦੀ ਆਰਥਿਕ ਕਾਣੀ-ਵੰਡ ਦਾ ਸੁੰਦਰ ਨਕਸ਼ਾ ਖਿਚਿਆ ਗਿਆ ਹੈ :

ਫਰੀਦਾ ਇਕਨਾ ਆਟਾ ਅਗਲਾ ਇਕਨਾ ਨਾ ਹੀ ਲੋਣੁ ॥
ਅਗੈ ਗਏ ਸਿੰਞਾਪਸਨਿ ਚੋਟਾਂ ਖਾਸੀ ਕਉਣੁ ॥

(ਆਦਿ ਗ੍ਰੰਥ, ਪੰਨਾ 1380)

### ਗੰਦਲਾਂ, ਖੰਡ

ਫ਼ਰੀਦ-ਬਾਣੀ ਵਿਚ ਦੁਨਿਆਵੀ ਵਿਸ਼ੈ-ਵਿਕਾਰਾਂ ਵਾਸਤੇ ਉਨ੍ਹਾਂ ਗੰਦਲਾਂ ਦਾ ਬਿੰਬ ਵਰਤਿਆ ਗਿਆ ਹੈ ਜੋ ਬਾਹਰੋਂ ਤਾਂ ਖੰਡ ਵਿਚ ਲਪੇਟੀਆਂ ਹੋਣ ਕਰ ਕੇ ਮਿੱਠੀਆਂ ਤੇ ਸੁਆਦਲੀਆਂ ਜਾਪਦੀਆਂ ਹਨ ਪਰ ਉਨ੍ਹਾਂ ਦੇ ਅੰਦਰ ਜਹਿਰ ਭਰੀ ਹੋਈ ਹੁੰਦੀ ਹੈ :

ਫਰੀਦਾ ਏ ਵਿਸੁ ਗੰਦਲਾਂ ਧਰੀਆ ਖੰਡੁ ਲਿਵਾੜਿ ॥

(ਆਦਿ ਗ੍ਰੰਥ, ਪੰਨਾ 1379)

### ੲ) ਮਨੁੱਖੀ ਸਰੀਰ, ਸਰੀਰਕ ਹਰਕਤਾਂ, ਸਰੀਰਕ-ਅਵਸਥਾਵਾਂ

ਬਾਬਾ ਫ਼ਰੀਦ ਨੇ ਮਨੁੱਖੀ ਸਰੀਰ ਦੇ ਭਿੰਨ ਭਿੰਨ ਅੰਗਾਂ, ਸਰੀਰ ਦੀਆਂ ਵੱਖ ਵੱਖ ਅਵਸਥਾਵਾਂ ਅਤੇ ਸਰੀਰਕ ਅੰਗਾਂ ਦੀਆਂ ਹਰਕਤਾਂ ਨੂੰ ਵੀ ਆਪਣੇ ਬਿੰਬਾਂ ਦੀ ਸਾਮਗ੍ਰੀ ਵਜੋਂ ਵਰਤਿਆ ਹੈ।

### ਸਰੀਰ (ਤਨ) ਹੱਡ, ਸਿਰ, ਪੈਰ

ਕਵੀ ਨੇ ਹੇਠਲੇ ਸ਼ਲੋਕ ਵਿਚ ਸਿਰਜੇ ਉਪਮਾ ਬਿੰਬ ਵਿਚ ਤਨ, ਹੱਡਾਂ, ਸਿਰ ਅਤੇ ਪੈਰਾਂ ਦਾ ਪ੍ਰਯੋਗ ਕੀਤਾ ਹੈ :



Marfat.com

ਤਨੁ ਤਪੈ ਤਨੂਰ ਜਿਉ ਬਾਲਣੁ ਹਡ ਬਲੰਨਿ ॥
ਪੈਰੀ ਥਕਾ ਸਿਰਿ ਜੁਲਾ ਜੇ ਮੂ ਪਿਰੀ ਮਿਲੰਨਿ ॥

(ਆਦਿ ਗ੍ਰੰਥ, ਪੰਨਾ 1384)

## ਦੰਦ, ਪੈਰ, ਅੱਖਾਂ, ਕੰਨ, ਦਿਲ

ਬੁਢਾਪੇ ਦੀ ਤਰਸਯੋਗ ਅਵਸਥਾ ਨੂੰ ਰੂਪਮਾਨ ਕਰਦਿਆਂ ਇਨ੍ਹਾਂ ਸਾਰੇ ਸਰੀਰਕ ਅੰਗਾਂ ਨੂੰ ਬਿੰਬ-ਸਾਮਗ੍ਰੀ ਬਣਾਇਆ ਗਿਆ ਹੈ :

ਚਬਣ ਚਲਣ ਰਤੰਨ ਸੇ ਸੁਣੀਅਰ ਬਹਿ ਗਏ ॥
ਹੇੜੇ ਮੁਤੀ ਧਾਹ ਸੇ ਜਾਨੀ ਚਲਿ ਗਏ ॥

(ਆਦਿ ਗ੍ਰੰਥ, ਪੰਨਾ 1381)

## ਸਿਰ ਦੇ ਵਾਲ, ਦਾੜ੍ਹੀ, ਮੁੱਛਾਂ

ਬੁਢਾਪੇ ਦਾ ਚਿੱਤਰ ਖਿੱਚਣ ਲਈ ਬਾਬਾ ਫ਼ਰੀਦ ਨੇ ਚਿੱਟੇ ਹੋ ਗਏ ਸਿਰ ਦੇ ਵਾਲਾਂ, ਚਿੱਟੀ ਦਾੜ੍ਹੀ ਅਤੇ ਚਿੱਟੀਆਂ ਮੁੱਛਾਂ ਦੇ ਬਿੰਬ ਵਰਤੇ ਹਨ :

ਫਰੀਦਾ ਸਿਰੁ ਪਲਿਆ ਦਾੜੀ ਪਲੀ ਮੁਛਾਂ ਭੀ ਪਲੀਆਂ ॥
ਰੇ ਮਨ ਗਹਿਲੇ ਬਾਵਲੇ ਮਾਣਹਿ ਕਿਆ ਰਲੀਆਂ ॥

(ਆਦਿ ਗ੍ਰੰਥ, ਪੰਨਾ 1380)

## ਕਾਲੇ ਵਾਲ, ਚਿੱਟੇ ਵਾਲ (ਧਉਲੇ)

ਬਾਬਾ ਫ਼ਰੀਦ ਨੇ ਜਵਾਨੀ ਦੀ ਅਵਸਥਾ ਲਈ ਕਾਲੇ ਵਾਲਾਂ ਅਤੇ ਬਿਰਧ ਅਵਸਥਾ ਲਈ ਚਿੱਟੇ ਵਾਲਾਂ ਅਰਥਾਤ ਧਉਲਿਆਂ ਦਾ ਬਿੰਬ ਵਰਤਿਆ ਹੈ :

ਫਰੀਦਾ ਕਾਲੀ ਜਿਨ੍ਹੀ ਨ ਰਾਵਿਆ ਧਉਲੀ ਰਾਵੈ ਕੋਇ ॥

(ਆਦਿ ਗ੍ਰੰਥ, ਪੰਨਾ 1378)

## ਹਿਰਦਾ ਜਾਂ ਮਨ

ਕਵੀ ਨੇ ਰੱਬ ਦੇ ਨਿਵਾਸ ਅਸਥਾਨ ਲਈ ਮਨੁੱਖੀ ਹਿਰਦੇ ਦਾ ਬਿੰਬ ਚੁਣਿਆ ਹੈ :

ਵਸੀ ਰਬ ਹਿਆਲੀਐ ਜੰਗਲੁ ਕਿਆ ਢੂਢੇਹਿ ॥

(ਆਦਿ ਗ੍ਰੰਥ, ਪੰਨਾ 1378)

## ਅੱਖਾਂ

ਇਸਤ੍ਰੀ ਦੀ ਸਮੁੱਚੀ ਸੁੰਦਰਤਾ ਵਾਸਤੇ ਸੁੰਦਰ ਅੱਖਾਂ ਦਾ ਬਿੰਬ ਵਰਤਿਆ ਗਿਆ ਹੈ :

ਫਰੀਦਾ ਜਿਨੁ ਲੋਇਣ ਜਗੁ ਮੋਹਿਆ ਸੇ ਲੋਇਣ ਮੈ ਡਿਠੁ ॥

(ਆਦਿ ਗ੍ਰੰਥ, ਪੰਨਾ 1378)

## ਗਲ, ਬਾਹਾਂ, ਹੱਥ

ਬਾਬਾ ਫ਼ਰੀਦ ਨੇ ਹੇਠਲੀਆਂ ਪੰਕਤੀਆਂ ਵਿਚ ਸਿਰਜੇ ਦ੍ਰਿਸ਼ ਅਤੇ ਸਪਰਸ਼ ਬਿੰਬਾਂ ਵਿਚ



Marfat.com

ਗਲ, ਬਾਹਾਂ ਅਤੇ ਹੱਥਾਂ ਨੂੰ ਆਧਾਰ-ਸਾਮਗ੍ਰੀ ਬਣਾਇਆ ਹੈ :

1. ਕਤਕਿ ਕੂੰਜਾਂ ਚੇਤਿ ਡਉ ਸਾਵਣਿ ਬਿਜਲੀਆ ॥
ਸੀਆਲੇ ਸੋਹੰਦੀਆਂ ਪਿਰ ਗਲਿ ਬਾਹੜੀਆਂ ॥

(ਰਾਗ ਆਸਾ, ਆਦਿ ਗ੍ਰੰਥ, ਪੰਨਾ 488)

2. ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ ॥

(ਰਾਗ ਸੂਹੀ, ਆਦਿ ਗ੍ਰੰਥ, ਪੰਨਾ 794)

## ਥਣ, ਦੁੱਧ

ਬਾਬਾ ਫ਼ਰੀਦ ਨੇ ਪ੍ਰਭੂ-ਪ੍ਰੀਤਮ ਦੇ ਮਿਲਾਪ ਵਾਸਤੇ ਜੀਵ-ਇਸਤ੍ਰੀ ਦੇ ਥਣਾਂ ਵਿਚ ਦੁੱਧ ਉਤਰਨ ਦਾ ਬਿੰਬ ਪ੍ਰਯੁਕਤ ਕੀਤਾ ਹੈ । ਜਿਨ੍ਹਾਂ ਬੇਮੁਖ ਜੀਵ-ਇਸਤ੍ਰੀਆਂ ਨੂੰ ਆਪਣੇ ਪ੍ਰਭੂ-ਪਤੀ ਦਾ ਮਿਲਾਪ ਹਾਸਲ ਨਹੀਂ ਹੁੰਦਾ ਉਨ੍ਹਾਂ ਦੇ ਥਣਾਂ ਨੂੰ ਦੁੱਧ ਦੀ ਸੰਗਾਤ ਪ੍ਰਾਪਤ ਨਹੀਂ ਹੁੰਦੀ :

ਇਕ ਆਪੀਨੈ ਪਤਲੀ ਸਹ ਕੇਰੇ ਬੋਲਾ ॥
ਦੁਧਾ ਥਣੀ ਨ ਆਵਈ ਫਿਰਿ ਹੋਇ ਨ ਮੇਲਾ ।

(ਰਾਗ ਸੂਹੀ, ਆਦਿ ਗ੍ਰੰਥ, ਪੰਨਾ 794)

## ਪਿੰਜਰ (ਕਰੰਗ), ਮਾਸ, ਨੈਣ

ਹੇਠਲੇ ਸ਼ਲੋਕ ਵਿਚ ਬਾਬਾ ਫ਼ਰੀਦ ਨੇ ਮਨੁੱਖ ਦੇ ਪਿੰਜਰ, ਮਾਸ ਅਤੇ ਨੈਣਾਂ ਨੂੰ ਆਪਣੀ ਬਿੰਬ-ਸਾਮਗ੍ਰੀ ਬਣਾਇਆ ਹੈ :

ਕਾਗਾ ਕਰੰਗ ਢਢੋਲਿਆ ਸਗਲਾ ਖਾਇਆ ਮਾਸੁ ॥
ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ ॥

(ਆਦਿ ਗ੍ਰੰਥ, ਪੰਨਾ 1382)

ਮਨੁੱਖੀ ਪਿੰਜਰ ਨੂੰ ਪ੍ਰਭੂ ਦਾ ਨਿਵਾਸ-ਅਸਥਾਨ ਦੱਸ ਕੇ ਵਿਸ਼ੇ-ਵਿਕਾਰਾਂ ਰੂਪੀ ਕਾਂ ਨੂੰ ਇਸ ਦਾ ਮਾਸ ਨਾ ਖਾਣ ਲਈ ਤਰਲਾ ਕੀਤਾ ਗਿਆ ਹੈ :

ਕਾਗਾ ਚੂੰਡਿ ਨ ਪਿੰਜਰਾ ਬਸੈ ਤ ਉਡਰਿ ਜਾਹਿ ॥
ਜਿਤੁ ਪਿੰਜਰੈ ਮੇਰਾ ਸਹੁ ਵਸੈ ਮਾਸੁ ਨ ਤਿਦੂ ਖਾਹਿ ॥

(ਆਦਿ ਗ੍ਰੰਥ, ਪੰਨਾ 1382)

## ਲੱਤਾਂ (ਜੰਘਾਂ)

ਬੁਢਾਪੇ ਦੀ ਤਰਸਯੋਗ ਹਾਲਤ ਨੂੰ ਚਿਤ੍ਰਣ ਲੱਗਿਆਂ ਲੱਤਾਂ ਨੂੰ ਵੀ ਆਧਾਰ ਸਾਮਗ੍ਰੀ ਬਣਾਇਆ ਗਿਆ ਹੈ :

ਫਰੀਦਾ ਇਨੀ ਨਿਕੀ ਜੰਘੀਐ ਥਲ ਡੂਗਰ ਭਵਿਓਮ ॥
ਅਜੁ ਫਰੀਦਾ ਕੂਜੜਾ ਸੈ ਕੋਹਾਂ ਥੀਓਮ ॥

(ਆਦਿ ਗ੍ਰੰਥ, ਪੰਨਾ 1378)



Marfat.com

ਪ੍ਰਭੂ-ਪਤੀ ਦੇ ਵਿਛੋੜੇ ਵਿਚ ਜੀਵ-ਇਸਤ੍ਰੀ ਦੇ ਕੋਮਲ ਅੰਗਾਂ ਨਾਲ ਜੋ ਬੀਤਦੀ ਹੈ ਉਸ ਦਾ ਚਿੱਤਰ ਬਾਬਾ ਫ਼ਰੀਦ ਨੇ ਇਉਂ ਖਿੱਚਿਆ ਹੈ :

ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ ॥

(ਆਦਿ ਗ੍ਰੰਥ, ਪੰਨਾ 1379)

## ਮੋਢਾ, ਗਲ, ਦਿਲ

ਇਕ ਭੇਖੀ ਫ਼ਕੀਰ ਦਾ ਨਕਸ਼ਾ ਖਿੱਚਣ ਲੱਗਿਆਂ ਬਾਬਾ ਫ਼ਰੀਦ ਲਿਖਦਾ ਹੈ :

ਫਰੀਦਾ ਕੰਨਿ ਮੁਸਲਾ ਸੂਫੁ ਗਲਿ ਦਿਲਿ ਕਾਤੀ ਗੁੜੁ ਵਾਤਿ ॥
ਬਾਹਰਿ ਦਿਸੈ ਚਾਨਣਾ ਦਿਲ ਅੰਧਿਆਰੀ ਰਾਤਿ ॥

(ਆਦਿ ਗ੍ਰੰਥ, ਪੰਨਾ 1380)

## ਜੋਬਨ, ਬੁਢਾਪਾ

ਵੱਖ ਵੱਖ ਪ੍ਰਸੰਗਾਂ ਵਿਚ ਬਾਬਾ ਫ਼ਰੀਦ ਨੇ ਜੋਬਨ ਅਤੇ ਬੁਢਾਪੇ ਨੂੰ ਵੀ ਆਪਣੀ ਬਿੰਬ-ਸਾਮਗ੍ਰੀ ਵਜੋਂ ਵਰਤਿਆ ਹੈ, ਜਿਵੇਂ :

1. ਜੋਬਨ ਜਾਂਦੇ ਨਾ ਡਰਾ ਜੇ ਸਹੁ ਪ੍ਰੀਤਿ ਨ ਜਾਇ ॥
   ਫਰੀਦਾ ਕਿਤੀ ਜੋਬਨ ਪ੍ਰੀਤਿ ਬਿਨੁ ਸੁਕ ਗਏ ਕੁਮਲਾਇ ॥

   (ਆਦਿ ਗ੍ਰੰਥ, ਪੰਨਾ 1379)

2. ਬੁਢਾ ਹੋਆ ਸੇਖ ਫਰੀਦੁ ਕੰਬਣਿ ਲਗੀ ਦੇਹੁ ॥
   ਜੇ ਸਉ ਵਰ੍ਹਿਆ ਜੀਵਣਾ ਭੀ ਤਨੁ ਹੋਸੀ ਖੇਹੁ ॥

   (ਆਦਿ ਗ੍ਰੰਥ, ਪੰਨਾ 1380)

3. ਫਰੀਦਾ ਠੰਢੀ ਕੰਤੁ ਨ ਰਾਵਿਓ ਵਡੀ ਥੀ ਮੁਈਆਸ ॥

   (ਆਦਿ ਗ੍ਰੰਥ, ਪੰਨਾ 1380)

## ਹਿਰਦਾ

ਮਨੁੱਖੀ ਹਿਰਦੇ ਜਾਂ ਮਨ ਦੀ ਮਹਾਨਤਾ ਤੇ ਉੱਚਤਾ ਨੂੰ ਰੂਪਮਾਨ ਕਰਨ ਲਈ ਹਿਰਦੇ ਲਈ ਅਮੋਲਕ ਮੋਤੀ ਦਾ ਬਿੰਬ ਪ੍ਰਯੁਕਤ ਕੀਤਾ ਗਿਆ ਹੈ :

1. ਹਿਆਉ ਨਾ ਕੈਹੀ ਠਾਹਿ ਮਾਣਕ ਸਭ ਅਮੋਲਵੇ ॥
2. ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ ॥

(ਆਦਿ ਗ੍ਰੰਥ, ਪੰਨਾ 1384)

## ਸ) ਮਨੁੱਖੀ ਬਸਤਰ ਤੇ ਹਾਰ-ਸ਼ਿੰਗਾਰ

ਫ਼ਰੀਦ-ਬਾਣੀ ਵਿਚ ਕੁਝ ਇਕ ਮਨੁੱਖੀ ਬਸਤਰਾਂ, ਹਾਰ-ਸ਼ਿੰਗਾਰ ਲਈ ਕੀਤੀਆਂ ਗਤੀ-ਵਿਧੀਆਂ ਤੇ ਸ਼ਿੰਗਾਰ ਦੇ ਸਮਾਨ ਨੂੰ ਵੀ ਬਿੰਬਾਂ ਦੀ ਸਾਮਗ੍ਰੀ ਬਣਾਇਆ ਗਿਆ ਹੈ ।



Marfat.com

## ਕਾਲੇ ਕਪੜੇ

ਦਰਵੇਸ਼ੀ ਜਾਂ ਫ਼ਕੀਰੀ ਲਈ ਬਾਬਾ ਫ਼ਰੀਦ ਜੀ ਨੇ ਕਾਲੇ ਕਪੜਿਆਂ ਦਾ ਬਿੰਬ ਵਰਤਿਆ ਹੈ ਪਰ ਨਾਲ ਹੀ ਉਸ ਦਾ ਵਿਚਾਰ ਹੈ ਕਿ ਨਿਰੇ ਕਾਲੇ ਵੇਸ ਨਾਲ ਹੀ ਕੋਈ ਸੱਚਾ ਦਰਵੇਸ਼ ਨਹੀਂ ਬਣ ਜਾਂਦਾ। ਦਰਵੇਸ਼ ਲਈ ਗੁਨਾਹਾਂ ਦੇ ਭਾਰ ਤੋਂ ਮੁਕਤ ਹੋਣਾ ਵੀ ਜ਼ਰੂਰੀ ਹੈ :

ਫਰੀਦਾ ਕਾਲੇ ਮੈਡੇ ਕਪੜੇ ਕਾਲਾ ਮੈਡਾ ਵੇਸੁ ॥
ਗੁਨਹੀ ਭਰਿਆ ਮੈ ਫਿਰਾ ਲੋਕੁ ਕਹੈ ਦਰਵੇਸੁ ॥

(ਆਦਿ ਗ੍ਰੰਥ, ਪੰਨਾ 1381)

## ਪਟੋਲਾ, ਕੰਬਲੀ

ਬਾਬਾ ਫ਼ਰੀਦ ਨੇ ਦੁਨਿਆਵੀ ਵਡਿੱਤਣ ਵਾਸਤੇ ਕੀਮਤੀ ਰੇਸ਼ਮੀ ਕਪੜੇ ਅਰਥਾਤ ਪਟੋਲੇ ਦਾ ਬਿੰਬ ਅਤੇ ਨਿਮਰਤਾ ਤੇ ਫ਼ਕੀਰੀ-ਭਾਵ ਲਈ ਕੰਬਲੀ ਦਾ ਬਿੰਬ ਵਰਤਿਆ ਹੈ :

ਫਰੀਦਾ ਪਾੜਿ ਪਟੋਲਾ ਧਜ ਕਰੀ ਕੰਬਲੜੀ ਪਹਿਰੇਉ ॥
ਜਿਨੀ ਵੇਸੀ ਸਹੁ ਮਿਲੈ ਸੇਈ ਵੇਸ ਕਰੇਉ ॥

(ਆਦਿ ਗ੍ਰੰਥ, ਪੰਨਾ 1383)

ਇਕ ਹੋਰ ਪ੍ਰਸੰਗ ਵਿਚ ਵੀ ਕੰਬਲੀ ਦਾ ਬਿੰਬ ਵਰਤਿਆ ਗਿਆ ਹੈ :

ਚਲਾ ਤ ਭਿਜੈ ਕੰਬਲੀ ਰਹਾ ਤ ਤੁਟੈ ਨੇਹੁ ॥
ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ ॥
ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ ॥

(ਆਦਿ ਗ੍ਰੰਥ, ਪੰਨਾ 1379)

## ਪੱਗ

ਦੁਨੀਆਂ ਨੂੰ ਸੁਹਣਾ ਲੱਗਣ ਦੀ ਖ਼ਾਤਿਰ ਮਨੁੱਖ ਸਿਰ ਉਪਰ ਬੰਨ੍ਹੀ ਪੱਗ ਨੂੰ ਮਿੱਟੀ ਤਕ ਨਹੀਂ ਲੱਗਣ ਦਿੰਦਾ ਤਾਂ ਜੋ ਕਿਧਰੇ ਮੈਲੀ ਨਾ ਹੋ ਜਾਵੇ। ਆਪਣੀ ਅੰਤਿਮ ਹੋਣੀ ਤੋਂ ਬੇਖ਼ਬਰ ਮਨੁੱਖ ਇਹ ਨਹੀਂ ਸਮਝਦਾ ਕਿ ਜਿਸ ਸਿਰ ਉਪਰ ਇਹ ਪੱਗ ਬੰਨ੍ਹੀ ਹੋਈ ਹੈ ਉਸੇ ਸਿਰ ਨੇ ਹੀ ਇਕ ਦਿਨ ਮਿੱਟੀ ਵਿਚ ਰੁਲ ਜਾਣਾ ਹੈ :

ਫਰੀਦਾ ਮੈਂ ਭੋਲਾਵਾ ਪਗ ਦਾ ਮਤੁ ਮੈਲੀ ਹੋ ਜਾਇ ॥
ਗਹਿਲਾ ਰੂਹੁ ਨ ਜਾਣਈ ਸਿਰੁ ਭੀ ਮਿਟੀ ਖਾਇ ॥

(ਆਦਿ ਗ੍ਰੰਥ, ਪੰਨਾ 1379)

## ਉਨ, ਰੇਸ਼ਮ

'ਜੇਹਾ ਬੀਜੋ ਤੇਹਾ ਵੱਢੋ' ਦੇ ਕਰਮ-ਫਲ ਦੇ ਸਿੱਧਾਂਤ ਨੂੰ ਸਮਝਾਉਣ ਲਈ ਬਾਬਾ ਫ਼ਰੀਦ ਨੇ ਉੱਨ ਅਤੇ ਰੇਸ਼ਮ ਨੂੰ ਵੀ ਬਿੰਬ-ਸਾਮਗ੍ਰੀ ਵਜੋਂ ਵਰਤਿਆ ਹੈ :

ਹੰਢੈ ਉਨ ਕਤਾਇਦਾ ਪੈਧਾ ਲੋੜੈ ਪਟੁ ॥

(ਆਦਿ ਗ੍ਰੰਥ, ਪੰਨਾ 1379)



Marfat.com

## ਕਜਲੇ ਦੀ ਧਾਰ

ਬਾਬਾ ਫ਼ਰੀਦ ਨੇ ਇਕੋ ਵੇਲੇ ਜਵਾਨੀ ਦੀ ਖੂਬਸੂਰਤੀ ਅਤੇ ਮੌਤ ਉਪਰੰਤ ਸਰੀਰ ਦੀ ਕਰੁਣਾਤਮਕ ਦੁਰਦਸ਼ਾ ਦਾ ਮਾਰਮਿਕ ਚਿੱਤਰ ਖਿੱਚਦਿਆਂ ਕਜਲੇ ਦੀ ਧਾਰ ਦਾ ਬਿੰਬਾਂਕਣ ਇਉਂ ਕੀਤਾ ਹੈ :

ਫਰੀਦਾ ਜਿਨ ਲੋਇਣ ਜਗੁ ਮੋਹਿਆ ਸੇ ਲੋਇਣ ਮੈ ਡਿਠੁ ॥
ਕਜਲ ਰੇਖ ਨ ਸਹਿਦਿਆ ਸੇ ਪੰਖੀ ਸੂਇ ਬਹਿਠੁ ॥
(ਆਦਿ ਗ੍ਰੰਥ, ਪੰਨਾ 1378)

## ਨਹਾਉਣਾ-ਧੋਣਾ, ਸਜ-ਸੰਵਰਨਾ

ਬਾਬਾ ਫਰੀਦ ਨੇ ਇਸਤ੍ਰੀ ਦੀ ਨਹਾ ਧੋ ਕੇ ਹਾਰ ਸ਼ਿੰਗਾਰ ਕਰਨ ਦੀ ਪ੍ਰਕ੍ਰਿਆ ਨੂੰ ਵੀ ਆਪਣੀ ਬਿੰਬਾਵਲੀ ਦਾ ਅੰਗ ਬਣਾਇਆ ਹੈ ਅਤੇ ਇਹ ਭਾਵ ਵਿਅਕਤ ਕੀਤਾ ਹੈ ਕਿ ਜੇਕਰ ਕੋਈ ਜੀਵ-ਇਸਤ੍ਰੀ ਨਹਾ ਧੋ ਕੇ ਸਜ-ਸੰਵਰਨ ਤੋਂ ਬਾਅਦ ਆਪਣੇ ਪ੍ਰਭੂ-ਪਤੀ ਵਲੋਂ ਬੇਫ਼ਿਕਰ ਤੇ ਅਵੇਸਲੀ ਹੋ ਕੇ ਸੌਂ ਜਾਂਦੀ ਤਾਂ ਉਸ ਦੇ ਸਰੀਰ ਵਿਚੋਂ ਕਸਤੂਰੀ ਵਰਗੀ ਭਿੰਨੀ ਮਹਿਕ ਉੱਡ ਜਾਂਦੀ ਹੈ ਤੇ ਹਿੰਙ ਵਰਗੀ ਬਦਬੋ ਆਉਣ ਲੱਗਦੀ ਹੈ :

ਨਾਤੀ ਧੋਤੀ ਸੰਬਹੀ ਸੁਤੀ ਆਇ ਨਚਿੰਦੁ ॥
ਫਰੀਦਾ ਰਹੀ ਸੁ ਬੇੜੀ ਹਿੰਙੁ ਦੀ ਗਈ ਕਥੂਰੀ ਗੰਧੁ ॥
(ਆਦਿ ਗ੍ਰੰਥ, ਪੰਨਾ 1379)

## ਹ) ਮਨੁੱਖੀ ਰਿਸ਼ਤੇ-ਨਾਤੇ

ਦੁਨਿਆਵੀ ਰਿਸ਼ਤੇ-ਨਾਤੇ ਵੀ ਬਾਬਾ ਫ਼ਰੀਦ ਦੀ ਬਿੰਬਾਵਲੀ ਦਾ ਸ੍ਰੋਤ ਤੇ ਸਾਮਗ੍ਰੀ ਬਣੇ ਹਨ। ਵਧੇਰੇ ਕਰ ਕੇ ਇਨ੍ਹਾਂ ਨੂੰ ਅਧਿਆਤਮਕ ਭਾਵਾਂ ਦੇ ਵਾਹਣ ਵਾਸਤੇ ਬਿੰਬ ਬਣਾਇਆ ਗਿਆ ਹੈ।

## ਲਾੜੀ, ਲਾੜਾ (ਵਹੁਟੀ, ਵਰ)

ਬਾਬਾ ਫ਼ਰੀਦ ਨੇ ਜਿੰਦ ਲਈ ਵਹੁਟੀ ਅਤੇ ਮੌਤ ਲਈ ਲਾੜੇ (ਵਰ) ਦਾ ਬਿੰਬ ਵਰਤਿਆ ਹੈ :

ਜਿੰਦੁ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ ॥
(ਆਦਿ ਗ੍ਰੰਥ, ਪੰਨਾ 1377)

## ਇਸਤ੍ਰੀ (ਮੁੰਧ), ਸਾਥੀ, ਬੇਲੀ

ਜੀਵ-ਆਤਮਾ ਲਈ ਇਸਤ੍ਰੀ ਨੂੰ ਬਿੰਬ ਬਣਾਉਂਦੇ ਹੋਏ ਬਾਬਾ ਫ਼ਰੀਦ ਫੁਰਮਾਉਂਦਾ ਹੈ ਕਿ ਅੰਤ ਵੇਲੇ ਕਿਸੇ ਵੀ ਦੋਸਤ ਮਿੱਤਰ ਨੇ ਇਸ ਦਾ ਸਾਥ ਨਹੀਂ ਦੇਣਾ :

ਵਿਧਣ ਖੂਹੀ ਮੁੰਧ ਇਕੇਲੀ ॥
ਨਾ ਕੋ ਸਾਥੀ ਨਾ ਕੋ ਬੇਲੀ ॥ (ਰਾਗ ਸੂਹੀ, ਆਦਿ ਗ੍ਰੰਥ, ਪੰਨਾ 794)



Marfat.com

### ਸੋਹਾਗਣ

ਹਮੇਸ਼ਾਂ ਪ੍ਰਭੂ ਪਿਆਰ ਵਿਚ ਲੀਨ ਰਹਿ ਕੇ ਉਸ ਦਾ ਸਿਮਰਨ ਕਰਨ ਵਾਲੀ ਜੀਵ-ਆਤਮਾ ਲਈ ਬਾਬਾ ਫ਼ਰੀਦ ਨੇ ਸੋਹਾਗਣ ਦਾ ਬਿੰਬ ਵਰਤਿਆ ਹੈ। ਅਜਿਹੀ ਜੀਵ-ਆਤਮਾ ਰੂਪੀ ਸੋਹਾਗਣ ਨੂੰ ਆਪਣੇ ਪ੍ਰਭੂ-ਪਤੀ ਤੋਂ ਬਿਨਾਂ ਕਿਸੇ ਹੋਰ ਦੀ ਝਾਕ ਨਹੀਂ ਹੁੰਦੀ :

ਜਿਨ੍ਾਂ ਨਾਉ ਸੋਹਾਗਣੀ ਤਿਨਾ ਝਾਕ ਨ ਹੋਰ ॥

(ਆਦਿ ਗ੍ਰੰਥ, ਪੰਨਾ 1384)

ਜਿਸ ਜੀਵ-ਇਸਤ੍ਰੀ ਨੂੰ ਆਪਣੇ ਪ੍ਰਭੂ-ਪਤੀ ਦਾ ਪਿਆਰ ਹਾਸਲ ਨਹੀਂ ਹੁੰਦਾ ਉਸ ਨੂੰ ਸੁਹਾਗਣ ਨਹੀਂ ਕਿਹਾ ਜਾ ਸਕਦਾ :

ਪਿਰ ਵਾਤੜੀ ਨ ਪੁਛਈ ਧਨ ਸੋਹਾਗਣਿ ਨਾਉ ॥

(ਆਦਿ ਗ੍ਰੰਥ, ਪੰਨਾ 1379)

### ਡੋਹਾਗਣ

ਬਾਬਾ ਫ਼ਰੀਦ ਨੇ ਪਰਮਾਤਮਾ ਵਲੋਂ ਬੇਮੁਖ ਜੀਵ-ਆਤਮਾ ਵਾਸਤੇ ਡੋਹਾਗਣ ਦਾ ਬਿੰਬ ਪ੍ਰਯੁਕਤ ਕੀਤਾ ਹੈ। ਡੋਹਾਗਣ ਸਦਾ ਝੂਰਦੀ ਰਹਿੰਦੀ ਹੈ ਤੇ ਉਸ ਦੀਆਂ ਵਿਛੋੜੇ ਦੀਆਂ ਰਾਤਾਂ ਦੁੱਖਾਂ ਵਿਚ ਕੱਟਦੀਆਂ ਹਨ :

1. ਫਰੀਦਾ ਜੋ ਡੋਹਾਗਣਿ ਰਬ ਦੀ ਝੂਰੇਦੀ ਝੂਰੇਇ ॥

(ਆਦਿ ਗ੍ਰੰਥ, ਪੰਨਾ 1381)

2. ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣ ਵਿਹਾਇ ॥

(ਆਦਿ ਗ੍ਰੰਥ, ਪੰਨਾ 1379)

### ਸਾਹਾ

ਮੌਤ ਦੇ ਦਿਨ ਲਈ ਫ਼ਰੀਦ-ਬਾਣੀ ਵਿਚ ਸਾਹੇ ਦੇ ਦਿਨ ਦਾ ਬਿੰਬ ਪ੍ਰਯੁਕਤ ਕੀਤਾ ਗਿਆ ਹੈ। ਇਸ ਦਿਨ ਮੌਤ ਰੂਪੀ ਲਾੜਾ ਜਿੰਦ ਰੂਪੀ ਵਹੁਟੀ ਨੂੰ ਆਪਣੇ ਨਾਲ ਲੈ ਜਾਣ ਲਈ ਆ ਢੁੱਕਦਾ ਹੈ :

ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ ।
ਮਲਕੁ ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ ॥

(ਆਦਿ ਗ੍ਰੰਥ, ਪੰਨਾ 1377)

ਸਾਹੇ ਦੀ ਘੜੀ ਅਰਥਾਤ ਮੌਤ ਦਾ ਸਮਾਂ ਟਲ ਨਹੀਂ ਸਕਦਾ, ਇਹ ਅਟੱਲ ਹੈ :

ਸਾਹੇ ਲਿਖੇ ਨ ਚਲਨੀ ਜਿੰਦੂ ਕੂੰ ਸਮਝਾਇ ॥

(ਆਦਿ ਗ੍ਰੰਥ, ਪੰਨਾ 1377)

### ਸਹੁ, ਕੰਤ, ਸੁਹਾਗ, ਪਿਰ (ਪਤੀ)

ਬਾਬਾ ਫ਼ਰੀਦ ਨੇ ਪ੍ਰਭੂ ਜਾਂ ਪਰਮਾਤਮਾ ਵਾਸਤੇ ਵੱਖ ਵੱਖ ਸ਼ਲੋਕਾਂ ਵਿਚ ਸਹੁ, ਕੰਤ,



Marfat.com

ਸੁਹਾਗ, ਪਿਰ ਆਦਿ ਬਿੰਬ ਵਰਤੇ ਹਨ, ਜਿਵੇਂ :

1. ਅਜੁ ਨ ਸੁਤੀ ਕੰਤ ਸਿਉ ਅੰਗ ਮੁੜੇ ਮੁੜਿ ਜਾਇ ॥

(ਆਦਿ ਗ੍ਰੰਥ, ਪੰਨਾ 1379)

2. ਪਿਰੁ ਵਾਤੜੀ ਨ ਪੁਛਈ ਧਨ ਸੋਹਾਗਣ ਨਾਉ ॥

(ਆਦਿ ਗ੍ਰੰਥ, ਪੰਨਾ 1379)

3. ਫਰੀਦਾ ਨੰਢੀ ਕੰਤੁ ਨ ਰਾਵਿਓ ਵਡੀ ਥੀ ਮੁਈਆਸੁ ॥

(ਆਦਿ ਗ੍ਰੰਥ, ਪੰਨਾ 1380)

4. ਢੂਢੇਦੀਏ ਸੁਹਾਗ ਕੂ ਤਉ ਤਨਿ ਕਾਈ ਕੋਰ ॥

(ਆਦਿ ਗ੍ਰੰਥ, ਪੰਨਾ 1384)

5. ਏ ਤੂੰ ਭੈਣੇ ਵੇਸ ਕਰਿ ਤਾ ਵਸਿ ਆਵੀ ਕੰਤੁ ॥

(ਆਦਿ ਗ੍ਰੰਥ, ਪੰਨਾ 1384)

6. ਕਹੈ ਫਰੀਦੁ ਸਹੇਲੀਹੋ ਸਹੁ ਅਲਾਇਸੀ ॥

(ਰਾਗ ਸੂਹੀ, ਆਦਿ ਗ੍ਰੰਥ, ਪੰਨਾ 794)

## ਮਿੱਤਰ ਮਿਤਾ, ਮਿਤੁ, ਸਜਣ ਢੋਲਾ, ਜਾਨੀ

ਬਾਬਾ ਫ਼ਰੀਦ ਨੇ ਵੱਖਰੇ ਵੱਖਰੇ ਪ੍ਰਸੰਗਾਂ ਵਿਚ ਮਿੱਤਰ, ਸਜਣ, ਜਾਨੀ ਅਤੇ ਢੋਲਾ ਨੂੰ ਵੀ ਆਪਣੀ ਬਿੰਬ-ਸਾਮਗ੍ਰੀ ਦਾ ਅੰਗ ਬਣਾਇਆ ਹੈ ਜਿਵੇਂ :

1. ਫਰੀਦਾ ਜੇ ਮੈ ਹੋਦਾ ਵਾਰਿਆ ਮਿਤਾ ਆਇੜਿਆ ॥
   ਹੇੜਾ ਜਲੈ ਮਜੀਠ ਜਿਉ ਉਪਰਿ ਅੰਗਾਰਾ ॥

(ਆਦਿ ਗ੍ਰੰਥ, ਪੰਨਾ 1379)

2. ਫਰੀਦਾ ਗਲੀ ਸੁ ਸਜਣ ਵੀਹ ਇਕੁ ਢੂੰਢੇਦੀ ਨਾ ਲਹਾਂ ॥
   ਧੁਖਾਂ ਜਿਉ ਮਾਂਲੀਹ ਕਾਰਣਿ ਤਿੰਨਾ ਮਾ ਪਿਰੀ ॥

(ਆਦਿ ਗ੍ਰੰਥ, ਪੰਨਾ 1382)

3. ਹਥੁ ਨ ਲਾਇ ਕਸੁੰਭੜੈ ਜਲਿ ਜਾਸੀ ਢੋਲਾ ॥

(ਰਾਗ ਸੂਹੀ, ਆਦਿ ਗ੍ਰੰਥ, ਪੰਨਾ 794)

4. ਮਿਟੀ ਪਈ ਅਤੋਲਵੀ ਕੋਇ ਨ ਹੋਸੀ ਮਿਤੁ ॥

(ਆਦਿ ਗ੍ਰੰਥ, ਪੰਨਾ 1380)

5. ਹੇੜੇ ਮੁਤੀ ਧਾਹ ਸੇ ਜਾਨੀ ਚਲਿ ਗਏ ॥

(ਆਦਿ ਗ੍ਰੰਥ, ਪੰਨਾ 1381)

## ਮਾਪੇ, ਭਰਾ (ਭਾਈ), ਮਾਂ (ਮਾਉ)

ਮਾਪੇ, ਭਰਾ ਅਤੇ ਮਾਂ ਦੇ ਮੁੱਢਲੇ ਮਨੁੱਖੀ ਰਿਸ਼ਤੇ ਵੀ ਵਿਭਿੰਨ ਪ੍ਰਸੰਗਾਂ ਵਿਚ ਫ਼ਰੀਦ-ਬਿੰਬਾਵਲੀ ਦੀ ਆਧਾਰ-ਸਾਮਗ੍ਰੀ ਬਣੇ ਹਨ, ਜਿਵੇਂ :



Marfat.com

1. ਫਰੀਦਾ ਕਿਥੈ ਤੈਡੇ ਮਾਪਿਆ ਜਿਨੀ ਤੂ ਜਣਿਓਹਿ ॥
ਤੈ ਪਾਸਹੁ ਓਇ ਲਦਿ ਗਏ ਤੂੰ ਅਜੈ ਨ ਪਤੀਣੋਹਿ ॥

(ਆਦਿ ਗ੍ਰੰਥ, ਪੰਨਾ 1378)

2. ਮਲਕਲ ਮਉਤ ਜਾਂ ਆਵਸੀ ਸਭ ਦਰਵਾਜੇ ਭੰਨਿ ॥
ਤਿਨਾ ਪਿਆਰਿਆ ਭਾਈਆਂ ਅਗੈ ਦਿਤਾ ਬੰਨਿ ॥

(ਆਦਿ ਗ੍ਰੰਥ, ਪੰਨਾ 1383)

3. ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ ॥
ਤਿਨ ਧੰਨੁ ਜਣੇਦੀ ਮਾਉ ਆਏ ਸਫਲ ਸੇ ॥

(ਰਾਗ ਆਸਾ, ਆਦਿ ਗ੍ਰੰਥ, ਪੰਨਾ 488)

## ਭੈਣ, ਸਹੇਲੀ

ਬਾਬਾ ਫ਼ਰੀਦ ਨੇ ਜੀਵ-ਇਸਤ੍ਰੀ ਲਈ ਭੈਣ ਅਤੇ ਸਹੇਲੀ ਦੇ ਬਿੰਬ ਵੀ ਵਰਤੇ ਹਨ। ਜੀਵ-ਇਸਤ੍ਰੀ ਨੂੰ ਬੜੇ ਪਿਆਰ ਨਾਲ ਸੰਬੋਧਨ ਕਰਦੇ ਹੋਏ ਉਹ ਕਹਿੰਦਾ ਹੈ :

1. ਏ ਤੂੰ ਭੈਣੇ ਵੇਸ ਕਰਿ ਤਾ ਵਸਿ ਆਵੀ ਕੰਤੁ ॥

(ਆਦਿ ਗ੍ਰੰਥ, ਪੰਨਾ 1384)

2. ਕਹੈ ਫਰੀਦੁ ਸਹੇਲੀ ਹੋ ਸਹੁ ਅਲਾਏਸੀ ॥
ਹੰਸੁ ਚਲਸੀ ਡੁੰਮਣਾ ਅਹਿ ਤਨੁ ਢੇਰੀ ਥੀਸੀ ॥

(ਰਾਗ ਸੂਹੀ, ਆਦਿ ਗ੍ਰੰਥ, ਪੰਨਾ 794)

## ਪਰਾਹੁਣਾ

ਬਾਬਾ ਫ਼ਰੀਦ ਨੇ ਜੀਵ ਲਈ ਪਰਾਹੁਣੇ ਦਾ ਸੁੰਦਰ ਅਤੇ ਢੁੱਕਵਾਂ ਬਿੰਬ ਪ੍ਰਯੁਕਤ ਕੀਤਾ ਹੈ। ਪਰਾਹੁਣਾ ਕਿਸੇ ਘਰ ਵਿਚ ਥੋੜ੍ਹੇ ਚਿਰ ਵਾਸਤੇ ਹੀ ਠਹਿਰਦਾ ਹੈ, ਉਸ ਨੇ ਵਾਪਿਸ ਜ਼ਰੂਰ ਪਰਤਣਾ ਹੁੰਦਾ ਹੈ। ਇਹੀ ਹਾਲਤ ਇਸ ਸੰਸਾਰ ਵਿਚ ਆਏ ਮਨੁੱਖ ਰੂਪੀ ਪਰਾਹੁਣੇ ਦੀ ਹੈ। ਇਸੇ ਤਰ੍ਹਾਂ ਹੀ ਕਿਸੇ ਬਾਗ਼ ਵਿਚ ਪੰਛੀਆਂ ਦਾ ਬਸੇਰਾ ਵੀ ਸਦਾ ਨਹੀਂ ਰਹਿੰਦਾ। ਕਵੀ ਬੜੇ ਹੀ ਸੁੰਦਰ ਸ਼ਬਦਾਂ ਵਿਚ ਲਿਖਦਾ ਹੈ :

ਫਰੀਦਾ ਪੰਖ ਪਰਾਹੁਣੀ ਦੁਨੀ ਸੁਹਾਵਾ ਬਾਗੁ ॥
ਨਉਬਤਿ ਵਜੀ ਸੁਬਹ ਸਿਉ ਚਲਣ ਕਾ ਕਰਿ ਸਾਜੁ ॥

(ਆਦਿ ਗ੍ਰੰਥ, ਪੰਨਾ 1382)

## ਸਹੁਰੇ, ਪੇਕੇ

ਕੋਈ ਕੁੜੀ ਸਦਾ ਆਪਣੇ ਪੇਕੇ ਘਰ ਨਹੀਂ ਰਹਿੰਦੀ। ਇਕ ਦਿਨ ਉਸ ਨੇ ਆਪਣੇ ਸਹੁਰੇ ਘਰ ਜ਼ਰੂਰ ਜਾਣਾ ਹੁੰਦਾ ਹੈ। ਇਹੀ ਹਾਲ ਜੀਵ ਦਾ ਹੈ। ਮਨੁੱਖ ਵੀ ਸਦਾ ਇਸ ਸੰਸਾਰ ਵਿਚ ਨਹੀਂ ਰਹਿ ਸਕਦਾ। ਮੌਤ ਆਵੱਸ਼ ਆਉਣੀ ਹੈ ਤੇ ਮਨੁੱਖ ਨੇ ਇਹ-ਲੋਕ ਛੱਡ ਕੇ ਮੌਤ ਉਪਰੰਤ ਪਰਲੋਕ ਵਿਚ ਪਰਵੇਸ਼ ਕਰ ਜਾਣਾ ਹੈ। ਏਸੇ ਕਰਕੇ ਬਾਬਾ ਫ਼ਰੀਦ ਨੇ



Marfat.com

ਇਸ ਸੰਸਾਰ ਲਈ ਪੇਕੇ-ਘਰ ਦਾ ਅਤੇ ਅਣਦਿਸਦੇ ਸੰਸਾਰ ਅਰਥਾਤ ਪਰਲੋਕ ਵਾਸਤੇ ਸਹੁਰੇ-ਘਰ ਦਾ ਬਿੰਬ ਪ੍ਰਯੁਕਤ ਕੀਤਾ ਹੈ। ਜਿਨ੍ਹਾਂ ਇਸਤ੍ਰੀਆਂ ਦਾ ਆਚਰਣ ਚੰਗਾ ਨਹੀਂ ਹੁੰਦਾ ਉਹ ਨਾ ਤਾਂ ਪੇਕੀ ਸੁਖ ਪਾਉਂਦੀਆਂ ਹਨ ਤੇ ਨਾ ਹੀ ਸਹੁਰੀਂ। ਇਹੀ ਹਾਲ ਆਪਣੇ ਪ੍ਰਭੂ-ਪਤੀ ਤੋਂ ਬੇਮੁਖ ਹੋਈਆਂ ਜੀਵ-ਇਸਤ੍ਰੀਆਂ ਦਾ ਹੁੰਦਾ ਹੈ। ਉਹ ਨਾ ਇਸ ਲੋਕ ਵਿਚ ਸੁਖੀ ਰਹਿੰਦੀਆਂ ਹਨ ਅਤੇ ਨਾ ਹੀ ਪਰਲੋਕ ਵਿਚ ਉਨ੍ਹਾਂ ਨੂੰ ਢੋਈ ਮਿਲਦੀ ਹੈ :

ਸਹੁਰੇ ਢੋਈ ਨਾ ਲਹੈ ਪੇਈਐ ਨਾਹੀ ਥਾਉ ॥
ਪਿਰੁ ਵਾਤੜੀ ਨ ਪੁਛਈ ਧਨ ਸੋਹਾਗਣਿ ਨਾਉ ॥

(ਆਦਿ ਗ੍ਰੰਥ, ਪੰਨਾ 1379)

## ਕ) ਰੀਤਾਂ-ਰਸਮਾਂ

ਬਾਬਾ ਫ਼ਰੀਦ ਨੇ ਆਪਣੇ ਸਮੇਂ ਦੇ ਸਮਾਜ ਵਿਚ ਪ੍ਰਚਲਿਤ ਕੁਝ ਰੀਤੀ-ਰਿਵਾਜਾਂ ਨੂੰ ਵੀ ਆਪਣੇ ਬਿੰਬਾਂ ਦੀ ਸਾਮਗ੍ਰੀ ਵਜੋਂ ਵਰਤਿਆ ਹੈ। ਇਹ ਰੀਤਾਂ-ਰਸਮਾਂ ਵਿਸ਼ੇਸ਼ ਕਰਕੇ ਵਿਆਹ-ਸ਼ਾਦੀ ਨਾਲ ਹੀ ਸੰਬੰਧਿਤ ਹਨ।

### ਸਾਹਾ ਕੱਢਣਾ

ਭਾਰਤੀ ਸਮਾਜ ਵਿਚ ਵਿਆਹ ਤੋਂ ਪਹਿਲਾਂ ਸਾਹਾ ਕਢਵਾਉਣ ਦੀ ਰਸਮ ਕੀਤੀ ਜਾਂਦੀ ਹੈ। ਇਸ ਅਨੁਸਾਰ ਇਸਤ੍ਰੀ ਅਤੇ ਪੁਰਖ ਦੇ ਵਿਆਹ ਲਈ ਇਕ ਵਿਸ਼ੇਸ਼ ਦਿਨ ਅਤੇ ਸਮਾਂ ਨਿਸ਼ਚਿਤ ਕੀਤਾ ਜਾਂਦਾ ਹੈ ਅਤੇ ਠੀਕ ਉਸੇ ਦਿਨ ਇਸਤ੍ਰੀ ਪੁਰਖ ਨੂੰ ਇਕ ਦੂਜੇ ਨਾਲ ਪਰਨਾ ਦਿੱਤਾ ਜਾਂਦਾ ਹੈ। ਸਾਹੇ ਦੀ ਇਹ ਨਿਸ਼ਚਿਤ ਘੜੀ ਟਾਲੀ ਨਹੀਂ ਜਾਂਦੀ। ਬਾਬਾ ਫ਼ਰੀਦ ਨੇ ਮੌਤ ਦੇ ਦਿਨ ਲਈ ਸਾਹੇ ਦੇ ਦਿਨ ਦਾ ਬਿੰਬ ਪ੍ਰਯੁਕਤ ਕੀਤਾ ਹੈ। ਇਸ ਦਿਨ ਮੌਤ ਰੂਪੀ ਲਾੜਾ ਜਿੰਦ ਰੂਪੀ ਵਹੁਟੀ ਨੂੰ ਪਰਨਾ ਕੇ ਆਪਣੇ ਨਾਲ ਲੈ ਜਾਂਦਾ ਹੈ। ਸਾਹੇ ਦੀ ਇਹ ਘੜੀ ਟਾਲੀ ਨਹੀਂ ਜਾ ਸਕਦੀ :

ਸਾਹੇ ਲਿਖੇ ਨ ਚਲਨੀ ਜਿੰਦੂ ਕੂੰ ਸਮਝਾਇ ॥
ਜਿੰਦੁ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ ॥

(ਆਦਿ ਗ੍ਰੰਥ, ਪੰਨਾ 1377)

### ਵਿਦਾਇਗੀ

ਸਹੁਰੇ-ਘਰ ਵਿਦਾ ਹੋਣ ਵੇਲੇ ਵਿਆਹੁਤਾ ਕੁੜੀ ਆਪਣੇ ਮਾਪਿਆਂ, ਭੈਣਾਂ-ਭਰਾਵਾਂ ਦੇ ਗਲ ਲਗ ਕੇ ਧਾਹਾਂ ਮਾਰਦੀ ਅਤੇ ਰੋਂਦੀ ਹੈ ਅਤੇ ਉਸ ਦੇ ਵਿਦਾ ਹੋਣ ਤੋਂ ਪਿੱਛੋਂ ਉਸ ਦੇ ਮਾਂ-ਬਾਪ, ਭੈਣ-ਭਰਾ, ਚਾਚੀਆਂ, ਤਾਈਆਂ, ਮਾਸੀਆਂ, ਫੁੱਫੀਆਂ ਸਾਰੇ ਇਕ ਦੂਜੇ ਦੇ ਗਲ ਲਗ ਰੋਂਦੇ ਅਤੇ ਦੁਖੀ ਦਿਲ ਦਾ ਭਾਰ ਹਲਕਾ ਕਰਦੇ ਹਨ। ਪਰ ਜਿੰਦ ਰੂਪੀ ਵਹੁਟੀ ਨੂੰ 'ਮਰਣੁ ਵਰ' ਨਾਲ ਆਪਣੇ ਹੱਥੀਂ ਤੋਰ ਕੇ ਬੇਹਰਕਤ ਹੋਇਆ ਮੰਦ-ਭਾਗਾ ਸਰੀਰ ਕਿਸੇ ਦੇ ਗਲ ਲਗ ਕੇ ਰੋ ਵੀ ਨਹੀਂ ਸਕਦਾ :

ਆਪਣੇ ਹਥੀ ਜੋਲਿ ਕੈ ਕੈ ਗਲਿ ਲਗੈ ਧਾਇ ॥

(ਆਦਿ ਗ੍ਰੰਥ, ਪੰਨਾ 1377)



Marfat.com

### ਤਿਲ ਵੇਤਰੇ ਖੇਡਣਾ

"ਪੰਜਾਬ ਵਿਚ ਰਿਵਾਜ ਹੁੰਦਾ ਸੀ ਕਿ ਵਿਆਹ ਹੋ ਜਾਣ ਪਿੱਛੋਂ ਜਦੋਂ ਸਜ-ਵਿਆਹੀ ਮੁਟਿਆਰ ਸਹੁਰੇ ਘਰ ਆਉਂਦੀ ਸੀ ਤਾਂ ਲਾੜੇ ਵਾਲੇ ਘਰ ਦੀਆਂ ਜਨਾਨੀਆਂ ਪਰਾਤ ਜਾਂ ਬੱਠਲ ਵਿਚ ਬਹੁਤ ਸਾਰੇ ਤਿਲ ਪਾ ਲਿਆਉਂਦੀਆਂ ਸਨ। ਫੇਰ ਉਹ ਲਾੜੇ ਤੇ ਲਾੜੀ ਨੂੰ ਪਾਸ ਬਿਠਾ ਕੇ 'ਤਿਲ ਵੇਤਰੇ' ਜਾਂ 'ਤਿਲ ਭੱਲੇ' ਦੀ ਰਸਮ ਕਰਦੀਆਂ ਸਨ। ਪਹਿਲਾਂ ਲਾੜਾ ਆਪਣਾ ਬੁਕ ਤਿਲਾਂ ਨਾਲ ਭਰ ਕੇ ਲਾੜੀ ਦੇ ਬੁਕ ਵਿਚ ਪਾਉਂਦਾ ਹੁੰਦਾ ਸੀ ਤੇ ਮਗਰੋਂ ਲਾੜੀ ਬੁਕ ਭਰਕੇ ਲਾੜੇ ਦੇ ਬੁਕ ਵਿਚ ਪਾਉਂਦੀ ਹੁੰਦੀ ਸੀ। ਪਤੀ ਨਾਲ 'ਤਿਲ ਵੇਤਰੇ' ਖੇਡਣ ਉਪਰੰਤ ਵਹੁਟੀ ਆਪਣੀਆਂ ਦਰਾਣੀਆਂ, ਜਿਠਾਣੀਆਂ ਅਤੇ ਨਨਾਣਾਂ ਨਾਲ 'ਤਿਲ ਵੇਤਰੇ' ਖੇਡਦੀ ਹੁੰਦੀ ਸੀ। ਇਹ ਰਸਮ ਪੱਛਮੀ ਪੰਜਾਬ ਵਿਚ ਹਿੰਦੂ ਘਰਾਂ ਵਿਚ ਆਮ ਸੀ।"[10] ਬਾਬਾ ਫ਼ਰੀਦ ਨੇ ਇਸ ਰਸਮ ਵਲ ਵੀ ਆਪਣੇ ਇਕ ਸ਼ਲੋਕ ਵਿਚ ਇਸ਼ਾਰਾ ਕੀਤਾ ਹੈ :

> ਫਰੀਦਾ ਜੇ ਜਾਣਾ ਤਿਲ ਥੋੜੜੇ ਸੰਮਲਿ ਬੁਕ ਭਰੀ ॥
> ਜੇ ਜਾਣਾ ਸਹੁ ਨੰਢੜਾ ਥੋੜਾ ਮਾਣੁ ਕਰੀ ॥ (ਆਦਿ ਗ੍ਰੰਥ, ਪੰਨਾ 1378)

ਏਥੇ ਫ਼ਰੀਦ ਜੀ ਨੇ ਤਿਲਾਂ ਨੂੰ ਮਨੁੱਖ ਦੇ ਸਵਾਸਾਂ ਦਾ ਬਿੰਬ ਬਣਾ ਕੇ ਪੇਸ਼ ਕੀਤਾ ਹੈ।

### ਗੰਢ-ਚਿਤ੍ਰਾਵਾ

ਵਿਆਹ ਸ਼ਾਦੀ ਦੇ ਮੌਕੇ ਉੱਤੇ ਇਕ 'ਗੰਢ ਚਿਤ੍ਰਾਵਾ' ਨਾਂ ਦੀ ਰਸਮ ਵੀ ਕੀਤੀ ਜਾਂਦੀ ਸੀ। ਬਾਰਾਤ ਵਿਦਾ ਹੋਣ ਤੋਂ ਥੋੜ੍ਹਾ ਚਿਰ ਪਹਿਲਾਂ ਲਾੜੀ ਲਾੜੇ ਨੂੰ ਵਿਆਹ ਦੇ ਦਾਜ ਵਿਚ ਦਿਤੇ ਪਲੰਘ ਉੱਤੇ ਬਿਠਾ ਕੇ ਉਨ੍ਹਾਂ ਦੋਹਾਂ ਦੇ ਦੁਪੱਟਿਆਂ ਨੂੰ ਆਪਸ ਵਿਚ ਗੰਢ ਦੇ ਦਿੱਤੀ ਜਾਂਦੀ ਸੀ। ਇਸ ਰਸਮ ਦਾ ਮੁੱਢ ਇਸ ਭਾਵਨਾ ਤੋਂ ਹੋਇਆ ਜਾਪਦਾ ਹੈ ਕਿ ਦੁਪੱਟਿਆਂ ਦੀ ਪੀਡੀ ਗੰਢ ਵਾਂਗ ਵਿਆਹੁਤਾ-ਜੋੜੀ ਪਿਆਰ ਦੀ ਪੱਕੀ ਗੰਢ ਵਿਚ ਬੱਝੀ ਰਹੇ।[11] ਬਾਬਾ ਫ਼ਰੀਦ ਨੇ ਇਸ ਰਸਮ ਨੂੰ ਵੀ ਆਪਣੀ ਬਿੰਬਾਵਲੀ ਵਿਚ ਬੰਨ੍ਹ ਦਿੱਤਾ ਹੈ। ਜੀਵ-ਆਤਮਾ ਪਾਸੋਂ ਹੇਠਲੇ ਸ਼ਬਦਾਂ ਦਾ ਉਚਾਰਨ ਕਰਵਾਉਂਦਿਆਂ ਹੋਇਆਂ ਕਵੀ ਨੇ ਇਸ ਰਸਮ ਨੂੰ ਅਧਿਆਤਮਕ ਰੰਗ ਚਾੜ੍ਹ ਦਿੱਤਾ ਹੈ :

> ਜੇ ਜਾਣਾ ਲੜ ਛਿਜਣਾ ਪੀਡੀ ਪਾਈਂ ਗੰਢਿ ॥
> ਤੈ ਜੇਵਡੁ ਮੈ ਨਾਹਿ ਕੋ ਸਭੁ ਜਗੁ ਡਿਠਾ ਹੰਢਿ ॥
> (ਆਦਿ ਗ੍ਰੰਥ, ਪੰਨਾ 1378)

## ਖ) ਮਨੁੱਖੀ ਕੰਮ-ਧੰਦੇ

ਬਾਬਾ ਫ਼ਰੀਦ ਨੇ ਤਤਕਾਲੀਨ ਸਮਾਜ ਵਿਚ ਕੀਤੇ ਜਾਂਦੇ ਕੁਝ ਇਕ ਕੰਮ-ਧੰਦਿਆਂ ਨੂੰ ਵੀ ਆਪਣੇ ਬਿੰਬ-ਵਿਧਾਨ ਦਾ ਆਧਾਰ ਬਣਾਇਆ ਹੈ।

### ਖੇਤੀ

ਪ੍ਰਭੂ-ਪਤੀ ਵਲੋਂ ਬੇਮੁਖ ਡੋਹਾਗਣ ਜੀਵ-ਇਸਤ੍ਰੀ ਦੀ ਦੁਰਦਸ਼ਾ ਨੂੰ ਰੂਪਮਾਨ ਕਰਨ



Marfat.com

ਲਈ ਬਾਬਾ ਫ਼ਰੀਦ ਨੇ ਉਸ ਸੜੀ ਹੋਈ ਖੇਤੀ ਦਾ ਦ੍ਰਿਸ਼ਟਾਂਤ ਦਿੱਤਾ ਹੈ ਜੋ ਮੁੜ ਪਾਣੀ ਵਿਚ ਡੋਬਿਆਂ ਵੀ ਹਰੀ ਨਹੀਂ ਹੋ ਸਕਦੀ, ਪਲਰ ਨਹੀਂ ਸਕਦੀ :

ਤਤੀ ਤੋਇ ਨ ਪਲਵੈ ਜੇ ਜਲਿ ਟੁਬੀ ਦੇਇ ॥
ਫਰੀਦਾ ਜੋ ਡੋਹਾਗਣਿ ਰਬ ਦੀ ਝੂਰੇਂਦੀ ਝੂਰੇਇ ॥

(ਆਦਿ ਗ੍ਰੰਥ, ਪੰਨਾ 1381)

## ਬੀਜਣਾ, ਵੱਢਣਾ

'ਜੇਹਾ ਬੀਜੋਗੇ ਤੇਹਾ ਵੱਢੋਗੇ' ਦੇ ਕਰਮ-ਫਲ ਦੇ ਸਿੱਧਾਂਤ ਨੂੰ ਰੂਪਮਾਨ ਕਰਨ ਲਈ ਬਾਬਾ ਫ਼ਰੀਦ ਨੇ ਜੋ ਬਿੰਬ ਪ੍ਰਸਤੁਤ ਕੀਤਾ ਹੈ ਉਸ ਵਿਚ ਜੱਟ ਦੇ ਫਸਲ ਬੀਜਣ ਤੇ ਵੱਢਣ ਦੀ ਪ੍ਰਕ੍ਰਿਆ ਨੂੰ ਸਾਮਗ੍ਰੀ ਬਣਾਇਆ ਗਿਆ ਹੈ :

ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ ॥
ਹੰਢੈ ਉਨ ਕਤਾਇਦਾ ਪੈਧਾ ਲੋੜੈ ਪਟੁ ॥

(ਆਦਿ ਗ੍ਰੰਥ, ਪੰਨਾ 1379)

ਇਕ ਹੋਰ ਸ਼ਲੋਕ ਵਿਚ ਵੀ ਬਾਬਾ ਫ਼ਰੀਦ ਨੇ ਖੇਤੀ ਜਾਂ ਫਸਲ ਦੇ ਬੀਜਣ ਤੇ ਉਜਾੜਨ ਦੀ ਪ੍ਰਕ੍ਰਿਆ ਨੂੰ ਵੀ ਆਪਣੀ ਬਿੰਬ-ਸਾਮਗ੍ਰੀ ਬਣਾਇਆ ਹੈ। ਇਹ ਖੇਤੀ ਬਾਹਰੋਂ ਖੰਡ ਵਿਚ ਲਪੇਟੀਆਂ ਦੁਨਿਆਵੀ ਵਿਸ਼ੇ-ਵਿਕਾਰਾਂ ਰੂਪੀ 'ਵਿਸ ਗੰਦਲਾਂ' ਦੀ ਹੈ :

ਫਰੀਦਾ ਏ ਵਿਸੁ ਗੰਦਲਾ ਧਰੀਆਂ ਖੰਡੁ ਲਿਵਾੜਿ ॥
ਇਕਿ ਰਾਹੇਦੇ ਰਹਿ ਗਏ ਇਕਿ ਰਾਧੀ ਗਏ ਉਜਾੜਿ ॥

(ਆਦਿ ਗ੍ਰੰਥ, ਪੰਨਾ 1379)

## ਵਪਾਰ (ਸੌਦਾ)

ਬਾਬਾ ਫ਼ਰੀਦ ਨੇ ਕੋਠੇ, ਮੰਡਪ, ਮਾੜੀਆਂ ਆਦਿ ਉਸਾਰਨ ਦੇ ਦੁਨਿਆਵੀ ਲੋਭ ਲਾਲਚ ਨੂੰ ਕੂੜਾ ਸੌਦਾ ਕਰਨ ਦੇ ਬਿੰਬ ਨਾਲ ਰੂਪਮਾਨ ਕੀਤਾ ਹੈ। ਇਨ੍ਹਾਂ ਵਸਤੂਆਂ ਦੇ ਵਪਾਰੀ ਵੀ ਅੰਤ ਨੂੰ ਕਬਰਾਂ ਵਿਚ ਜਾ ਨਿਵਾਸ ਕਰਦੇ ਹਨ :

ਫਰੀਦਾ ਕੋਠੇ ਮੰਡਪ ਮਾੜੀਆ ਉਸਾਰੇਦੇ ਭੀ ਗਏ ॥
ਕੂੜਾ ਸਉਦਾ ਕਰਿ ਗਏ ਗੋਰੀ ਆਇ ਪਏ ॥

(ਆਦਿ ਗ੍ਰੰਥ, ਪੰਨਾ 1380)

ਬਾਬਾ ਫ਼ਰੀਦ ਅਨੁਸਾਰ ਅਸਲ ਖੱਟੀ ਜਾਂ ਕਮਾਈ ਤਾਂ ਰੱਬ ਦੀ ਬੰਦਗੀ ਹੈ। ਇਹ ਖੱਟੀ ਖੱਟਣ ਦਾ ਵੇਲਾ ਮਨੁੱਖ ਨੂੰ ਦੁਨਿਆਵੀ ਕੰਮਾਂ ਵਿਚ ਮਗਨ ਰਹਿ ਕੇ ਨਹੀਂ ਖੁੰਝਾਉਣਾ ਚਾਹੀਦਾ :

ਫਰੀਦਾ ਜਾਂ ਤਉ ਖਟਣ ਵੇਲ ਤਾ ਤੂੰ ਰਤਾ ਦੁਨੀ ਸਿਉ ॥
ਮਰਗ ਸਵਾਈ ਨੀਹਿ ਜਾਂ ਭਰਿਆ ਤਾਂ ਲਦਿਆ ॥

(ਆਦਿ ਗ੍ਰੰਥ, ਪੰਨਾ 1378)



Marfat.com

### ਤੀਰ ਅੰਦਾਜ਼ੀ

ਬਾਬਾ ਫ਼ਰੀਦ ਨੇ ਇਕ ਸ਼ਲੋਕ ਵਿਚ ਤੀਰ, ਕਮਾਨ ਤੇ ਚਿੱਲੇ ਨੂੰ ਸਬਰ ਦੇ ਪ੍ਰਸੰਗ ਵਿਚ ਵਰਤ ਕੇ ਤੀਰ-ਅੰਦ ਜ਼ੀ ਦੀ ਕਲਾ ਨੂੰ ਵੀ ਆਪਣੀ ਬਿੰਬਾਵਲੀ ਦੀ ਆਧਾਰ ਸਾਮਗ੍ਰੀ ਬਣਾ ਲਿਆ ਹੈ :

ਸਬਰ ਮੰਝ ਕਮਾਣ ਏ ਸਬਰੁ ਕਾ ਨੀਹਣੋ ॥
ਸਬਰ ਸੰਦਾ ਬਾਣੁ ਖਾਲਕੁ ਖਤਾ ਨ ਕਰੀ ॥

(ਆਦਿ ਗ੍ਰੰਥ, ਪੰਨਾ 1384)

### ਮਲਾਹ (ਪਾਤਣੀ)

ਮਲਾਹ ਦਾ ਪੇਸ਼ਾ ਹੈ ਬੇੜੀ ਚਲਾਉਣੀ ਅਤੇ ਯਾਤ੍ਰੀਆਂ ਨੂੰ ਦਰਿਆ ਜਾਂ ਨ਼ਦੀ ਤੋਂ ਪਾਰ ਲੰਘਾਉਣਾ। ਬਾਬਾ ਫ਼ਰੀਦ ਨੇ ਮੁਰਸ਼ਦ ਵਾਸਤੇ ਮਲਾਹ ਦਾ ਬਿੰਬ ਪ੍ਰਯੁਕਤ ਕੀਤਾ ਹੈ। ਜੇ ਮੁਰਸ਼ਦ ਰੂਪੀ ਮਲਾਹ ਸੁਚੇਤ ਰਹੇ ਤਾਂ ਵਿਸ਼ੇ-ਵਿਕਾਰਾਂ ਦੀਆਂ ਮਾਰੂ ਛੱਲਾਂ ਮਨੁੱਖੀ-ਜੀਵਨ ਰੂਪੀ ਬੇੜੀ ਦਾ ਕੁਝ ਨਹੀਂ ਵਿਗਾੜ ਸਕਦੀਆਂ :

ਲੰਮੀ ਲੰਮੀ ਨਦੀ ਵਹੈ ਕੰਧੀ ਕੇਰੈ ਹੇਤਿ ॥
ਬੇੜੇ ਨੋ ਕਪਰੁ ਕਿਆ ਕਰੇ ਜੇ ਪਾਤਣ ਰਹੈ ਸੁਚੇਤਿ ॥

(ਆਦਿ ਗ੍ਰੰਥ, ਪੰਨਾ 1382)

### ਸ਼ਿਕਾਰੀ (ਫਾਹੀਵਾਲ)

ਬਾਬਾ ਫ਼ਰੀਦ ਨੇ ਦੁਨਿਆਵੀ ਵਿਸ਼ੇ-ਵਿਕਾਰਾਂ ਲਈ ਸ਼ਿਕਾਰੀ ਅਰਥਾਤ ਫਾਹੀਵਾਲ ਦਾ ਬਿੰਬ ਪ੍ਰਯੁਕਤ ਕੀਤਾ ਹੈ। ਇਸ ਦੁਨੀਆਂ ਰੂਪੀ ਸਰੋਵਰ ਉੱਤੇ ਉਤਰੇ ਜੀਵ ਰੂਪੀ ਪੰਛੀ ਨੂੰ ਆਪਣੇ ਜਾਲ ਵਿਚ ਫਾਹੁਣ ਲਈ ਵਿਸ਼ੇ-ਵਿਕਾਰਾਂ ਰੂਪੀ ਕਿੰਨੇ ਹੀ ਫਾਹੀਵਾਲ ਹਨ :

ਸਰਵਰ ਪੰਖੀ ਹੇਕੜੋ ਫਾਹੀਵਾਲ ਪਚਾਸ ।
ਇਹ ਤਨੁ ਲਹਰੀ ਗਡੁ ਥਿਆ ਸਚੇ ਤੇਰੀ ਆਸ ॥

(ਆਦਿ ਗ੍ਰੰਥ, ਪੰਨਾ 1384)

### ਲੋਹਾਰ

ਬਾਬਾ ਫ਼ਰੀਦ ਨੇ ਲੋਹਾਰ ਦੇ ਪੇਸ਼ੇ ਨੂੰ ਵੀ ਆਪਣੀ ਬਿੰਬ-ਰਚਨਾ ਦਾ ਆਧਾਰ ਬਣਾਇਆ ਹੈ। ਪ੍ਰਭੂ ਦੇ ਭਗਤਾਂ ਨੂੰ ਹਰ ਥਾਂ ਪ੍ਰਭੂ ਦੀ ਤਲਾਸ਼ ਰਹਿੰਦੀ ਹੈ ਜਦ ਕਿ ਸਾਧਾਰਣ ਮਨੁੱਖ ਸਦਾ ਦੁਨਿਆਵੀ ਪਦਾਰਥਾਂ ਨੂੰ ਇਕੱਤਰ ਕਰਨ ਦੇ ਆਹਰ ਵਿਚ ਜੁੱਟਿਆ ਰਹਿੰਦਾ ਹੈ। ਬਾਬਾ ਫ਼ਰੀਦ ਨੇ ਮਨੁੱਖ ਦੇ ਇਸ ਪਦਾਰਥਕ ਨਜ਼ਰੀਏ ਨੂੰ ਸਾਕਾਰ ਕਰਨ ਲਈ ਲੋਹਾਰ ਦੇ ਪੇਸ਼ੇ ਨੂੰ ਆਧਾਰ ਬਣਾਇਆ ਹੈ :

ਕੰਧਿ ਕੁਹਾੜਾ ਸਿਰਿ ਘੜਾ ਵਣਿ ਕੈ ਸਰੁ ਲੋਹਾਰ ॥
ਫਰੀਦਾ ਹਉ ਲੋੜੀ ਸਹੁ ਆਪਣਾ ਤੂ ਲੋੜਹਿ ਅੰਗਿਆਰ ॥

(ਆਦਿ ਗ੍ਰੰਥ, ਪੰਨਾ 1380)



Marfat.com

## ਗ) ਰਾਜਸੀ ਵਾਤਾਵਰਣ

ਸੂਫ਼ੀ ਦਰਵੇਸ਼ ਹੋਣ ਕਰ ਕੇ ਬਾਬਾ ਫ਼ਰੀਦ ਬੇਸ਼ਕ ਤਤਕਾਲੀਨ ਰਾਜ-ਪ੍ਰਬੰਧ ਅਤੇ ਸਿਆਸਤ ਤੋਂ ਬੇਲਾਗ ਹੀ ਸੀ ਪਰ ਫਿਰ ਵੀ ਉਸ ਦੀ ਬਾਣੀ ਵਿਚ ਕਿਤੇ ਕਿਤੇ ਰਾਜਨੀਤਿਕ ਸ਼ਬਦਾਵਲੀ ਵੇਖਣ ਨੂੰ ਮਿਲਦੀ ਹੈ। ਆਪਣੀ ਬਿੰਬਾਵਲੀ ਵਿਚ ਪ੍ਰਯੁਕਤ ਕੀਤੀ ਰਾਜਸੀ ਸ਼ਬਦਾਵਲੀ ਨੂੰ ਵੀ ਉਸ ਨੇ ਆਪਣੀ ਰੁਚੀ ਅਨੁਸਾਰ ਅਧਿਆਤਮਿਕ ਅਰਥ ਪ੍ਰਦਾਨ ਕੀਤੇ ਹਨ। ਫ਼ਰੀਦ-ਬਾਣੀ ਵਿਚ ਸਾਈਂ, ਸਾਹਿਬ, ਮਲਕ, ਸੁਲਤਾਨ, ਕੇਸਰ (ਬਾਦਸ਼ਾਹ), ਦਰਬਾਰ, ਗੜ੍ਹ (ਕਿਲ੍ਹਾ), ਭੇਰੀ, ਦਮਾਮੇ, ਬਾਣ, ਕਮਾਨ, ਛਤਰ ਆਦਿ ਸ਼ਬਦ ਤੱਤਕਾਲੀਨ ਹਕੂਮਤ ਤੇ ਯੁੱਧ-ਕਲਾ ਨਾਲ ਸੰਬੰਧਿਤ ਹਨ।

### ਸਾਈਂ, ਸਾਹਿਬ

ਸਾਈਂ ਅਤੇ ਸਾਹਿਬ ਸ਼ਬਦਾਂ ਦੀ ਵਰਤੋਂ ਫ਼ਰੀਦ ਜੀ ਨੇ ਪਰਮਾਤਮਾ ਦੇ ਪ੍ਰਸੰਗ ਵਿਚ ਕੀਤੀ ਹੈ, ਜਿਵੇਂ :

1. ਫਰੀਦਾ ਥੀਉ ਪਵਾਹੀ ਦਭੁ ਜੇ ਸਾਈਂ ਲੋੜਹਿ ਸਭੁ ॥

(ਆਦਿ ਗ੍ਰੰਥ, ਪੰਨਾ 1378)

2. ਕਰਿ ਸਾਂਈ ਸਿਉ ਪਿਰਹੜੀ ਰੰਗੁ ਨਵੇਲਾ ਹੋਇ ॥

(ਆਦਿ ਗ੍ਰੰਥ, ਪੰਨਾ 1378)

3. ਤੈ ਸਾਹਿਬ ਕੀ ਮੈ ਸਾਰ ਨ ਜਾਨੀ ॥
ਜੋਬਨੁ ਖੋਇ ਪਾਛੈ ਪਛੁਤਾਨੀ ॥

(ਰਾਗ ਸੂਹੀ, ਆਦਿ ਗ੍ਰੰਥ, ਪੰਨਾ 794)

4. ਏਹੁ ਹਮਾਰਾ ਜੀਵਣਾ ਤੂੰ ਸਾਹਿਬ ਸਚੇ ਵੇਖੁ ॥

(ਆਦਿ ਗ੍ਰੰਥ, ਪੰਨਾ 1379)

### ਮਲਕ, ਸੁਲਤਾਨ, ਕੇਸਰ (ਬਾਦਸ਼ਾਹ)

ਬਾਬਾ ਫ਼ਰੀਦ ਨੇ ਮੌਤ ਦੇ ਫਰਿਸ਼ਤੇ ਮਲਕ ਅਲਮੌਤ ਵਾਸਤੇ ਮਲਕ ਦਾ ਰੂਪਕ ਬਿੰਬ ਪ੍ਰਯੁਕਤ ਕੀਤਾ ਹੈ :

1. ਮਲਕੁ ਜਿ ਕੰਨੀ ਸੁਣੀਂਦਾ ਮੁਹੁ ਦਿਖਾਲੇ ਆਇ ॥

(ਆਦਿ ਗ੍ਰੰਥ, ਪੰਨਾ 1377)

2. ਫਰੀਦਾ ਦੁਹੁ ਦੀਵੀ ਬਲੰਦਿਆ ਮਲਕੁ ਬਹਿਠਾ ਆਇ ॥

(ਆਦਿ ਗ੍ਰੰਥ, ਪੰਨਾ 1380)

ਸੁਲਤਾਨ ਅਰਥਾਤ ਮਹਾਰਾਜੇ ਦੀ ਪਦਵੀ ਬਹੁਤ ਉੱਚੀ ਹੁੰਦੀ ਹੈ। ਬਾਬਾ ਫ਼ਰੀਦ ਨੇ ਬਿਰਹਾ ਨੂੰ ਅਜਿਹਾ ਹੀ ਉੱਚਾ ਦਰਜਾ ਪ੍ਰਦਾਨ ਕਰਦਿਆਂ ਬਿਰਹਾ ਵਾਸਤੇ ਸੁਲਤਾਨ ਦਾ ਬਿੰਬ ਵਰਤਿਆ ਹੈ :



Marfat.com

ਬਿਰਹਾ ਬਿਰਹਾ ਆਖੀਐ ਬਿਰਹਾ ਤੂੰ ਸੁਲਤਾਨ ॥

(ਆਦਿ ਗ੍ਰੰਥ, ਪੰਨਾ 1379)

"ਕੈਸਰ" ਸ਼ਬਦ ਦਾ ਅਰਥ ਹੈ ਬਾਦਸ਼ਾਹ । ਬਾਬਾ ਫ਼ਰੀਦ ਜੰਗਲ ਵਿਚ ਅੰਗਿਆਰਾਂ ਦੀ ਭਾਲ ਕਰ ਰਹੇ ਲੋਹਾਰ ਦੇ ਪ੍ਰਸੰਗ ਵਿਚ ਇਸ ਸ਼ਬਦ ਦੀ ਵਰਤੋਂ ਕਰਦਾ ਲਿਖਦਾ ਹੈ :

ਕੰਧਿ ਕੁਹਾੜਾ ਸਿਰਿ ਘੜਾ ਵਣਿ ਕੈ ਸਰੁ ਲੋਹਾਰ ॥

(ਆਦਿ ਗ੍ਰੰਥ, ਪੰਨਾ 1380)

## ਦਰਬਾਰ

ਫ਼ਰੀਦ ਬਾਣੀ ਵਿਚ ਪਰਮਾਤਮਾ ਦੀ ਦਰਗਾਹ ਜਾਂ ਕਚਹਿਰੀ ਵਾਸਤੇ ਦਰਬਾਰ ਦਾ ਬਿੰਬ ਪ੍ਰਯੁਕਤ ਕੀਤਾ ਗਿਆ ਹੈ :

ਫਰੀਦਾ ਜਿਨੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ ॥
ਮਤੁ ਸਰਮਿੰਦਾ ਥੀਵਹੀ ਸਾਂਈ ਦੇ ਦਰਬਾਰਿ ॥

(ਆਦਿ ਗ੍ਰੰਥ, ਪੰਨਾ 1381)

## ਬਾਣ, ਕਮਾਣ, ਚਿੱਲਾ

ਤੀਰ, ਕਮਾਨ ਆਦਿ ਯੁੱਧ-ਕਲਾ ਨਾਲ ਸੰਬੰਧਿਤ ਸਾਮਗ੍ਰੀ ਹੈ ਪਰ ਬਾਬਾ ਫ਼ਰੀਦ ਨੇ ਇਨ੍ਹਾਂ ਦੀ ਵਰਤੋਂ ਮਨੁੱਖੀ ਸਬਰ ਦੇ ਪ੍ਰਸੰਗ ਵਿਚ ਕੀਤੀ ਹੈ :

ਸਬਰ ਮੰਝ ਕਮਾਣ ਏ ਸਬੁਰੁ ਕਾ ਨੀਹਣੋ ॥
ਸਬਰ ਸੰਦਾ ਬਾਣੁ ਖਾਲਕੁ ਖਤਾ ਨ ਕਰੀ ॥

(ਆਦਿ ਗ੍ਰੰਥ, ਪੰਨਾ 1384)

## ਦਮਾਮੇ (ਨਗਾਰੇ), ਛਤਰ, ਭੇਰੀ (ਤੂਤੀਆਂ), ਰਡ (ਉਸਤਤੀ ਦੇ ਗੀਤ)

ਬਾਦਸ਼ਾਹਾਂ ਨਾਲ ਸੰਬੰਧਿਤ ਇਸ ਸਾਰੀ ਸਾਮਗ੍ਰੀ ਨੂੰ ਵੀ ਬਾਬਾ ਫ਼ਰੀਦ ਨੇ ਆਪਣੀ ਬਿੰਬਾਵਲੀ ਦਾ ਆਧਾਰ ਬਣਾਇਆ ਹੈ । ਹੇਠਲੇ ਸ਼ਲੋਕ ਵਿਚ ਸਿਰਜੇ ਦ੍ਰਿਸ਼ ਅਤੇ ਨਾਦ ਬਿੰਬ ਵਿਚ ਇਨ੍ਹਾਂ ਦੀ ਬੜੀ ਸੁੰਦਰ ਜੜਤ ਕੀਤੀ ਗਈ ਹੈ :

ਪਾਸਿ ਦਮਾਮੇ ਛਤੁ ਸਿਰਿ ਭੇਰੀ ਸਡੋ ਰਡ ॥
ਜਾਇ ਸੁਤੇ ਜੀਰਾਣ ਮਹਿ ਥੀਏ ਅਤੀਮਾ ਗਡ ॥

(ਆਦਿ ਗ੍ਰੰਥ, ਪੰਨਾ 1380)

## ਕਿਲ੍ਹਾ (ਗੜ੍ਹ)

ਬਾਬਾ ਫ਼ਰੀਦ ਨੇ ਮਨੁੱਖੀ ਸਰੀਰ ਲਈ ਕਿਲ੍ਹੇ ਦਾ ਬਿੰਬ ਪ੍ਰਯੁਕਤ ਕੀਤਾ ਹੈ । ਕਵੀ ਅਨੁਸਾਰ ਮੌਤ ਦਾ ਫਰਿਸ਼ਤਾ ਮਲਕ ਅਲਮੌਤ ਇਕ ਧਾੜਵੀ ਦੀ ਤਰ੍ਹਾਂ ਆ ਕੇ ਮਨੁੱਖ ਦੇ ਸਰੀਰ ਰੂਪੀ ਕਿਲ੍ਹੇ ਉੱਤੇ ਕਬਜ਼ਾ ਕਰ ਲੈਂਦਾ ਹੈ ਅਤੇ ਜਿੰਦ ਰੂਪੀ ਕੀਮਤੀ ਸਾਮਾਨ ਨੂੰ ਲੁਟ ਕੇ ਜਾਣ ਲੱਗਾ ਦੋ ਅੱਖਾਂ ਰੂਪੀ ਦੀਵੇ ਵੀ ਬੁਝਾ ਜਾਂਦਾ ਹੈ :



Marfat.com

ਫਰੀਦਾ ਦੁਹੁ ਦੀਵੀ ਬਲੰਦਿਆ ਮਲਕੁ ਬਹਿਠਾ ਆਇ ॥
ਗੜੁ ਲੀਤਾ ਘਟੁ ਲੁਟਿਆ ਦੀਵੜੇ ਗਇਆ ਬੁਝਾਇ ॥

(ਆਦਿ ਗ੍ਰੰਥ, ਪੰਨਾ 1380)

ਉਪਰੋਕਤ ਚਰਚਾ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਬਾਬਾ ਫ਼ਰੀਦ ਨੂੰ ਪ੍ਰਕ੍ਰਿਤੀ ਵਾਂਗ ਹੀ ਮਨੁੱਖੀ ਜੀਵਨ ਦੇ ਵਿਭਿੰਨ ਪਹਿਲੂਆਂ ਦਾ ਵੀ ਬੜਾ ਡੂੰਘਾ ਤੇ ਨਿਜੀ ਅਨੁਭਵ ਸੀ। ਇਸ ਅਨੁਭਵ ਦੇ ਆਧਾਰ ਉੱਤੇ ਹੀ ਉਸ ਨੇ ਬਹੁ-ਰੰਗੀ ਮਨੁੱਖੀ ਜੀਵਨ ਦੇ ਵੱਖ ਵੱਖ ਖੇਤਰਾ ਜਿਹਾ ਕਿ ਘਰੇਲੂ ਚੀਜ਼ਾਂ ਵਸਤੂਆਂ, ਖਾਣ-ਪੀਣ ਦੇ ਪਦਾਰਥ, ਮਨੁੱਖੀ ਸਰੀਰ ਅਤੇ ਉਸ ਦੀਆਂ ਵੱਖ ਵੱਖ ਅਵਸਥਾਵਾਂ, ਮਨੁੱਖੀ ਪਹਿਰਾਵਾ ਤੇ ਹਾਰ-ਸ਼ਿੰਗਾਰ, ਮਨੁੱਖੀ ਕੰਮ-ਧੰਦੇ, ਮਨੁੱਖੀ ਰਿਸ਼ਤੇ-ਨਾਤੇ, ਰਾਜਸੀ ਵਾਤਾਵਰਣ ਆਦਿ ਵਿਚੋਂ ਢੁੱਕਵੀਂ ਸਾਮਗ੍ਰੀ ਲੈ ਕੇ ਬੜੀ ਹੀ ਸੁੰਦਰ ਤੇ ਪ੍ਰਭਾਵਸ਼ਾਲੀ ਬਿਬਾਵਲੀ ਦੀ ਰਚਨਾ ਕੀਤੀ ਹੈ।

## 3. ਇਸਲਾਮੀ ਮਿਥਿਹਾਸ ਅਤੇ ਧਾਰਮਿਕ ਵਿਸ਼ਵਾਸ

ਬਾਬਾ ਫ਼ਰੀਦ ਨੇ ਇਸਲਾਮੀ ਮਿਥਿਹਾਸ ਅਤੇ ਧਾਰਮਿਕ ਵਿਸ਼ਵਾਸਾਂ ਨੂੰ ਵੀ ਆਪਣੀ ਬਿੰਬਾਵਲੀ ਦੀ ਆਧਾਰ-ਸਾਮਗ੍ਰੀ ਬਣਾਇਆ ਹੈ। ਪ੍ਰਕ੍ਰਿਤੀ ਅਤੇ ਮਨੁੱਖੀ ਜੀਵਨ ਤੋਂ ਉਪਰੰਤ ਬਾਬਾ ਫ਼ਰੀਦ ਦੇ ਬਿੰਬਾਂ ਦੀ ਸਾਮਗ੍ਰੀ ਦਾ ਅਗਲਾ ਸ੍ਰੋਤ ਅਤੇ ਖੇਤਰ ਇਸਲਾਮੀ ਮਿਥਿਹਾਸ ਅਤੇ ਧਾਰਮਿਕ ਵਿਸ਼ਵਾਸ ਹਨ। ਮੁਸਲਮਾਨ ਸੂਫ਼ੀ ਫ਼ਕੀਰ ਹੋਣ ਕਰ ਕੇ ਬਾਬਾ ਫਰੀਦ ਦੀ ਬਾਣੀ ਵਿਚ ਇਸਲਾਮੀ ਸੰਕੇਤਾਂ ਦਾ ਆ ਜਾਣਾ ਬੜਾ ਸੁਭਾਵਕ ਸੀ। ਹੇਠਾਂ ਇਨ੍ਹਾਂ ਸੰਕੇਤਾਂ ਬਾਰੇ ਚਰਚਾ ਕੀਤੀ ਜਾ ਰਹੀ ਹੈ।

### ੳ) ਅਜ਼ਰਾਈਲ (ਮੌਤ ਦਾ ਫਰਿਸ਼ਤਾ)

ਇਸਲਾਮ ਧਰਮ ਫ਼ਰਿਸ਼ਤਿਆਂ ਦੀ ਹੋਂਦ ਨੂੰ ਮੰਨਦਾ ਹੈ। ਇਸਲਾਮੀ ਧਰਮ-ਵਿਸ਼ਵਾਸ ਅਨੁਸਾਰ ਫ਼ਰਿਸ਼ਤੇ ਖ਼ੁਦਾ ਦੇ ਨੂਰ ਤੋਂ ਪੈਦਾ ਹੋਏ ਹਨ। ਫਰਿਸ਼ਤਿਆਂ ਨੂੰ ਭੁਖ ਪਿਆਸ ਨਹੀਂ ਲੱਗਦੀ ਅਤੇ ਉਹ ਬਹੁਤ ਵੱਡੀ ਸ਼ਕਤੀ ਦੇ ਮਾਲਕ ਹੁੰਦੇ ਹਨ।[12] ਡਾ. ਹਰਜਿੰਦਰ ਸਿੰਘ ਦਿਲੋਂ ਅਨੁਸਾਰ, "ਇਨ੍ਹਾਂ ਦੀ ਗਿਣਤੀ ਚਾਰ ਦੱਸੀ ਜਾਂਦੀ ਹੈ। ਜਿਬਰਾਈਲ, ਖ਼ੁਦਾ ਦਾ ਸੁਨੇਹਾ ਲੈ ਜਾਣ ਵਾਲਾ ਜਾਂ ਜਿਸ ਨੂੰ 'ਇਲਹਾਮ ਦਾ ਫਰਿਸ਼ਤਾ' ਵੀ ਕਿਹਾ ਜਾਂਦਾ ਹੈ। ਮਿਕਾਇਲ, ਯਹੂਦੀਆਂ ਦਾ ਮਿੱਤਰ ਅਤੇ ਰੱਖਿਅਕ ਸਮਝਿਆ ਜਾਂਦਾ ਹੈ। ਅਸਰਾਫ਼ੀਲ, ਜੋ ਕਿਆਮਤ ਦੇ ਦਿਨ ਬਿਗਲ ਵਜਾਏਗਾ। ਅਜ਼ਰਾਈਲ, ਮੌਤ ਦਾ ਫਰਿਸ਼ਤਾ"।[13]

ਇਨ੍ਹਾਂ ਚਹੁੰ ਫ਼ਰਿਸ਼ਤਿਆਂ ਵਿਚੋਂ ਫ਼ਰੀਦ ਬਾਣੀ ਵਿਚ ਕੇਵਲ ਮੌਤ ਦੇ ਫ਼ਰਿਸ਼ਤੇ ਅਜ਼ਰਾਈਲ ਦਾ ਹੀ ਵਰਣਨ ਮਿਲਦਾ ਹੈ। ਅਜ਼ਰਾਈਲ ਫ਼ਰਿਸ਼ਤੇ ਲਈ ਕਵੀ ਨੇ 'ਮਲਕੁ' ਅਤੇ 'ਮਲਕੁਲ ਮਉਤ' ਪਦਾਂ ਦਾ ਪ੍ਰਯੋਗ ਵੀ ਕੀਤਾ ਹੈ। ਬਾਬਾ ਫ਼ਰੀਦ ਨੇ ਆਪਣੀ ਬਾਣੀ-ਰਚਨਾ ਵਿਚ ਕਈ ਥਾਵਾਂ ਉੱਤੇ ਅਜ਼ਰਾਈਲ ਫ਼ਰਿਸ਼ਤੇ ਦੇ ਇਕ ਧਾੜਵੀ ਦੀ ਤਰ੍ਹਾਂ ਆਉਣ ਅਤੇ ਬੜੀ ਬੇਦਰਦੀ ਨਾਲ ਜੀਵ ਦੀ ਜਾਨ ਕੱਢ ਕੇ ਲੈ ਜਾਣ ਦਾ ਚਿੱਤਰ ਪੇਸ਼ ਕੀਤਾ ਹੈ:



Marfat.com

1. ਮਲਕੁਲ ਮਉਤ ਜਾਂ ਆਵਸੀ ਸਭ ਦਰਵਾਜੇ ਭੰਨਿ ॥
ਤਿਨਾ ਪਿਆਰਿਆ ਭਾਈਆਂ ਅਗੈ ਦਿਤਾ ਬੰਨਿ ॥

(ਆਦਿ ਗ੍ਰੰਥ, ਪੰਨਾ 1383)

2. ਫਰੀਦਾ ਦੁਹੁ ਦੀਵੀ ਬਲੰਦਿਆ ਮਲਕੁ ਬਹਿਠਾ ਆਇ ॥
ਗੜੁ ਲੀਤਾ ਘਟੁ ਲੁਟਿਆ ਦੀਵੜੇ ਗਇਆ ਬੁਝਾਇ ॥

(ਆਦਿ ਗ੍ਰੰਥ, ਪੰਨਾ 1380)

3. ਫਰੀਦਾ ਭੰਨੀ ਘੜੀ ਸਵੰਨਵੀ ਟੁਟੀ ਨਾਗਰ ਲਜੁ ॥
ਅਜਰਾਈਲੁ ਫਰੇਸਤਾ ਕੈ ਘਰਿ ਨਾਠੀ ਅਜੁ ॥

(ਆਦਿ ਗ੍ਰੰਥ, ਪੰਨਾ 1381)

4. ਮਲਕੁ ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ ॥
ਜਿੰਦੁ ਨਿਮਾਣੀ ਕਢੀਐ ਹਡਾ ਕੂ ਕੜਕਾਇ ॥

(ਆਦਿ ਗ੍ਰੰਥ, ਪੰਨਾ 1377)

### ਅ) ਸ਼ੈਤਾਨ (ਬਦੀ ਦਾ ਪ੍ਰੇਰਕ ਫ਼ਰਿਸ਼ਤਾ)

ਬਾਈਬਲ ਤੇ ਕੁਰਾਨ ਵਿਚ ਸ਼ੈਤਾਨ ਨਾਂ ਦੇ ਇਕ ਫ਼ਰਿਸ਼ਤੇ ਦਾ ਵੀ ਜ਼ਿਕਰ ਆਉਂਦਾ ਹੈ ਜੋ ਮਨੁੱਖ ਨੂੰ ਬਦੀ ਕਰਨ ਲਈ ਪ੍ਰੇਰਦਾ ਹੈ। ਇਸ ਦਾ ਕਾਰਣ ਇਹ ਦੱਸਿਆ ਗਿਆ ਹੈ ਕਿ ਇਸ ਨੇ ਰੱਬ ਦੇ ਹੁਕਮ ਦੀ ਉਲੰਘਣਾ ਕੀਤੀ ਸੀ ਜਿਸ ਕਰਕੇ ਰੱਬ ਨੇ ਸ਼ੈਤਾਨ ਨੂੰ ਬਹਿਸ਼ਤ ਵਿਚੋਂ ਬਾਹਰ ਕੱਢ ਦਿੱਤਾ। ਉਦੋਂ ਤੋਂ ਹੀ ਉਹ ਮਨੁੱਖਾਂ ਨੂੰ ਬੁਰੇ ਕਰਮ ਕਰਨ ਅਤੇ ਪਰਮਾਤਮਾ ਤੋਂ ਦੂਰ ਰਹਿਣ ਦੀ ਪ੍ਰੇਰਨਾ ਦਿੰਦਾ ਆ ਰਿਹਾ ਹੈ। ਏਸੇ ਨੇ ਹੀ ਧੋਖੇ ਨਾਲ ਆਦਮ ਤੇ ਹੱਵਾ ਨੂੰ ਵਰਜਿਤ ਫਲ ਖਵਾਇਆ ਸੀ ਜਿਸ ਦੇ ਫਲਸਰੂਪ ਆਦਮ ਤੇ ਹੱਵਾ ਨੂੰ ਸਵਰਗ ਵਿਚੋਂ ਨਿਕਲ ਕੇ ਧਰਤੀ ਉੱਤੇ ਆਉਣਾ ਪਿਆ।[14] ਫ਼ਰੀਦ-ਬਾਣੀ ਵਿਚ ਬਦੀ ਦੇ ਪ੍ਰੇਰਕ ਫ਼ਰਿਸ਼ਤੇ ਸ਼ੈਤਾਨ ਦਾ ਜ਼ਿਕਰ ਵੀ ਉਪਲਬਧ ਹੈ। ਬਾਬਾ ਫ਼ਰੀਦ ਅਨੁਸਾਰ ਜਿਨ੍ਹਾਂ ਲੋਕਾਂ ਦੇ ਮਨ ਨੂੰ ਸ਼ੈਤਾਨ ਨੇ ਰੱਬ ਵਲੋਂ ਬੇਮੁਖ ਕੀਤਾ ਹੋਇਆ ਹੈ ਉਨ੍ਹਾਂ ਨੂੰ ਅਨੇਕਾਂ ਉਪਦੇਸ਼ ਤੇ ਮੱਤਾਂ ਦੇਣ ਦੇ ਬਾਵਜੂਦ ਵੀ ਸੌਖ ਨਾਲ ਰੱਬ ਵਾਲੇ ਪਾਸੇ ਨਹੀਂ ਲਾਇਆ ਜਾ ਸਕਦਾ :

ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ।
ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤੁ ॥

(ਆਦਿ ਗ੍ਰੰਥ, ਪੰਨਾ 1378)

### ੲ) ਦੋਜ਼ਖ਼

ਭਾਰਤੀ ਸ਼ਬਦਾਵਲੀ ਵਿਚ ਜਿਸ ਨੂੰ 'ਨਰਕ' ਆਖਿਆ ਜਾਂਦਾ ਹੈ ਉਸ ਨੂੰ ਇਸਲਾਮੀ ਸ਼ਬਦਾਵਲੀ ਵਿਚ 'ਦੋਜ਼ਖ਼' ਕਿਹਾ ਗਿਆ ਹੈ। ਪੁਰਾਣਾਂ ਅਨੁਸਾਰ ਨਰਕ ਉਹ ਥਾਂ ਹੈ ਜਿਥੇ ਮੌਤ ਉਪਰੰਤ ਪਾਪੀ ਜੀਵ ਬੁਰੇ ਕਰਮਾਂ ਦਾ ਫਲ ਭੋਗਣ ਲਈ ਜਾਂਦੇ ਹਨ। ਇਸਲਾਮੀ ਧਰਮ ਵਿਸ਼ਵਾਸ ਅਨੁਸਾਰ ਦੋਜ਼ਖ਼ ਵਿਚ ਅੱਗ ਦੇ ਭਾਂਬੜ ਮਚਦੇ ਹਨ। ਖ਼ੁਦਾ ਉੱਤੇ ਵਿਸ਼ਵਾਸ



Marfat.com

ਨਾ ਰੱਖਣ ਵਾਲਿਆਂ ਅਤੇ ਬੁਰੇ ਕਰਮ ਕਰਨ ਵਾਲਿਆਂ ਨੂੰ ਦੋਜ਼ਖ ਦੀ ਅੱਗ ਵਿਚ ਸੁੱਟਿਆ ਜਾਂਦਾ ਹੈ।[16] ਫ਼ਰੀਦ ਬਾਣੀ ਵਿਚ ਕਈ ਥਾਈਂ ਦੋਜ਼ਖ ਦਾ ਚਿੱਤਰ ਵੀ ਖਿੱਚਿਆ ਗਿਆ ਹੈ :

1. ਫਰੀਦਾ ਮਉਤੈ ਦਾ ਬੰਨਾ ਏਵੈ ਦਿਸੈ ਜਿਉ ਦਰੀਆਵੈ ਢਾਹਾ ।
   ਅਗੈ ਦੋਜਕੁ ਤਪਿਆ ਸੁਣੀਐ ਹੂਲ ਪਵੈ ਕਾਹਾਹਾ ॥

(ਆਦਿ ਗ੍ਰੰਥ, ਪੰਨਾ 1383)

2. ਫਰੀਦਾ ਮਨੁ ਮੈਦਾਨੁ ਕਰਿ ਟੋਏ ਟਿਬੇ ਲਾਹਿ ॥
   ਅਗੈ ਮੂਲਿ ਨ ਆਵਸੀ ਦੋਜਕ ਸੰਦੀ ਭਾਹਿ ॥

(ਆਦਿ ਗ੍ਰੰਥ, ਪੰਨਾ 1381)

## ਸ) ਕਿਆਮਤ ਦਾ ਦਿਨ (ਰੋਜ਼ੇ-ਹਸ਼ਰ), ਲੇਖਾ

ਫ਼ਰੀਦ-ਬਾਣੀ ਵਿਚ ਰੋਜ਼ੇ-ਹਸ਼ਰ ਅਰਥਾਤ ਕਿਆਮਤ ਦੇ ਦਿਨ ਦਾ ਜ਼ਿਕਰ ਵੀ ਉਪਲਬਧ ਹੈ। ਇਸਲਾਮੀ ਪਰੰਪਰਾ ਅਨੁਸਾਰ ਕਿਆਮਤ ਵਾਲੇ ਦਿਨ ਮੁਰਦੇ ਆਪਣੀਆਂ ਕਬਰਾਂ ਵਿਚੋਂ ਉਠ ਖੜੋਣਗੇ ਅਤੇ ਉਨ੍ਹਾਂ ਦੇ ਅਮਲਾਂ ਦਾ ਹਿਸਾਬ ਕਿਤਾਬ ਕਰਨ ਉਪਰੰਤ ਉਨ੍ਹਾਂ ਨੂੰ ਦੋਜ਼ਖ ਜਾਂ ਜੰਨਤ ਵਿਚ ਭੇਜਿਆ ਜਾਵੇਗਾ । ਏਸੇ ਧਾਰਮਿਕ ਵਿਸ਼ਵਾਸ ਅਧੀਨ ਹੀ ਮੁਸਲਮਾਨ ਮੁਰਦੇ ਨੂੰ ਜਲਾਉਣ ਦੀ ਬਜਾਇ ਦਬਾਉਂਦੇ ਹਨ। 'ਇਸਲਾਮੀ ਧਰਮ ਵਿਚ ਇਹ ਵਿਸ਼ਵਾਸ ਵਿਦਮਾਨ ਹੈ ਕਿ ਭਾਵੇਂ ਮਨੁੱਖ ਦਾ ਸਰੀਰ ਮਿੱਟੀ ਦਾ ਰੂਪ ਧਾਰਨ ਕਰ ਜਾਵੇਗਾ ਪਰੰਤੂ ਉਸ ਦਾ ਇਕ ਹਿੱਸਾ ਕਿਆਮਤ ਦੇ ਦਿਨ ਤੱਕ ਅਪ੍ਰਭਾਵਿਤ ਰਹੇਗਾ। ਖ਼ੁਦਾ ਉਸ ਤੋਂ ਉਸ ਨੂੰ ਨਵਾਂ ਰੂਪ ਪ੍ਰਦਾਨ ਕਰੇਗਾ। ਕਿਆਮਤ ਦੇ ਦਿਨ ਦਾ, ਖ਼ੁਦਾ ਤੋਂ ਬਿਨਾਂ ਕਿਸੇ ਹੋਰ ਨੂੰ ਗਿਆਨ ਨਹੀਂ । ਕਿਆਮਤ ਦੇ ਦਿਨ ਦੀ ਨਿਕਟਤਾ ਕੇਵਲ ਅਸਰਾਫ਼ੀਲ ਦੁਆਰਾ ਵਜਾਏ ਗਏ ਬਿਗਲ ਤੋਂ ਅਨੁਭਵ ਕੀਤੀ ਜਾਵੇਗੀ" ।[16] ਇਸਲਾਮੀ ਪਰੰਪਰਾ ਅਨੁਸਾਰ ਇਸ ਰੋਜ਼ੇ-ਹਸ਼ਰ ਅਰਥਾਤ ਕਿਆਮਤ ਵਾਲੇ ਦਿਨ ਰੱਬ ਮਨੁੱਖ ਤੋਂ ਲੇਖਾ ਮੰਗੇਗਾ। ਉਸ ਦਿਨ ਬਾਦਸ਼ਾਹ ਵਾਂਗ ਰੱਬ ਦਾ 'ਦਰਬਾਰ' ਲਗੇਗਾ ਤੇ ਹਰ ਬੰਦਾ ਉਸ ਦਰਬਾਰ ਵਿਚ ਪੇਸ਼ ਹੋ ਕੇ ਆਪਣੇ ਚੰਗੇ ਮੰਦੇ ਕਰਮਾਂ ਦਾ ਲੇਖਾ ਦੇਵੇਗਾ। ਇਸ ਲੇਖੇ ਉਪਰੰਤ ਹਰ ਮਨੁੱਖ ਨੂੰ ਆਪਣੇ ਕੀਤੇ ਕਰਮਾਂ ਅਨੁਸਾਰ ਜੰਨਤ ਜਾਂ ਦੋਜ਼ਖ ਨਸੀਬ ਹੋਵੇਗੀ। ਬਾਬਾ ਫ਼ਰੀਦ ਨੇ ਕਿਆਮਤ ਵਾਲੇ ਦਿਨ ਲੇਖਾ ਦੇਣ ਦਾ ਜ਼ਿਕਰ ਆਪਣੀ ਰਚਨਾ ਵਿਚ ਕਈ ਥਾਵਾਂ ਉਪਰ ਕੀਤਾ ਹੈ :

1. ਫਰੀਦਾ ਚਾਰਿ ਗਵਾਇਆ ਹੰਢਿ ਕੈ ਚਾਰਿ ਗਵਾਇਆ ਸੰਮਿ ॥
   ਲੇਖਾ ਰਬੁ ਮੰਗੇਸੀਆ ਤੂੰ ਆਂਹੋ ਕੇਰ੍ਹੇ ਕੰਮਿ ॥

(ਆਦਿ ਗ੍ਰੰਥ, ਪੰਨਾ 1379)

2. ਕੰਧੀ ਵਹਣ ਨ ਢਾਹਿ ਤਉ ਭੀ ਲੇਖਾ ਦੇਵਣਾ ॥

(ਆਦਿ ਗ੍ਰੰਥ, ਪੰਨਾ 1382)

---

ਨੋਟ :-ਸਾਨੂੰ ਖੇਦ ਹੈ ਕਿ ਪ੍ਰੈਸ ਦੀ ਗਲਤੀ ਕਾਰਨ ਪੰਨਾ 77 ਤੋਂ 80 ਤਕ ਫੋਲੀਓ ਲਗਣਾ ਰਹਿ ਗਿਆ ਹੈ। ਮੈਟਰ ਲਗਾਤਾਰ ਅਤੇ ਠੀਕ ਹੈ, ਕੋਈ ਗੈਪ ਨਹੀਂ । — ਪ੍ਰਕਾਸ਼ਕ



Marfat.com

3. ਫਰੀਦਾ ਜਿੰਨੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ ॥
ਮਤੁ ਸਰਮਿੰਦਾ ਥੀਵਹੀ ਸਾਈਂ ਦੈ ਦਰਬਾਰਿ ॥

(ਆਦਿ ਗ੍ਰੰਥ, ਪੰਨਾ 1381)

ਕਿਆਮਤ ਦੇ ਦਿਨ ਦੀ ਇੰਤਜ਼ਾਰ ਵਿਚ ਕਬਰ ਵਿਚ ਪਏ ਮੁਰਦਿਆਂ ਦੇ ਭਿਆਨਕ ਚਿੱਤਰ ਕਵੀ ਨੇ ਇਕ ਤੋਂ ਵੱਧ ਥਾਵਾਂ ਉਪਰ ਰੂਪਮਾਨ ਕੀਤੇ ਹਨ :

1. ਫਰੀਦਾ ਇਟ ਸਿਰਾਣੇ ਭੁਇ ਸਵਣੁ ਕੀੜਾ ਲੜਿਓ ਮਾਸ ॥
ਕੇਤੜਿਆ ਜੁਗ ਵਾਪਰੇ ਇਕਤੁ ਪਇਆ ਪਾਸ ॥

(ਆਦਿ ਗ੍ਰੰਥ ਪੰਨਾ 1381)

2. ਫਰੀਦਾ ਮਹਲ ਨਿਸਖਣ ਰਹਿ ਗਏ ਵਾਸਾ ਆਇਆ ਤਲਿ ॥
ਗੋਰਾਂ ਸੇ ਨਿਮਾਣੀਆਂ ਬਹਸਣ ਰੂਹਾਂ ਨਲਿ ॥

(ਆਦਿ ਗ੍ਰੰਥ, ਪੰਨਾ 1382-83)

## ਹ) ਰੂਹ

ਰੂਹ, ਸਰੀਰ ਦੀ ਚੇਤਨ ਸੱਤਾ ਹੈ ਜਿਸ ਨੂੰ ਮਨੁੱਖੀ ਸਰੀਰ ਵਿਚ ਪ੍ਰਮੁੱਖ ਸਥਾਨ ਪ੍ਰਾਪਤ ਹੈ। ਭਾਰਤੀ ਸ਼ਬਦਾਵਲੀ ਵਿਚ ਇਸ ਨੂੰ 'ਆਤਮਾ' ਆਖਿਆ ਜਾਂਦਾ ਹੈ। ਇਸਲਾਮੀ ਪਰੰਪਰਾ ਅਨੁਸਾਰ ਮਨੁੱਖ ਦੀ ਰੂਹ ਉਸ ਦੀ ਮੌਤ ਤੋਂ ਬਾਅਦ ਰੋਜ਼ੇ-ਹਸ਼ਰ ਅਰਥਾਤ ਕਿਆਮਤ ਦੇ ਦਿਨ ਤਕ ਕਬਰ ਵਿਚ ਪਈ ਰਹਿੰਦੀ ਹੈ। ਹਿਸਾਬ ਕਿਤਾਬ ਹੋਣ ਉਪਰੰਤ ਇਸ ਦਿਨ ਮਨੁੱਖ ਦੀ ਰੂਹ ਨੂੰ ਜੰਨਤ ਜਾਂ ਦੋਜ਼ਖ਼ ਵਿਚ ਭੇਜਿਆ ਜਾਂਦਾ ਹੈ। ਬਾਬਾ ਫ਼ਰੀਦ ਨੇ ਵੀ ਇਸਲਾਮੀ ਧਰਮ ਦੇ ਇਸ ਵਿਸ਼ਵਾਸ ਦਾ ਸਮਰਥਨ ਕਰਦਿਆਂ ਰੂਹ ਦੇ ਕਬਰ ਵਿਚ ਨਿਵਾਸ ਬਾਰੇ ਇੰਜ ਲਿਖਿਆ ਹੈ :

ਗੋਰਾਂ ਸੇ ਨਿਮਾਣੀਆਂ ਬਹਸਨਿ ਰੂਹਾਂ ਮਲਿ ॥

(ਆਦਿ ਗ੍ਰੰਥ, ਪੰਨਾ 1382-83)

## ਕ) ਦਰਗਾਹ

ਇਸਲਾਮੀ ਮਤ ਅਨੁਸਾਰ ਅਲਹ ਜਿਥੇ 'ਰਹੀਮ' ਤੇ 'ਕਰੀਮ' ਹੈ ਉਥੇ ਜੱਬਾਰ' ਤੇ 'ਕਹਾਰ' ਵੀ ਹੈ। ਰੋਜ਼ੇ-ਹਸ਼ਰ ਦਾ ਸੰਬੰਧ ਜੱਬਾਰ ਤੇ ਕਹਾਰ ਦੇ ਸੰਕਲਪ ਨਾਲ ਜੁੜਿਆ ਹੋਇਆ ਹੈ। ਕਾਰਣ ਇਹ ਹੈ ਕਿ ਇਸ ਦਿਨ ਪਰਮਾਤਮਾ ਇਕ ਬਾਦਸ਼ਾਹ ਵਾਂਗ ਦਰਬਾਰ ਲਗਾ ਕੇ ਮਨੁੱਖ ਤੋਂ ਉਸ ਦੇ ਕਰਮਾਂ ਦਾ ਲੇਖਾ ਮੰਗੇਗਾ।[17] ਰੱਬ ਦੇ ਮਨੁੱਖ ਤੋਂ ਕਿਆਮਤ ਵਾਲੇ ਦਿਨ ਲੇਖਾ ਮੰਗਣ ਦੇ ਸਥਾਨ ਨੂੰ ਫ਼ਰੀਦ-ਬਾਣੀ ਵਿਚ ਦਰਗਾਹ ਜਾਂ ਦਰਬਾਰ ਕਿਹਾ ਗਿਆ ਹੈ :

1. ਅਮਲ ਜਿ ਕੀਤਿਆ ਦੁਨੀ ਵਿਚ ਸੋ ਦਰਗਹ ਓਗਾਹਾ ॥

(ਆਦਿ ਗ੍ਰੰਥ, ਪੰਨਾ 1383)

2. ਫਰੀਦਾ ਅਮਲ ਜਿ ਕੀਤੇ ਦੁਨੀ ਵਿਚ ਦਰਗਹ ਆਏ ਕੰਮਿ ॥

(ਆਦਿ ਗ੍ਰੰਥ, ਪੰਨਾ 1383)



137001

Marfat.com

3. ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ ॥

(ਆਦਿ ਗ੍ਰੰਥ, ਪੰਨਾ 1381)

### ਖ) ਪੁਲਿਸਰਾਤ

ਫ਼ਰੀਦ-ਬਾਣੀ ਵਿਚ ਇਸਲਾਮੀ ਸੰਕੇਤ ਪੁਲਿਸਰਾਤ ਦਾ ਵਰਣਨ ਵੀ ਆਇਆ ਹੈ। ਫ਼ਰੀਦ ਜੀ ਨੇ ਇਸ ਨੂੰ 'ਪੁਰਸਲਾਤ' ਕਰ ਕੇ ਲਿਖਿਆ ਹੈ। "ਇਸਲਾਮੀ ਪਰੰਪਰਾ ਅਨੁਸਾਰ ਪੁਲਿਸਰਾਤ (ਦੋਜ਼ਖ਼ ਦਾ ਸਿਰਾਤ ਨਾਮਕ ਪੁਲ) ਉਹ ਪੁਲ ਹੈ ਜਿਸ ਉੱਤੋਂ ਮਰਨ ਉਪਰੰਤ ਜੀਵ ਨੂੰ ਲੰਘਣਾ ਪੈਂਦਾ ਹੈ। ਇਹ ਪੁਲ ਵਾਲ ਨਾਲੋਂ ਬਾਰੀਕ ਤੇ ਤਲਵਾਰ ਦੀ ਧਾਰ ਨਾਲੋਂ ਵੀ ਤਿੱਖਾ ਹੈ। . ਧਰਮੀ ਇਸ ਉਪਰੋਂ ਛੇਤੀ ਲੰਘ ਜਾਂਦੇ ਹਨ ਅਤੇ ਪਾਪੀ ਅਥਵਾ ਗੁਨਾਹਗਾਰ ਇਸ ਪੁਲ ਉਤੋਂ ਲੰਘਦੇ ਹੋਏ ਹੇਠਾਂ ਨਰਕ ਦੀ ਅੱਗ ਵਿਚ ਜਾ ਡਿਗਦੇ ਹਨ"।[18] ਬਾਬਾ ਫ਼ਰੀਦ ਨੇ ਇਸ ਪੁਲ ਦੇ ਸਰੂਪ ਵਰਣਨ ਨੂੰ ਵੀ ਆਪਣੀ ਬਿੰਬਾਵਲੀ ਦੀ ਸਾਮਗ੍ਰੀ ਬਣਾਇਆ ਹੈ :

1. ਵਾਲਹੁ ਨਿਕੀ ਪੁਰਸਲਾਤ ਕੰਨੀ ਨ ਸੁਣੀਆਇ ॥
ਫਰੀਦਾ ਕਿੜੀ ਪਵੰਦੀਈ ਖੜਾ ਨ ਆਪ ਮੁਹਾਇ ॥

(ਆਦਿ ਗ੍ਰੰਥ, ਪੰਨਾ 1377)

2. ਵਾਟ ਹਮਾਰੀ ਖਰੀ ਉਡੀਣੀ, ਖੰਨਿਅਹੁ ਤਿਖੀ ਬਹੁਤ ਪਿਈਣੀ ॥
ਉਸ ਊਪਰਿ ਹੈ ਮਾਰਗੁ ਮੇਰਾ। ਸੇਖ ਫਰੀਦਾ ਪੰਥੁ ਸਮਾਰਿ ਸਵੇਰਾ ॥

(ਰਾਗ ਸੂਹੀ, ਆਦਿ ਗ੍ਰੰਥ, ਪੰਨਾ 794)

### ਗ) ਨਮਾਜ਼

"ਦਿਨ ਵਿਚ ਪੰਜ ਵਾਰ ਮੱਕੇ ਵੱਲ ਮੂੰਹ ਕਰ ਕੇ ਨਿਸ਼ਚਿਤ ਨਮਾਜ਼ ਇਸਲਾਮ ਦੇ ਅਨੁਯਾਈਆਂ ਦਾ ਕਰਤੱਵ ਹੈ। ਇਹ ਸਾਮੂਹਿਕ ਅਤੇ ਵਿਅਕਤੀਗਤ ਦੋਹਾਂ ਤਰ੍ਹਾਂ ਨਾਲ ਅਦਾ ਕੀਤੀ ਜਾ ਸਕਦੀ ਹੈ। ਦਿਲ ਵਿਚੋਂ ਕੀਤੀ ਗਈ ਪ੍ਰਾਰਥਨਾ ਅਰਥ-ਭਰਪੂਰ ਹੁੰਦੀ ਹੈ ਅਤੇ ਦਿਲ ਅਤੇ ਜ਼ੁਬਾਨ ਦੋਹਾਂ ਦੇ ਸੁਮੇਲ ਨਾਲ ਇਸ ਦਾ ਸ਼ੁਧ ਰੂਪ ਪ੍ਰਗਟ ਹੁੰਦਾ ਹੈ"।[19] ਬਾਬਾ ਫ਼ਰੀਦ ਨੇ ਵੀ ਆਤਮ-ਸ਼ੁਧੀ ਲਈ ਪੰਜ ਵੇਲੇ ਨਮਾਜ਼ ਅਦਾ ਕਰਨ ਦੀ ਆਵੱਸ਼ਕਤਾ ਉੱਤੇ ਬਲ ਦਿੱਤਾ ਹੈ :

ਉਠ ਫਰੀਦਾ ਉਜੂ ਸਾਜਿ ਸੁਬਹ ਨਿਵਾਜ ਗੁਜਾਰਿ ॥
ਜੋ ਸਿਰ ਸਾਂਈ ਨਾ ਨਿਵੈ ਸੋ ਸਿਰੁ ਕਪਿ ਉਤਾਰਿ ॥

(ਆਦਿ ਗ੍ਰੰਥ, ਪੰਨਾ 1381)

ਪੰਜ ਵੇਲੇ ਨਮਾਜ਼ ਨਾ ਅਦਾ ਕਰਨ ਵਾਲੇ ਮਨੁੱਖ ਲਈ ਬਾਬਾ ਫ਼ਰੀਦ ਨੇ ਕੁੱਤੇ ਦਾ ਬਿੰਬ ਵਰਤਣ ਤੋਂ ਵੀ ਗੁਰੇਜ਼ ਨਹੀਂ ਕੀਤਾ :

ਫਰੀਦਾ ਬੇਨਿਵਾਜਾ ਕੁਤਿਆ ਇਹ ਨ ਭਲੀ ਰੀਤਿ ॥
ਕਬਹੀ ਚਲਿ ਨ ਆਇਆ ਪੰਜੇ ਵਖਤ ਮਸੀਤਿ ॥

(ਆਦਿ ਗ੍ਰੰਥ, ਪੰਨਾ 1381)



Marfat.com

ਉਪਰੋਕਤ ਚਰਚਾ ਦਾ ਸਾਰਾਂਸ਼ ਇਹ ਹੈ ਕਿ ਬਾਬਾ ਫ਼ਰੀਦ ਨੇ ਪ੍ਰਕ੍ਰਿਤਕ-ਮੰਡਲ ਅਤੇ ਮਨੁੱਖੀ ਜੀਵਨ ਤੋਂ ਇਲਾਵਾ ਇਸਲਾਮੀ ਮਿਥਿਹਾਸ ਅਤੇ ਧਾਰਮਿਕ ਵਿਸ਼ਵਾਸਾਂ ਨੂੰ ਵੀ ਆਪਣੇ ਬਿੰਬ-ਵਿਧਾਨ ਦੀ ਆਧਾਰ-ਸਾਮਗ੍ਰੀ ਬਣਾਇਆ ਹੈ। ਉਨ੍ਹਾਂ ਨੇ ਆਪਣੀ ਬਾਣੀ-ਰਚਨਾ ਵਿਚ ਅਜ਼ਰਾਈਲ, ਸ਼ੈਤਾਨ, ਦੋਜ਼ਖ਼, ਕਿਆਮਤ ਦਾ ਦਿਨ ਜਾਂ ਰੋਜ਼ੇ-ਹਸ਼ਰ, ਲੇਖਾ, ਰੂਹ, ਦਰਗਾਹ, ਪੁਲਿਸਰਾਤ ਆਦਿ ਇਸਲਾਮੀ ਸੰਕੇਤਾਂ ਰਾਹੀਂ ਜਿਥੇ ਆਪਣੇ ਭਾਵਾਂ ਅਤੇ ਵਿਚਾਰਾਂ ਦੀ ਸਫ਼ਲ ਅਭਿਵਿਅਕਤੀ ਕੀਤੀ ਹੈ ਉਥੇ ਆਪਣੀ ਇਸਲਾਮੀ ਮਿਥਿਹਾਸ ਅਤੇ ਧਾਰਮਿਕ ਵਿਸ਼ਵਾਸਾਂ ਬਾਰੇ ਡੂੰਘੀ ਜਾਣਕਾਰੀ ਦਾ ਸਬੂਤ ਵੀ ਦਿੱਤਾ ਹੈ।

## ਹਵਾਲੇ ਅਤੇ ਟਿੱਪਣੀਆਂ

1. "A poem can be given much of its order and force by its selection and arrangement in image."—*The Practice of Poetry*, p. 20.
2. ਦਲੀਪ ਸਿੰਘ ਦੀਪ, "ਸੂਫ਼ੀ ਕਾਵਿ-ਬਿੰਬ : ਇਕ ਸਰਵੇਖਣ", 'ਪੰਜਾਬੀ ਦੁਨੀਆ', ਫਰਵਰੀ 1974, ਪੰਨਾ 30.
3. ਉਹੀ, ਪੰਨਾ 31.
4. 'ਮੋਹਨ ਸਿੰਘ ਦਾ ਕਾਵਿ-ਲੋਕ', ਪੰਨਾ 249.
5 *An Introduction to the Study of Literature*, pp. 319-331.
6. 'ਸਮਦਰਸ਼ਨ', ਪੰਨਾ 54.
7. "ਬਾਬਾ ਫਰੀਦ : ਜੀਵਨ ਤੇ ਰਚਨਾ", 'ਖੋਜ ਪਤ੍ਰਿਕਾ' (ਬਾਬਾ ਫ਼ਰੀਦ ਵਿਸੇਸ਼ ਅੰਕ), ਪੰਨਾ 26.
8. ਜਗਜੀਤ ਸਿੰਘ, 'ਸ਼ਲੋਕ ਤਥਾ ਬਾਣੀ ਸ਼ੇਖ ਫਰੀਦ : ਇਕ ਅਧਿਐਨ', ਪੰਨਾ 80-81.
9. "ਬਾਬਾ ਫ਼ਰੀਦ ਦੇ ਕਾਵਿ-ਬਿੰਬ", 'ਖੋਜ ਪਤ੍ਰਿਕਾ' (ਬਾਬਾ ਫ਼ਰੀਦ ਅੰਕ), ਪੰਨਾ 152.
10. ਜਗਜੀਤ ਸਿੰਘ, 'ਸ਼ਲੋਕ ਤਥਾ ਬਾਣੀ ਸ਼ੇਖ ਫਰੀਦ : ਇਕ ਅਧਿਐਨ', ਪੰਨਾ 59-60.
11. ਉਹੀ, ਪੰਨਾ 60.
12. 'ਗੁਰਸ਼ਬਦ ਰਤਨਾਕਰ, ਮਹਾਨ ਕੋਸ਼', ਪੰਨਾ 810.
13. 'ਪੰਜਾਬੀ ਸੂਫ਼ੀ ਕਾਵਿ ਅਤੇ ਸ਼ਰੀਅਤ', ਪੰਨਾ 66.
14. ਜਗਜੀਤ ਸਿੰਘ, 'ਸ਼ਲੋਕ ਤਥਾ ਬਾਣੀ ਸ਼ੇਖ ਫ਼ਰੀਦ : ਇਕ ਅਧਿਐਨ', ਪੰਨਾ 78.
15. ਬਿਕਰਮ ਸਿੰਘ ਘੁੰਮਣ, "ਫ਼ਰੀਦ ਬਾਣੀ ਵਿਚ ਇਸਲਾਮੀ ਸੰਕੇਤ", 'ਆਲੋਚਨਾ', ਅਕਤੂਬਰ 1981, ਮਾਰਚ 1982, ਪੰਨਾ 62.
16. ਹਰਜਿੰਦਰ ਸਿੰਘ ਢਿੱਲੋਂ, 'ਪੰਜਾਬੀ ਸੂਫ਼ੀ ਕਾਵਿ ਅਤੇ ਸ਼ਰੀਅਤ', ਪੰਨਾ 67.
17. ਜਗਜੀਤ ਸਿੰਘ, 'ਸ਼ਲੋਕ ਤਥਾ ਬਾਣੀ ਸ਼ੇਖ ਫਰੀਦ : ਇਕ ਅਧਿਐਨ', ਪੰਨਾ 81.
18. ਬਿਕਰਮ ਸਿੰਘ ਘੁੰਮਣ, "ਫ਼ਰੀਦ-ਬਾਣੀ ਵਿਚ ਇਸਲਾਮੀ ਸੰਕੇਤ", 'ਆਲੋਚਨਾ', ਅਕਤੂਬਰ 1981, ਮਾਰਚ 1982, ਪੰਨਾ 63-64.
19. ਹਰਜਿੰਦਰ ਸਿੰਘ ਦਿਲੋਂ, 'ਪੰਜਾਬੀ ਸੂਫ਼ੀ ਕਾਵਿ ਅਤੇ ਸ਼ਰੀਅਤ', ਪੰਨਾ 20.



Marfat.com

## ਬਿੰਬਾਵਲੀ ਰਾਹੀਂ ਵਿਸ਼ੇ ਦਾ ਨਿਰੂਪਣ

ਲੀਵਿਸ ਦਾ ਕਥਨ ਹੈ ਕਿ "ਵਿਸ਼ੇ ਅਤੇ ਬਿੰਬ ਦਾ ਸੁਮੇਲ ਹੀ ਬਿੰਬਾਂ ਦਾ ਸੰਗਠਨ ਕਰਦਾ ਹੈ। ਵਿਸ਼ੇ ਦੇ ਰਸਤੇ ਨੂੰ ਰੁਸ਼ਨਾ ਕੇ ਬਿੰਬ ਉਸ ਨੂੰ ਉਜਾਗਰ ਕਰਨ ਵਿਚ ਸਹਾਈ ਹੁੰਦੇ ਹਨ। ਬਿੰਬਾਂ ਦੇ ਵਿਕਾਸ ਵਿਚੋਂ ਹੀ ਵਿਸ਼ਾ ਵਿਕਸਿਤ ਹੁੰਦਾ ਹੈ"।[1] ਸੋ ਕਿਸੇ ਭਾਵ ਜਾਂ ਵਿਚਾਰ ਨੂੰ ਰੂਪਮਾਨ ਕਰਨਾ ਹੀ ਕਾਵਿ ਬਿੰਬ ਦਾ ਮੂਲ ਮਕਸਦ ਹੁੰਦਾ ਹੈ। ਕਿਸੇ ਕਵਿਤਾ ਵਿਚ ਪ੍ਰਸਤੁਤ ਭਾਵ ਜਾਂ ਵਿਚਾਰ ਹੀ ਉਸ ਦਾ ਵਿਸ਼ਾ ਹੁੰਦੇ ਹਨ। ਇਸ ਤਰ੍ਹਾਂ ਵਿਸ਼ੇ ਦੇ ਨਿਰੂਪਣ ਤੋਂ ਬਿਨਾਂ ਬਿੰਬ-ਸਿਰਜਣਾ ਨੂੰ ਨਿਰਮੂਲ ਵੀ ਕਹਿ ਦਈਏ ਤਾਂ ਗਲਤ ਨਹੀਂ ਹੋਵੇਗਾ। ਬਿੰਬ ਨਿਰੋਲ ਬਿੰਬ ਦੀ ਖਾਤਰ ਅਰਥਾਤ ਸਵੈ-ਪਰਦਰਸ਼ਨ ਲਈ ਨਹੀਂ ਸਿਰਜਿਆ ਜਾਂਦਾ ਸਗੋਂ ਇਸ ਦੀ ਸਿਰਜਣਾ ਕਿਸੇ ਭਾਵ ਜਾਂ ਵਿਚਾਰ ਅਰਥਾਤ ਵਿਸ਼ੇ ਦੀ ਪ੍ਰਦਰਸ਼ਨੀ ਕਰਨ ਲਈ ਕੀਤੀ ਜਾਂਦੀ ਹੈ। ਸਫ਼ਲ ਬਿੰਬਾਵਲੀ ਉਹ ਕਹੀ ਜਾ ਸਕਦੀ ਹੈ ਜੋ ਭਾਵਾਂ ਜਾਂ ਵਿਚਾਰਾਂ ਰੂਪੀ ਵਿਸ਼ੇ ਨਾਲ ਓਤਪੋਤ ਹੋਵੇ। ਹੱਥਲੇ ਪੰਨਿਆਂ ਵਿਚ ਅਸੀਂ ਬਾਬਾ ਫ਼ਰੀਦ ਦੀ ਬਿੰਬਾਵਲੀ ਦਾ ਏਸੇ ਪੱਖੋਂ ਅਧਿਐਨ ਕਰਨਾ ਹੈ ਕਿ ਇਹ ਉਸ ਦੇ ਵਿਸ਼ੇ ਪ੍ਰਗਟਾਉਣ ਵਿਚ ਕਿਸ ਹੱਦ ਤੱਕ ਸਫ਼ਲ ਹੋਈ ਹੈ।

ਬਾਬਾ ਫ਼ਰੀਦ ਦੀ ਸਮੁੱਚੀ ਰਚਨਾ ਉਪਰ ਨਜ਼ਰ ਮਾਰੀਏ ਤਾਂ ਪਤਾ ਚਲਦਾ ਹੈ ਕਿ ਉਸ ਨੇ ਆਪਣੇ ਭਾਵਾਂ ਤੇ ਵਿਚਾਰਾਂ ਨੂੰ ਵਧੇਰੇ ਕਰ ਕੇ ਬਿੰਬਾਂ ਦੇ ਮਾਧਿਅਮ ਰਾਹੀਂ ਹੀ ਪ੍ਰਗਟਾਇਆ ਹੈ। "ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਬਾ ਫ਼ਰੀਦ ਦੇ ਸ਼ਬਦਾਂ ਅਤੇ ਸ਼ਲੋਕਾਂ ਦਾ ਅਧਿਐਨ ਦਸਦਾ ਹੈ ਕਿ ਉਸ ਦੀ ਸ਼ੈਲੀ ਵਧੇਰੇ ਕਰ ਕੇ ਬਿੰਬਮਈ ਹੀ ਹੈ। ਉਹ ਆਪਣੇ ਵਿਚਾਰ ਨੂੰ ਕਿਸੇ ਅਲੰਕਾਰ ਜਾਂ ਪ੍ਰਤੀਕ ਰਾਹੀਂ ਹੀ ਬਿੰਬਾਕਣ ਕਰਦਾ ਹੈ"।[2] ਪਰਮਾਤਮਾ ਜਾਂ ਪ੍ਰਭੂ, ਪ੍ਰਭੂ-ਪਿਆਰ, ਪ੍ਰਭੂ ਦੀ ਬੰਦਗੀ, ਗੁਰੂ ਜਾਂ ਮੁਰਸ਼ਦ ਦੀ ਸ਼ਰਨ, ਦਰਵੇਸ਼ ਤੇ ਦਰਵੇਸ਼ੀ, ਜੀਵਨ ਦੀ ਨਾਸ਼ਮਾਨਤਾ ਜਾਂ ਬੁਢਾਪਾ ਅਤੇ ਮੌਤ, ਮਨੁੱਖੀ ਸਦਾਚਾਰ ਜਾਂ ਨੈਤਿਕਤਾ ਆਦਿ ਬਾਬਾ ਫ਼ਰੀਦ ਜੀ ਦੀ ਰਚਨਾ ਦੇ ਪ੍ਰਮੁੱਖ ਵਿਸ਼ੇ ਹਨ। ਹੁਣ ਅਸੀਂ ਇਕੱਲੇ ਇਕੱਲੇ ਵਿਸ਼ੇ ਨੂੰ ਲੈ ਕੇ ਇਹ ਅਧਿਐਨ ਕਰਾਂਗੇ ਕਿ ਬਾਬਾ ਫ਼ਰੀਦ ਨੇ ਬਿੰਬਾਵਲੀ ਦੇ ਮਾਧਿਅਮ ਰਾਹੀਂ ਆਪਣੇ ਵਿਸ਼ਿਆਂ ਨੂੰ ਕਿੰਨੀ ਕੁ ਸਫ਼ਲਤਾ ਸਹਿਤ ਰੂਪਮਾਨ ਕੀਤਾ ਹੈ।



Marfat.com

### ੳ) ਪ੍ਰਭੂ ਜਾਂ ਪਰਮਾਤਮਾ (ਖ਼ੁਦਾ)

ਬਾਬਾ ਫ਼ਰੀਦ ਇਕ ਖ਼ੁਦਾ ਵਿਚ ਵਿਸ਼ਵਾਸ ਰੱਖਣ ਵਾਲੇ ਆਸਤਕ ਵਿਅਕਤੀ ਅਤੇ ਸੂਫ਼ੀ ਫ਼ਕੀਰ ਹਨ। ਬਾਬਾ ਫ਼ਰੀਦ ਅਨੁਸਾਰ ਪਰਮਾਤਮਾ ਸਭ ਦਾ ਪਾਲਣਹਾਰ ਹੈ, ਅਪਹੁੰਚ ਹੈ, ਬੇਅੰਤ ਹੈ ਤੇ ਉਸ ਦਾ ਪਾਰਾਵਾਰ ਨਹੀਂ ਪਾਇਆ ਜਾ ਸਕਦਾ। ਪਰਮਾਤਮਾ ਵਾਸਤੇ ਬਾਬਾ ਫ਼ਰੀਦ ਨੇ ਸੰਗਿਆ ਰੂਪ ਵਿਚ ਅਤੇ ਵਿਸ਼ੇਸ਼ਣ ਰੂਪ ਵਿਚ ਅਲਹ, ਰੱਬ, ਖ਼ੁਦਾ, ਪ੍ਰਭੂ, ਖਾਲਕ (ਰਚਣਹਾਰ), ਪਰਵਰਦਗਾਰ (ਪਾਲਣਹਾਰ), ਅਪਾਰ, ਅਗੰਮ, ਬੇਅੰਤ, ਕ੍ਰਿਪਾਲ, ਸਹੁ, ਸਾਈਂ, ਸਾਹਿਬ, ਪ੍ਰੀਤਮ, ਪਿਰ, ਸੱਜਣ, ਕੰਤ, ਸਚਾ ਧਣੀ ਆਦਿ ਸੰਕਲਪਾਂ ਤੇ ਪਦਾਂ ਦੀ ਵਰਤੋਂ ਕੀਤੀ ਹੈ। ਸੋ "ਹੋਰ ਅਧਿਆਤਮਕ ਚਿੰਤਕਾਂ ਵਾਂਗ ਫ਼ਰੀਦ-ਬਾਣੀ ਵਿਚ ਵੀ ਰੱਬ ਜਾਂ ਪਰਮ ਸੱਤਾ ਬਾਰੇ ਸਪਸ਼ਟ ਉਲੇਖ ਮਿਲਦਾ ਹੈ। ਸੱਚ ਤਾਂ ਇਹ ਹੈ ਕਿ ਬਾਬਾ ਫ਼ਰੀਦ ਲਈ ਪਰਮਾਤਮਾ ਚਿੰਤਨ ਦਾ ਵਿਸ਼ਾ ਹੀ ਨਹੀਂ ਸਗੋਂ ਚਿਤਵਨ ਦਾ ਇਸ਼ਟ ਹੈ ਜੋ ਉਨ੍ਹਾਂ ਦੀ ਸ਼ਖਸੀਅਤ ਅੰਦਰ ਰਹੱਸਵਾਦੀ ਜਗਿਆਸਾ ਨੂੰ ਸਦਾ ਤਤਪਰ ਰੱਖਦਾ ਹੈ"।[3]

ਏਥੇ ਅਸੀਂ ਪਰਮਾਤਮਾ ਦੇ ਸਰੂਪ ਜਾਂ ਸੁਭਾਅ ਦੇ ਕੇਵਲ ਉਸ ਪੱਖ ਉਪਰ ਹੀ ਵਿਚਾਰ ਕਰਨੀ ਹੈ ਜਿਹੜਾ ਪੱਖ ਕਵੀ ਨੇ ਆਪਣੀ ਬਿੰਬਾਵਲੀ ਰਾਹੀਂ ਰੂਪਮਾਨ ਕੀਤਾ ਹੈ। ਪਰਮਾਤਮਾ ਦੇ ਬਾਹਰਮੁਖੀ ਸਰੂਪ ਜਾਂ ਸੁਭਾਅ ਦੇ ਜਿਹੜੇ ਲੱਛਣ ਕੇਵਲ ਸਾਧਾਰਨ ਕਾਵਿ-ਕਥਨਾਂ ਰਾਹੀਂ ਅੰਕਿਤ ਕੀਤੇ ਗਏ ਹਨ ਉਨ੍ਹਾਂ ਉਪਰ ਚਰਚਾ ਕਰਨ ਤੋਂ ਗੁਰੇਜ ਕੀਤਾ ਜਾਵੇਗਾ।

ਬਾਬਾ ਫ਼ਰੀਦ ਅਨੁਸਾਰ ਰੱਬ ਬਹੁਤ ਹੀ ਮਿੱਠੀ ਸੀਰਤ ਦਾ ਸੁਆਮੀ ਹੈ। ਉਸ ਦੀ ਸੀਰਤ ਇੰਨੀ ਮਿੱਠੀ ਹੈ ਕਿ ਦੁਨੀਆਂ ਦੀ ਮਿੱਠੀ ਤੋਂ ਮਿੱਠੀ ਵਸਤੂ ਵੀ ਉਸ ਦਾ ਮੁਕਾਬਲਾ ਨਹੀਂ ਕਰ ਸਕਦੀ। ਇਸ ਭਾਵ ਨੂੰ ਬਾਬਾ ਫ਼ਰੀਦ ਨੇ ਹੇਠਲੇ ਸ਼ਲੋਕ ਵਿਚ ਸਿਰਜੇ ਸਵਾਦ-ਬਿੰਬ ਰਾਹੀਂ ਇਉਂ ਪੇਸ਼ ਕੀਤਾ ਹੈ :

ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉ ਮਾਝਾ ਦੁਧੁ ॥
ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ ॥

(ਆਦਿ ਗ੍ਰੰਥ, ਪੰਨਾ 1379)

ਇਕ ਹੋਰ ਸ਼ਲੋਕ ਵਿਚ ਰੱਬ ਨੂੰ ਪੱਕੀ ਹੋਈ ਖਜੂਰ ਅਤੇ ਸ਼ਹਿਦ ਦੀ ਨਦੀ ਦੇ ਰੂਪਕ ਬਿੰਬ ਰਾਹੀਂ ਰੂਪਮਾਨ ਕੀਤਾ ਗਿਆ ਹੈ :

ਫਰੀਦਾ ਰਬ ਖਜੂਰੀ ਪੱਕੀਆਂ ਮਾਖਿਅ ਨਈ ਵਹੰਨਿ ॥

(ਆਦਿ ਗ੍ਰੰਥ, ਪੰਨਾ 1382)

ਰੱਬ ਦਾ ਨਿਵਾਸ ਕਿਥੇ ਹੈ? ਬਾਬਾ ਫ਼ਰੀਦ ਅਨੁਸਾਰ ਰੱਬ ਜੰਗਲਾਂ ਵਿਚ ਨਹੀਂ ਵਸਦਾ। ਮਨੁੱਖ ਦਾ ਹਿਰਦਾ ਹੀ ਰੱਬ ਦਾ ਨਿਵਾਸ ਸਥਾਨ ਹੈ। ਇਸ ਵਿਚਾਰ ਨੂੰ ਕਵੀ ਨੇ ਆਪਣੀ ਬਾਣੀ ਵਿਚ ਸਿਰਜੇ ਕਈ ਦ੍ਰਿਸ਼-ਬਿੰਬਾਂ ਦੀ ਮਦਦ ਨਾਲ ਮੂਰਤੀਮਾਨ ਕੀਤਾ ਹੈ :



Marfat.com

1. ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ ॥
ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ ॥

(ਆਦਿ ਗ੍ਰੰਥ, ਪੰਨਾ 1378)

2. ਕਾਗਾ ਚੂੰਡਿ ਨ ਪਿੰਜਰਾ ਬਸੈ ਤ ਉਡਰਿ ਜਾਹਿ ॥
ਜਿਤੁ ਪਿੰਜਰੈ ਮੇਰਾ ਸਹੁ ਵਸੈ ਮਾਸੁ ਨ ਤਿਦੂ ਖਾਹਿ ॥

(ਆਦਿ ਗ੍ਰੰਥ, ਪੰਨਾ 1382)

ਬਾਬਾ ਫ਼ਰੀਦ ਨੇ ਆਤਮਾ ਅਤੇ ਪਰਮਾਤਮਾ ਦੇ ਅਧਿਆਤਮਕ ਰਿਸ਼ਤੇ ਨੂੰ ਵਧੇਰੇ ਸਪੱਸ਼ਟ ਅਤੇ ਸਮਝਣਯੋਗ ਬਣਾਉਣ ਲਈ ਇਸ ਨੂੰ ਦੁਨਿਆਵੀ ਪੱਧਰ ਉੱਤੇ ਪੇਸ਼ ਕੀਤਾ ਹੈ। ਉਸ ਨੇ ਜੀਵ-ਆਤਮਾ ਲਈ ਪਤਨੀ ਦਾ ਬਿੰਬ ਅਤੇ ਪਰਮਾਤਮਾ ਵਾਸਤੇ ਪਤੀ ਜਾਂ ਕੰਤ ਦਾ ਬਿੰਬ ਪ੍ਰਯੁਕਤ ਕੀਤਾ ਹੈ। ਸੁਹਾਗਣ ਜੀਵ-ਆਤਮਾਵਾਂ ਲਈ ਤਾਂ ਪ੍ਰਭੂ-ਪਤੀ ਤੋਂ ਬਗੈਰ ਇਕ ਰਾਤ ਕੱਟਣੀ ਵੀ ਮੁਸ਼ਕਿਲ ਹੋ ਜਾਂਦੀ ਹੈ, ਜਿਨ੍ਹਾਂ ਡੁਹਾਗਣ ਜੀਵ-ਇਸਤ੍ਰੀਆਂ ਨੂੰ ਸਾਰੀ ਜ਼ਿੰਦਗੀ ਪ੍ਰਭੂ-ਪਤੀ ਦਾ ਪਿਆਰ ਪ੍ਰਾਪਤ ਨਹੀਂ ਹੁੰਦਾ ਉਨ੍ਹਾਂ ਦੀ ਜੀਵਨ ਰੂਪੀ ਰਾਤ ਕਿਵੇਂ ਬੀਤਦੀ ਹੈ, ਇਹ ਤਾਂ ਉਨ੍ਹਾਂ ਤੋਂ ਹੀ ਪੁਛਿਆ ਜਾਣੀਏ :

ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ ॥
ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣ ਵਿਹਾਇ ॥

(ਆਦਿ ਗ੍ਰੰਥ, ਪੰਨਾ 1379)

ਬਾਬਾ ਫ਼ਰੀਦ ਨੇ ਪ੍ਰਭੂ-ਪਤੀ ਦੇ ਸੁਭਾਅ ਦਾ ਇਕ ਲੱਛਣ ਬੇਪ੍ਰਵਾਹੀ ਵੀ ਦੱਸਿਆ ਹੈ ਜਿਸ ਨੂੰ ਨੱਢੜਾ ਦੇ ਬਿੰਬ ਰਾਹੀਂ ਰੂਪਮਾਨ ਕੀਤਾ ਗਿਆ ਹੈ :

ਫਰੀਦਾ ਜੇ ਜਾਣਾਂ ਤਿਲ ਥੋੜੜੇ ਸੰਮਲਿ ਬੁਕੁ ਭਰੀ ॥
ਜੇ ਜਾਣਾ ਸਹੁ ਨੰਢੜਾ ਤਾ ਥੋੜਾ ਮਾਣੁ ਕਰੀ ॥

(ਆਦਿ ਗ੍ਰੰਥ, ਪੰਨਾ 1378)

ਇਸਲਾਮੀ ਧਰਮ ਵਿਸ਼ਵਾਸ ਅਨੁਸਾਰ ਕਿਆਮਤ ਵਾਲੇ ਦਿਨ ਰੱਬ ਆਪਣੇ ਹਜ਼ੂਰੀ ਸਥਾਨ ਦਰਗਾਹ ਵਿਚ ਜੀਵ-ਆਤਮਾ ਪਾਸੋਂ ਉਹਦੇ ਚੰਗੇ ਮੰਦੇ ਕਰਮਾਂ ਦਾ ਲੇਖਾ ਮੰਗਦਾ ਹੈ ਤੇ ਉਨ੍ਹਾਂ ਦੇ ਅਨੁਸਾਰ ਮਨੁੱਖੀ ਰੂਹ ਨੂੰ ਜੰਨਤ ਜਾਂ ਦੋਜ਼ਖ਼ ਬਖਸ਼ਦਾ ਹੈ। ਬਾਬਾ ਫਰੀਦ ਨੇ ਇਸ ਇਸਲਾਮੀ ਧਰਮ ਵਿਸ਼ਵਾਸ ਦਾ ਸਮਰਥਨ ਕਰਦਿਆਂ ਰੱਬ ਲਈ ਇਕ ਸਰਵਉੱਚ ਨਿਰਣਾਇਕ ਦਾ ਬਿੰਬ ਵੀ ਪ੍ਰਯੁਕਤ ਕੀਤਾ ਹੈ :

1. ਫਰੀਦਾ ਚਾਰਿ ਗਵਾਇਆ ਹੰਢਿ ਕੈ ਚਾਰਿ ਗਵਾਇਆ ਸੰਮਿ ॥
ਲੇਖਾ ਰੱਬੁ ਮੰਗੇਸੀਆ ਤੂ ਆਹੋ ਕੇਰ੍ਹੇ ਕੰਮਿ ॥

(ਆਦਿ ਗ੍ਰੰਥ, ਪੰਨਾ 1379)

2. ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ ॥

(ਆਦਿ ਗ੍ਰੰਥ, ਪੰਨਾ 1381)



Marfat.com

## ਅ) ਪ੍ਰਭੂ-ਪਿਆਰ ਜਾਂ ਰੱਬੀ ਇਸ਼ਕ

'ਪਿਆਰ' ਦਾ ਸਥਾਈ ਜਜ਼ਬਾ ਸ਼ੁਰੂ ਤੋਂ ਹੀ ਮਨੁੱਖ ਦੇ ਦਿਲ ਵਿਚ ਸਮਾਇਆ ਹੋਇਆ ਹੈ। ਸੂਫ਼ੀ ਵਿਚਾਰਧਾਰਾ ਅਨੁਸਾਰ ਪਰਮਾਤਮਾ ਨੂੰ ਪਾਉਣ ਦਾ ਸੌਖਾ ਰਸਤਾ ਪਿਆਰ ਜਾਂ ਇਸ਼ਕ ਹੀ ਹੈ। ਇਸ਼ਕ ਦੋ ਤਰ੍ਹਾਂ ਦਾ ਹੈ – ਇਸ਼ਕ ਮਜਾਜ਼ੀ ਅਤੇ ਇਸ਼ਕ ਹਕੀਕੀ। ਇਸ਼ਕ ਮਜਾਜ਼ੀ ਨੂੰ ਇਸ਼ਕ ਹਕੀਕੀ ਦੀ ਪਹਿਲੀ ਪੌੜੀ ਸਵੀਕਾਰ ਕੀਤਾ ਜਾਂਦਾ ਹੈ। ਪਰ ਬਾਬਾ ਫ਼ਰੀਦ ਨਿਰੋਲ ਇਸ਼ਕ ਹਕੀਕੀ ਵਿਚ ਵਿਸ਼ਵਾਸ ਰੱਖਦਾ ਹੈ। ਉਸ ਦੀ ਬਾਣੀ ਵਿਚ ਇਸ਼ਕ ਮਜਾਜ਼ੀ ਦੀ ਥਾਂ ਇਸ਼ਕ ਹਕੀਕੀ ਨੂੰ ਹੀ ਰੂਪਮਾਨ ਕੀਤਾ ਗਿਆ ਹੈ।[4] ਸ਼ਾਹ ਹੁਸੈਨ ਅਤੇ ਬੁੱਲ੍ਹੇ ਸ਼ਾਹ ਨੇ ਜਗਿਆਸੂ ਅਤੇ ਪਰਮਾਤਮਾ ਦੇ ਪਿਆਰ-ਸੰਬੰਧਾਂ ਨੂੰ ਆਸ਼ਕ ਤੇ ਮਾਸ਼ੂਕ ਦੇ ਪ੍ਰਤੀਕਾਂ ਰਾਹੀਂ ਪੇਸ਼ ਕੀਤਾ ਹੈ ਪਰ ਬਾਬਾ ਫ਼ਰੀਦ ਨੇ ਇਸ ਪ੍ਰੇਮ ਰਿਸ਼ਤੇ ਨੂੰ ਪਤੀ-ਪਤਨੀ ਦੇ ਪ੍ਰਤੀਕਾਂ ਰਾਹੀਂ ਰੂਪਮਾਨ ਕੀਤਾ ਹੈ। ਉਸ ਨੇ ਜੀਵ-ਆਤਮਾ ਲਈ ਪਤਨੀ, ਪ੍ਰਭੂ ਲਈ ਪਤੀ, ਇਸ ਦੁਨੀਆਂ ਲਈ ਪੇਕੇ-ਘਰ ਅਤੇ ਅਗਲੀ ਦੁਨੀਆਂ ਲਈ ਸਹੁਰਾ-ਘਰ ਦੇ ਬਿੰਬ ਪ੍ਰਯੁਕਤ ਕੀਤੇ ਹਨ :

1. ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ ॥
   ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ ॥

(ਆਦਿ ਗ੍ਰੰਥ, ਪੰਨਾ 1379)

2. ਸਾਹੁਰੈ ਢੋਈ ਨ ਲਹੈ ਪੇਈਐ ਨਾਹੀ ਥਾਉ ॥
   ਪਿਰ ਵਾਤੜੀ ਨ ਪੁਛਈ ਧਨ ਸੋਹਾਗਣਿ ਨਾਉ ॥

(ਆਦਿ ਗ੍ਰੰਥ, ਪੰਨਾ 1379)

ਇਸ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਬਾਬਾ ਫ਼ਰੀਦ ਨੇ ਪ੍ਰਭੂ ਨਾਲ ਆਪਣੇ ਜਾਂ ਜਗਿਆਸੂ ਦੇ ਪਿਆਰ-ਸੰਬੰਧ ਨੂੰ ਰੂਪਮਾਨ ਕਰਨ ਲਈ ਬਿੰਬਾਵਲੀ ਨੂੰ ਆਧਾਰ ਬਣਾਇਆ ਹੈ।

ਪ੍ਰਭੂ-ਪਿਆਰ ਤੋਂ ਬਗ਼ੈਰ ਮਨੁੱਖੀ ਜੋਬਨ ਤੇ ਜਵਾਨੀ ਵਿਅਰਥ ਹਨ। ਪ੍ਰਭੂ-ਪਿਆਰ ਤੋਂ ਬਿਨਾਂ ਜੋਬਨ ਦੀ ਕਲੀ ਫੁੱਲਾਂ ਲੱਦੀ ਹਰੀ ਸ਼ਾਖ ਕੁਮਲਾ ਕੇ ਰਹਿ ਜਾਂਦੀ ਹੈ। ਇਸ ਭਾਵ ਨੂੰ ਕਵੀ ਨੇ ਕਿੰਨੀ ਸੁੰਦਰ ਬਿੰਬਾਵਲੀ ਰਾਹੀਂ ਪ੍ਰਸਤੁਤ ਕੀਤਾ ਹੈ :

ਜੋਬਨ ਜਾਂਦੇ ਨਾ ਡਰਾਂ ਜੇ ਸਹ ਪ੍ਰੀਤਿ ਨ ਜਾਇ ॥
ਫਰੀਦਾ ਕਿਤੀ ਜੋਬਨ ਪ੍ਰੀਤਿ ਬਿਨੁ ਸੁਕਿ ਗਏ ਕੁਮਲਾਇ ॥

(ਆਦਿ ਗ੍ਰੰਥ, ਪੰਨਾ 1379)

ਕੋਈ ਜੀਵ-ਇਸਤ੍ਰੀ ਨਹਾ ਧੋ ਕੇ ਭਾਵੇਂ ਕਿੰਨਾ ਹਾਰ-ਸ਼ਿੰਗਾਰ ਕਰ ਲਵੇ, ਜੇਕਰ ਉਹ ਆਪਣੇ ਪ੍ਰਭੂ-ਪ੍ਰੀਤਮ ਵਲੋਂ ਅਵੇਸਲੀ ਰਹਿੰਦੀ ਹੈ ਤਾਂ ਉਸ ਦੇ ਸਰੀਰ ਵਿਚੋਂ ਸੁਗੰਧ ਤਾਂ ਕੀ, ਦੁਰਗੰਧ ਆਉਂਦੀ ਹੈ। ਇਹ ਭਾਵ ਹੇਠਲੇ ਸ਼ਲੋਕ ਵਿਚ ਸਿਰਜੇ ਗੰਧ-ਬਿੰਬ ਰਾਹੀਂ ਬੜੀ ਸੁਹਣੀ ਤਰ੍ਹਾਂ ਰੂਪਮਾਨ ਕੀਤਾ ਗਿਆ ਹੈ :



Marfat.com

ਨਾਤੀ ਧੋਤੀ ਸੰਬਹੀ ਸੁਤੀ ਆਇ ਨਚਿੰਦੁ ॥
ਫਰੀਦਾ ਰਹੀ ਸੁ ਬੇੜੀ ਹਿੰਙੁ ਦੀ ਗਈ ਕਥੂਰੀ ਗੰਧੁ ॥

(ਆਦਿ ਗ੍ਰੰਥ, ਪੰਨਾ 1379)

ਬਾਬਾ ਫ਼ਰੀਦ ਅਨੁਸਾਰ ਜਿਸ ਪਿਆਰ ਵਿਚ ਲਾਲਚ ਜਾਂ ਗਰਜ਼ ਤੇ ਸੁਆਰਥ ਦੀ ਭਾਵਨਾ ਹੋਵੇ ਉਹ ਪਿਆਰ ਝੂਠਾ ਹੈ ਤੇ ਜ਼ਿਆਦਾ ਦੇਰ ਨਹੀਂ ਨਿਭ ਸਕਦਾ। ਇਸ ਵਿਚਾਰ ਦੀ ਪੁਸ਼ਟੀ ਲਈ ਉਸ ਨੇ ਬੜੇ ਹੀ ਢੁੱਕਵੇਂ ਦ੍ਰਿਸ਼ਟਾਂਤ-ਬਿੰਬ ਦੀ ਚੋਣ ਕੀਤੀ ਹੈ :

ਫਰੀਦਾ ਜਾ ਲਬੁ ਤਾ ਨੇਹੁ ਕਿਆ ਲਬੁ ਤ ਕੂੜਾ ਨੇਹੁ ॥
ਕਿਚਰੁ ਝਤਿ ਲਘਾਈਐ ਛਪਰਿ ਤੁਟੈ ਮੇਹੁ ॥

(ਆਦਿ ਗ੍ਰੰਥ, ਪੰਨਾ 1378)

ਪ੍ਰਭੂ-ਪਤੀ ਦਾ ਪਿਆਰ ਹਾਸਲ ਕਰਨ ਲਈ ਜੀਵ-ਇਸਤ੍ਰੀ ਹਰ ਰੰਗ ਵਿਚ ਰਹਿਣ ਲਈ ਰਾਜ਼ੀ ਹੋ ਜਾਂਦੀ ਹੈ, ਹਰ ਦੁੱਖ ਮੁਸੀਬਤ ਸਹਿਣ ਲਈ ਤਿਆਰ ਰਹਿੰਦੀ ਹੈ ਬਸ਼ਰਤੇ ਕਿ ਉਸ ਦਾ ਪ੍ਰੀਤਮ ਉਸ ਨੂੰ ਮਿਲ ਜਾਵੇ। ਜਗਿਆਸੂ ਦੀ ਇਹ ਤੀਬਰ ਭਾਵਨਾ ਵੀ ਫ਼ਰੀਦ-ਬਾਣੀ ਵਿਚ ਵੰਨ-ਸੁਵੰਨੇ ਬਿੰਬਾਂ ਰਾਹੀਂ ਮੂਰਤੀਮਾਨ ਕੀਤੀ ਮਿਲਦੀ ਹੈ :

1. ਫਰੀਦਾ ਪਾੜਿ ਪਟੋਲਾ ਧਜ ਕਰੀ ਕੰਬਲੜੀ ਪਹਿਰੇਉ ॥
ਜਿਨੀ ਵੇਸੀ ਸਹੁ ਮਿਲੈ ਸੇਈ ਵੇਸ ਕਰੇਉ ॥

(ਆਦਿ ਗ੍ਰੰਥ, ਪੰਨਾ 1383)

2. ਤਨ ਤਪੈ ਤਨੂਰ ਜਿਉ ਬਾਲਣਿ ਹਡ ਬਲੰਨਿ ॥
ਪੈਰੀ ਥਕਾਂ ਸਿਰਿ ਜੁਲਾਂ ਜੇ ਮੂੰ ਪਿਰੀ ਮਿਲੰਨਿ ॥

(ਆਦਿ ਗ੍ਰੰਥ, ਪੰਨਾ 1384)

ਮਨੁੱਖ ਜਿਸ ਨੂੰ ਪਿਆਰ ਕਰਦਾ ਹੋਵੇ ਉਸ ਦੇ ਦੀਦਾਰ ਕਰਨ ਦੀ ਤਾਂਘ ਉਸ ਨੂੰ ਹਮੇਸ਼ਾ ਲੱਗੀ ਰਹਿੰਦੀ ਹੈ। ਪਿਆਰੇ ਦੇ ਦਰਸ਼ਨਾਂ ਦੀ ਆਸ ਮਰਦੇ ਦਮ ਤਕ ਵੀ ਉਸ ਦੇ ਮਨ ਵਿਚੋਂ ਨਹੀਂ ਜਾਂਦੀ। ਜੀਵ-ਇਸਤ੍ਰੀ ਦੀ ਆਪਣੇ ਪ੍ਰਭੂ-ਪ੍ਰੀਤਮ ਦੇ ਦੀਦਾਰ ਕਰਨ ਦੀ ਤਾਂਘ ਇਸ ਤੋਂ ਵੱਧ ਹੋਰ ਕਿਹੜੇ ਬਿੰਬ ਨਾਲ ਪ੍ਰਗਟ ਕੀਤੀ ਜਾ ਸਕਦੀ ਹੈ :

ਕਾਗਾ ਕਰੰਗ ਢਢੋਲਿਆ ਸਗਲਾ ਖਾਇਆ ਮਾਸੁ ॥
ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ ॥

(ਆਦਿ ਗ੍ਰੰਥ, ਪੰਨਾ 1382)

ਪ੍ਰਭੂ ਜੋ ਅਪਾਰ ਹੈ, ਅਗਮ ਹੈ, ਬੇਅੰਤ ਹੈ, ਸਾਰੇ ਜੱਗ ਵਿਚ ਜਿਸ 'ਜੇਵਡ' ਕੋਈ ਨਹੀਂ, ਉਸ ਨੂੰ ਮਿਲਣਾ ਜਾਂ ਪ੍ਰਾਪਤ ਕਰਨਾ ਵੀ ਏਡਾ ਸੁਖਾਲਾ ਨਹੀਂ ਹੈ। ਪ੍ਰੇਮ ਦੀ ਘਾਟੀ ਨੂੰ ਪਾਰ ਕਰਨਾ ਡਾਢਾ ਔਖਾ ਹੈ। ਇਕ ਪਾਸੇ ਆਪਣੇ ਪ੍ਰੀਤਮ ਦਾ ਪਿਆਰ ਤੇ ਦੂਜੇ ਪਾਸੇ ਰਾਹ ਦੀਆਂ ਔਕੜਾਂ। ਮਨ ਦੁਬਿਧਾ ਵਿਚ ਫਸ ਜਾਂਦਾ ਹੈ। ਬਾਬਾ ਫ਼ਰੀਦ ਨੇ ਇਸ ਮਨੋ-ਸਥਿਤੀ ਅਤੇ ਪ੍ਰਭੂ-ਪਿਆਰ ਦੇ ਰਸਤੇ ਦੀਆਂ ਔਕੜਾਂ, ਰੁਕਾਵਟਾਂ ਨੂੰ ਵੀ



Marfat.com

ਬਿੰਬਾਵਲੀ ਦਾ ਜਾਮਾ ਪਹਿਨਾ ਕੇ ਪ੍ਰਸਤੁਤ ਕੀਤਾ ਹੈ :

ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ ॥
ਚਲਾ ਤਾ ਭਿਜੈ ਕੰਬਲੀ ਰਹਾ ਤ ਤੁਟੈ ਨੇਹੁ ॥

(ਆਦਿ ਗ੍ਰੰਥ, ਪੰਨਾ 1379)

ਪਰ ਸੱਚੇ ਪ੍ਰੇਮ ਵਿਚ ਉਹ ਤਾਕਤ ਵਿਦਮਾਨ ਹੁੰਦੀ ਹੈ ਜੋ ਪ੍ਰੇਮੀ ਦੇ ਮਨ ਵਿਚੋਂ ਦੁਬਿਧਾ ਦੂਰ ਕਰ ਦਿੰਦੀ ਹੈ ਅਤੇ ਉਹ ਰਸਤੇ ਦੀ ਹਰ ਮੁਸੀਬਤ ਦਾ ਸਾਹਮਣਾ ਕਰਦਿਆਂ ਆਪਣੇ ਪ੍ਰੀਤਮ ਨੂੰ ਮਿਲਣ ਦਾ ਦ੍ਰਿੜ੍ਹ ਸੰਕਲਪ ਕਰ ਲੈਂਦਾ ਹੈ। ਪ੍ਰਭੂ ਦੇ ਪ੍ਰੇਮੀ-ਭਗਤ, ਪ੍ਰੇਮ ਦੇ ਰਸਤੇ ਦੀ ਹਰ ਔਕੜ ਨੂੰ ਪ੍ਰਭੂ ਵਲੋਂ ਹੀ ਦਿੱਤੀ ਹੋਈ ਦਾਤ ਸਮਝ ਕੇ ਖਿੜੇ ਮੱਥੇ ਸਹਾਰਦੇ ਹਨ। ਕਿਸੇ ਕੀਮਤ ਉੱਤੇ ਵੀ ਉਹ ਪ੍ਰਭੂ ਨਾਲੋਂ ਆਪਣਾ ਪਿਆਰ-ਨਾਤਾ ਨਹੀਂ ਤੋੜਨਾ ਚਾਹੁੰਦੇ। ਉਨ੍ਹਾਂ ਦੀ ਇਹ ਭਾਵਨਾ ਵੀ ਫ਼ਰੀਦ-ਬਾਣੀ ਵਿਚ ਬਿੰਬ ਬਣ ਕੇ ਪ੍ਰਗਟ ਹੋਈ ਹੈ :

ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ ॥
ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ ॥

(ਆਦਿ ਗ੍ਰੰਥ, ਪੰਨਾ 1379)

### ੲ) ਬੰਦਗੀ ਜਾਂ ਨਾਮ-ਸਿਮਰਨ (ਇਬਾਦਤ)

ਡਾ. ਤਾਰਨ ਸਿੰਘ ਅਨੁਸਾਰ "ਫ਼ਰੀਦ ਜੀ ਦੇ ਚਿੰਤਨ ਦੀ ਪਹਿਲੀ ਬੁਨਿਆਦੀ ਚੀਜ਼ ਬੰਦਗੀ ਹੈ। ਉਨ੍ਹਾਂ ਪਰਵਰਦਗਾਰ ਤੋਂ ਬੰਦਗੀ ਦਾ ਖੈਰ ਮੰਗਿਆ ਹੈ। ਬੰਦਗੀ ਦਾ ਮਿਲਣਾ ਖੈਰ ਹੈ। ਖੈਰ ਦਾ ਭਾਵ ਭਿਛਿਆ ਹੈ। ਭਿਛਿਆ ਕਿਸੇ ਦਾਅਵੇ ਜਾਂ ਹੱਕ ਕਰਕੇ ਨਹੀਂ ਮਿਲਦੀ। ਕਿਸੇ ਦੇ ਦਰ ਤੇ ਢਹਿ ਪੈਣ ਨਾਲ ਮਿਲਦੀ ਹੈ—'ਤੇਰੀ ਪਨਹ ਖੁਦਾਇ' ਵਿਚੋਂ ਮਿਲਦੀ ਹੈ"।[5] ਬਾਬਾ ਫ਼ਰੀਦ ਨੇ ਬੰਦਗੀ ਲਈ ਖੈਰ ਦਾ ਬਿੰਬ ਵਰਤਿਆ ਹੈ ਤੇ ਇਹ ਖੈਰ ਉਸੇ ਜੀਵ ਨੂੰ ਮਿਲਦੀ ਹੈ ਜਿਸ ਉਪਰ ਪ੍ਰਭੂ ਦੀ ਮਿਹਰ ਹੋ ਜਾਵੇ :

ਤੇਰੀ ਪਨਹ ਖੁਦਾਇ ਤੂ ਬਖਸੰਦਗੀ ॥
ਸ਼ੇਖ ਫਰੀਦੈ ਖੈਰੁ ਦੀਜੈ ਬੰਦਗੀ ॥

(ਰਾਗ ਆਸਾ, ਆਦਿ ਗ੍ਰੰਥ, ਪੰਨਾ 488)

ਬੰਦਗੀ ਲਈ ਬਾਬਾ ਫਰੀਦ ਨੇ ਬੇੜੇ ਦਾ ਬਿੰਬ ਪ੍ਰਯੁਕਤ ਕੀਤਾ ਹੈ। ਇਹ ਬੰਦਗੀ ਰੂਪੀ ਬੇੜਾ ਹੀ ਮਨੁੱਖ ਨੂੰ ਵਿਸ਼ੇ-ਵਿਕਾਰਾਂ ਦੀਆਂ ਛੱਲਾਂ ਨਾਲ ਭਰੇ ਹੋਏ ਦੁਨਿਆਵੀ ਸਾਗਰ ਵਿਚੋਂ ਪਾਰ ਲੰਘਾ ਕੇ ਪ੍ਰਭੂ ਕੋਲ ਪਹੁੰਚਾਉਂਦਾ ਹੈ। ਜੇਕਰ ਇਹ ਬੇੜਾ ਸਮੇਂ ਸਿਰ ਨਾ ਬੰਨ੍ਹਿਆ ਜਾਵੇ ਤਾਂ ਦੁਨੀਆਂਦਾਰੀ ਦੇ ਸਰੋਵਰ ਨੂੰ ਪਾਰ ਕਰਨਾ ਮੁਸ਼ਕਿਲ ਹੋ ਜਾਂਦਾ ਹੈ :

ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ ॥
ਭਰਿ ਸਰਵਰੁ ਜਬ ਊਛਲੈ ਤਬ ਤਰਣੁ ਦੁਹੇਲਾ ॥

(ਰਾਗ ਸੂਹੀ, ਆਦਿ ਗ੍ਰੰਥ, ਪੰਨਾ 794)

ਬਾਬਾ ਫ਼ਰੀਦ ਅਨੁਸਾਰ ਜਿਹੜੇ ਜੀਵ ਪ੍ਰਭੂ ਦੀ ਬੰਦਗੀ ਵਿਚ ਲੀਨ ਰਹਿੰਦੇ ਹਨ



Marfat.com

ਉਹ ਉਸ ਦੇ ਹੀ ਰੰਗ ਵਿਚ ਰੰਗੇ ਜਾਂਦੇ ਹਨ। ਜੋ ਜੀਵ ਪ੍ਰਭੂ ਦਾ ਨਾਮ-ਸਿਮਰਨ ਅਰਥਾਤ ਬੰਦਗੀ ਨਹੀਂ ਕਰਦੇ ਉਨ੍ਹਾਂ ਨੂੰ ਕਵੀ ਨੇ ਇਸ ਧਰਤੀ ਉਪਰ ਕੇਵਲ ਭਾਰ ਮਾਤਰ ਕਰਾਰ ਦਿੱਤਾ ਹੈ :

ਰਤੇ ਇਸ਼ਕ ਖੁਦਾਇ ਰੰਗਿ ਦੀਦਾਰ ਕੇ ॥
ਵਿਸਰਿਆ ਜਿਨ ਨਾਮ ਤੇ ਭੁਇ ਭਾਰੁ ਥੀਏ ॥

(ਰਾਗ ਆਸਾ, ਆਦਿ ਗ੍ਰੰਥ, ਪੰਨਾ 488)

ਬੰਦਗੀ ਤੋਂ ਰਹਿਤ ਜੀਵਨ ਵਿਚੋਂ ਕਸਤੂਰੀ ਵਰਗੀ ਸੁਗੰਧ ਉੱਡ ਜਾਂਦੀ ਹੈ ਤੇ ਹਿੰਙ ਵਰਗੀ ਦੁਰਗੰਧ ਰਹਿ ਜਾਂਦੀ ਹੈ। ਬੰਦਗੀ ਤੋਂ ਬਿਨਾ ਜੀਵ-ਇਸਤ੍ਰੀ ਦਾ ਸਾਰਾ ਹਾਰ-ਸ਼ਿੰਗਾਰ ਨਿਸਫਲ ਹੈ। ਇਸ ਭਾਵ ਦਾ ਪ੍ਰਕਾਸ਼ਨ ਵੀ ਕਵੀ ਨੇ ਬਿੰਬ ਦੀ ਸਹਾਇਤਾ ਨਾਲ ਹੀ ਕੀਤਾ ਹੈ :

ਨਾਤੀ ਧੋਤੀ ਸੰਬਹੀ ਸੁਤੀ ਆਇ ਨਚਿੰਦੁ ॥
ਫਰੀਦਾ ਰਹੀ ਸੁ ਬੇੜੀ ਹਿੰਙੁ ਦੀ ਗਈ ਕਥੂਰੀ ਗੰਧ ॥

(ਆਦਿ ਗ੍ਰੰਥ, ਪੰਨਾ 1379)

ਜੋ ਜੀਵ ਪ੍ਰਭੂ ਦਾ ਨਾਮ-ਸਿਮਰਨ ਨਹੀਂ ਕਰਦੇ ਉਨ੍ਹਾਂ ਨੂੰ ਨਾ ਇਸ ਜਹਾਨ ਵਿਚ ਢੋਈ ਮਿਲਦੀ ਹੈ ਨਾ ਅਗਲੇ ਜਹਾਨ ਵਿਚ। ਉਨ੍ਹਾਂ ਦੀ ਤਰਸਯੋਗ ਹਾਲਤ ਨੂੰ ਬਾਬਾ ਫ਼ਰੀਦ ਨੇ ਹੇਠਲੇ ਸ਼ਲੋਕ ਵਿਚ ਸਿਰਜੇ ਭਿਆਨਕ ਦ੍ਰਿਸ਼-ਬਿੰਬ ਰਾਹੀਂ ਸੁਹਣੀ ਤਰ੍ਹਾਂ ਚਿਤਰਿਆ ਹੈ :

ਫਰੀਦਾ ਤਿਨਾ ਮੁਖ ਡਰਾਵਣੇ ਜਿਨਾ ਵਿਸਾਰਿਓਨੁ ਨਾਉ ॥
ਐਥੈ ਦੁਖ ਘਣੇਰਿਆ ਅਗੈ ਠਉਰ ਨ ਠਾਉ ॥

(ਆਦਿ ਗ੍ਰੰਥ, ਪੰਨਾ 1383)

ਇਸਲਾਮੀ ਸ਼ਰੀਅਤ ਵਿਚ ਸਲਾਤ ਅਰਥਾਤ ਨਮਾਜ਼ ਦਾ ਵਿਸ਼ੇਸ਼ ਸਥਾਨ ਸਵੀਕਾਰ ਕੀਤਾ ਗਿਆ ਹੈ। ਨਮਾਜ਼ ਅਦਾ ਕਰਨ ਦਾ ਬੰਦਗੀ ਵਿਚ ਵਿਸ਼ੇਸ਼ ਸਥਾਨ ਹੈ। "ਪੰਜਾਬੀ ਸੂਫ਼ੀ ਕਾਵਿ ਵਿਚ 'ਇਬਾਦਤ' ਨਾਲ ਸੰਬੰਧਿਤ ਪੰਜ ਕਰਤਵਾਂ—ਈਮਾਨ, ਸਲਾਤ, ਜ਼ਕਾਤ ਸੌਮ ਅਤੇ ਹੱਜ ਵਿਚੋਂ ਈਮਾਨ ਅਤੇ ਸਲਾਤ ਉਤੇ ਸਭ ਤੋਂ ਵੱਧ ਬਲ ਦਿੱਤਾ ਗਿਆ ਹੈ। .. ਈਮਾਨ ਅਥਵਾ ਇਕ ਖ਼ੁਦਾ ਵਿਚ ਵਿਸ਼ਵਾਸ ਸਭ ਤੋਂ ਪ੍ਰਮੁੱਖ ਹੈ ਅਤੇ ਸਲਾਤ ਦੁਆਰਾ ਇਕ ਸੂਫ਼ੀ ਅੱਲਹ ਨਾਲ ਸੰਬੰਧ ਸਥਾਪਿਤ ਕਰਨ ਦੇ ਯੋਗ ਹੋ ਜਾਂਦਾ ਹੈ। ਕੁਰਾਨ ਵਿਚ ਸਲਾਤ ਸੰਬੰਧੀ ਵਿਸਤ੍ਰਿਤ ਰੂਪ ਵਿਚ ਚਰਚਾ ਕੀਤੀ ਗਈ ਹੈ ਅਤੇ ਬਾਬਾ ਫ਼ਰੀਦ ਵੀ ਇਸ ਨੂੰ ਮਨੁੱਖ ਦੀਆਂ ਧਾਰਮਿਕ ਗਤਿਵਿਧੀਆਂ ਨਾਲ ਸੰਬੰਧਿਤ ਕਰਦਾ ਆਤਮ-ਸ਼ੁੱਧੀ ਅਤੇ ਆਤਮ-ਪ੍ਰਕਾਸ਼ ਵਾਸਤੇ ਆਵੱਸ਼ਕ ਸਮਝਦਾ ਹੈ"।[6] ਸੋ ਬਾਬਾ ਫ਼ਰੀਦ ਸ਼ਰੀਅਤ ਦਾ ਪਾਬੰਦ ਮੁਸਲਮਾਨ ਹੈ ਅਤੇ ਨਮਾਜ਼ ਨੂੰ ਬੰਦਗੀ ਦਾ ਇਕ ਅਟੁੱਟ ਅੰਗ ਮੰਨਦਾ ਹੈ। ਫ਼ਰੀਦ-ਬਾਣੀ ਵਿਚ ਜੀਵ ਨੂੰ ਪੰਜ ਵੇਲੇ ਮਸੀਤ ਵਿਚ ਜਾ ਕੇ ਨਮਾਜ਼ ਅਦਾ ਕਰਨ ਦੀ ਬੜੇ ਸਖ਼ਤ ਸ਼ਬਦਾਂ ਵਿਚ ਤਾੜਨਾ ਕੀਤੀ ਗਈ ਹੈ। ਨਮਾਜ਼ ਸੰਬੰਧੀ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕਰਨ



Marfat.com

ਵੇਲੇ ਵੀ ਕਵੀ ਨੇ ਬਿੰਬਮਈ ਸ਼ੈਲੀ ਅਪਣਾਈ ਹੈ। ਨਮਾਜ਼ ਨਾ ਅਦਾ ਕਰਨ ਵਾਲੇ ਜੀਵ ਲਈ ਕੁੱਤੇ ਦਾ ਬਿੰਬ ਵਰਤਿਆ ਗਿਆ ਹੈ :

ਫਰੀਦਾ ਬੇਨਿਵਾਜਾ ਕੁਤਿਆ ਏਹ ਨ ਭਲੀ ਰੀਤਿ ॥
ਕਬਹੀ ਚਲਿ ਨ ਆਇਆ ਪੰਜੇ ਵਖਤ ਮਸੀਤਿ ॥

(ਆਦਿ ਗ੍ਰੰਥ, ਪੰਨਾ 1381)

ਜੋ ਸਿਰ ਨਮਾਜ਼ ਅਦਾ ਕਰਨ ਵੇਲੇ ਪ੍ਰਭੂ ਦੀ ਹਜ਼ੂਰੀ ਵਿਚ ਨਹੀਂ ਝੁਕਦਾ ਉਸ ਨੂੰ ਦਿੱਤੀ ਜਾਣ ਵਾਲੀ ਸਜ਼ਾ ਵੀ ਕਵੀ ਨੇ ਬਿੰਬਾਂ ਦੀ ਭਾਸ਼ਾ ਵਿਚ ਸੁਣਾਈ ਹੈ :

ਉਠ ਫਰੀਦਾ ਉਜੂ ਸਾਜਿ ਸੁਬਹ ਨਿਵਾਜ ਗੁਜਾਰਿ ॥
ਜੋ ਸਿਰੁ ਸਾਂਈ ਨ ਨਿਵੈ ਸੋ ਸਿਰੁ ਕਪੁ ਉਤਾਰਿ ॥

ਅਤੇ

ਜੋ ਸਿਰੁ ਸਾਂਈ ਨ ਨਿਵੈ ਸੋ ਸਿਰੁ ਕੀਜੈ ਕਾਇ ॥
ਕੁੰਨੇ ਹੇਠਿ ਜਲਾਈਐ ਬਾਲਣ ਸੰਦੈ ਥਾਇ ॥

(ਆਦਿ ਗ੍ਰੰਥ, ਪੰਨਾ 1381)

ਅੰਮ੍ਰਿਤ ਵੇਲਾ ਅਰਥਾਤ ਸਵੇਰ ਦਾ ਸ਼ਾਂਤਮਈ ਅਤੇ ਸੁਹਾਣਾ ਸਮਾਂ ਪ੍ਰਭੂ ਦੀ ਬੰਦਗੀ ਕਰਨ ਲਈ ਵਿਸ਼ੇਸ਼ ਸਮਾਂ ਮੰਨਿਆ ਗਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪਵਿੱਤਰ ਕਥਨ ਹੈ :

ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥

(ਜਪੁਜੀ, ਆਦਿ ਗ੍ਰੰਥ, ਪੰਨਾ 2)

ਬਾਬਾ ਫ਼ਰੀਦ ਨੇ ਵੀ ਜਗਿਆਸੂ ਨੂੰ ਸਵੇਰੇ ਉਠ ਕੇ ਪ੍ਰਭੂ ਦੀ ਭਗਤੀ ਕਰਨ ਦਾ ਉਪਦੇਸ਼ ਦਿੱਤਾ ਹੈ। ਜਿਹੜੇ ਜੀਵ ਤੜਕਸਾਰ ਉਠ ਕੇ ਪ੍ਰਭੂ ਦਾ ਸਿਮਰਨ ਨਹੀਂ ਕਰਦੇ ਉਨ੍ਹਾਂ ਲਈ ਕਵੀ ਨੇ ਜਿਉਂਦੇ-ਮੁਰਦਿਆਂ ਦਾ ਬਿੰਬ ਪ੍ਰਯੁਕਤ ਕੀਤਾ ਹੈ :

ਫ਼ਰੀਦਾ ਪਿਛਲ ਰਾਤਿ ਨ ਜਾਗਿਓਹਿ ਜੀਵਦੜੋ ਮੁਇਓਹਿ ॥
ਜੇ ਤੈ ਰਬੁ ਵਿਸਾਰਿਆ ਤ ਰਬਿ ਨ ਵਿਸਰਿਓਹਿ ॥

(ਆਦਿ ਗ੍ਰੰਥ, ਪੰਨਾ 1383)

ਪ੍ਰਭੂ ਦੇ ਨਾਮ ਵਾਸਤੇ ਬਾਬਾ ਫ਼ਰੀਦ ਨੇ ਸੁਗੰਧੀਆਂ ਖਿੰਡਾਉਂਦੀ ਕਸਤੂਰੀ ਦਾ ਬਿੰਬ ਪ੍ਰਯੁਕਤ ਕੀਤਾ ਹੈ। ਰਾਤ ਨੂੰ ਜਾਗ ਕੇ ਪ੍ਰਭੂ ਦੀ ਭਗਤੀ ਕਰਨ ਵਾਲੇ ਸਾਧਕਾਂ ਨੂੰ ਨਾਮ ਰੂਪੀ ਕਸਤੂਰੀ ਪ੍ਰਾਪਤ ਹੋ ਜਾਂਦੀ ਹੈ ਪਰ ਸੌਂਣ ਵਾਲੇ ਅਭਾਗੇ ਜੀਵ ਇਸ ਅਮੋਲਕ ਰੱਬੀ ਦਾਤ ਤੋਂ ਵਾਂਝੇ ਰਹਿ ਜਾਂਦੇ ਹਨ :

ਫਰੀਦਾ ਰਾਤਿ ਕਥੂਰੀ ਵੰਡੀਐ ਸੁਤਿਆ ਮਿਲੈ ਨ ਭਾਉ ॥
ਜਿੰਨਾ ਨੈਣ ਨੀਂਦ੍ਰਾਵਲੇ ਤਿਨਾ ਮਿਲਣੁ ਕੁਆਉ ॥

(ਆਦਿ ਗ੍ਰੰਥ, ਪੰਨਾ 1382)



Marfat.com

ਇਹ ਹੋਰ ਸ਼ਲੋਕ ਵਿਚ ਬਾਬਾ ਫ਼ਰੀਦ ਨੇ ਪਹਿਲੇ ਪਹਿਰ ਕੀਤੀ ਪ੍ਰਭੂ ਦੀ ਬੰਦਗੀ ਅਤੇ ਪਿਛਲੇ ਪਹਿਰ ਅਰਥਾਤ ਤੜਕਸਾਰ ਕੀਤੀ ਪ੍ਰਭੂ ਦੀ ਬੰਦਗੀ ਦੀ ਪ੍ਰਾਪਤੀ ਲਈ ਕ੍ਰਮਵਾਰ ਫੁੱਲ ਅਤੇ ਫਲ ਦੇ ਬਿੰਬ ਵਰਤੇ ਹਨ। ਇਹ ਦਾਤ ਸੌਣ ਵਾਲਿਆਂ ਨੂੰ ਨਹੀਂ ਸਗੋਂ ਜਾਗਣ ਵਾਲਿਆਂ ਨੂੰ ਹੀ ਨਸੀਬ ਹੁੰਦੀ ਹੈ :

ਪਹਿਲੈ ਪਹਿਰੈ ਫੁਲੜਾ ਫਲੁ ਭੀ ਪਛਾ ਰਾਤਿ ॥
ਜੋ ਜਾਗੰਨਿ ਲਹੰਨਿ ਸੇ ਸਾਈ ਕੰਨੋ ਦਾਤਿ ॥

(ਆਦਿ ਗ੍ਰੰਥ, ਪੰਨਾ 1384)

ਉਪਰੋਕਤ ਚਰਚਾ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਬਾਬਾ ਫ਼ਰੀਦ ਨੇ ਪ੍ਰਭੂ-ਬੰਦਗੀ ਅਤੇ ਨਾਮ-ਸਿਮਰਨ ਬਾਰੇ ਆਪਣੇ ਭਾਵਾਂ ਅਤੇ ਵਿਚਾਰਾਂ ਦਾ ਪ੍ਰਗਟਾਵਾ ਵਧੇਰੇ ਕਰ ਕੇ ਬਿੰਬਾਵਲੀ ਦੇ ਮਾਧਿਅਮ ਦੁਆਰਾ ਹੀ ਕੀਤਾ ਹੈ ਅਤੇ ਅਜਿਹਾ ਕਰਨ ਵਿਚ ਪੂਰੀ ਸਫ਼ਲਤਾ ਪ੍ਰਾਪਤ ਕੀਤੀ ਹੈ।

## ਸ) ਬਿਰਹਾ

ਪਿਆਰ ਦਾ ਇਕ ਦੁਖਦਾਈ ਪੱਖ ਹੈ ਬਿਰਹਾ। ਪਿਆਰ ਦੇ ਪਾਂਧੀਆਂ ਨੂੰ ਬਿਰਹਾ ਦੀ ਦੁਖਦਾਈ ਘਾਟੀ ਵੀ ਪਾਰ ਕਰਨੀ ਪੈਂਦੀ ਹੈ। ਦੁਨਿਆਵੀ ਅਤੇ ਅਧਿਆਤਮਕ ਦੋਹਾਂ ਤਰ੍ਹਾਂ ਦੇ ਪ੍ਰੇਮੀਆਂ ਨੂੰ ਬਿਰਹਾ ਦੇ ਸੱਲ ਸਹਾਰਨੇ ਪੈਂਦੇ ਹਨ। ਜੀਵ-ਇਸਤ੍ਰੀ ਰੂਪੀ ਬੂੰਦ ਆਪਣੇ ਪ੍ਰਭੂ-ਪਤੀ ਰੂਪੀ ਸਾਗਰ ਤੋਂ ਵਿਛੜੀ ਹੋਈ ਹੈ। ਬਾਬਾ ਫ਼ਰੀਦ ਨੇ ਇਸ ਜੀਵ-ਇਸਤ੍ਰੀ ਰੂਪੀ ਬਿਰਹਣ ਦੀ ਸਰੀਰਕ ਤੇ ਮਾਨਸਿਕ ਦਸ਼ਾ ਨੂੰ ਮੂਰਤੀਮਾਨ ਕਰਨ ਲਈ ਬੜੇ ਹੀ ਕਲਾਤਮਕ ਬਿੰਬ ਸਿਰਜੇ ਹਨ, ਜਿਵੇਂ :

1. ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ ॥
   ਬਾਵਲਿ ਹੋਈ ਸੋ ਸਹੁ ਲੋਰਉ ॥

   (ਰਾਗ ਸੂਹੀ, ਆਦਿ ਗ੍ਰੰਥ, ਪੰਨਾ 794)

2. ਫਰੀਦਾ ਰਾਤੀ ਵਡੀਆਂ ਧੁਖਿ ਧੁਖਿ ਉਠਨਿ ਪਾਸ ॥

   (ਆਦਿ ਗ੍ਰੰਥ, ਪੰਨਾ 1378-79)

3. ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ ॥

   (ਆਦਿ ਗ੍ਰੰਥ, ਪੰਨਾ 1379)

4. ਫਰੀਦਾ ਚਿੰਤ ਖਟੋਲਾ ਵਾਣੁ ਦੁਖ ਬਿਰਹ ਵਿਛਾਵਣ ਲੇਫੁ ॥
   ਏਹੁ ਹਮਾਰਾ ਜੀਵਣਾ ਤੂੰ ਸਾਹਿਬ ਸਚੇ ਵੇਖੁ ॥

   (ਆਦਿ ਗ੍ਰੰਥ, ਪੰਨਾ 1379)

ਡਾ. ਦੀਵਾਨ ਸਿੰਘ ਅਨੁਸਾਰ, "ਬਾਬਾ ਫ਼ਰੀਦ ਨੇ ਰੱਬ ਦੇ ਵਿਛੋੜੇ ਨੂੰ ਜੀਵਨ ਦੀ ਇਕ ਅਤੀ ਮਲੂਕ ਸਥਿਤੀ ਜਾਂ ਸਮੱਸਿਆ ਵਜੋਂ ਅਨੁਭਵ ਕੀਤਾ।...ਹਰ ਕੋਈ ਰੱਬ ਤੋਂ ਵਿਛੜਿਆ ਹੋਇਆ ਹੈ ਇਸ ਲਈ ਦੁਖੀ ਹੈ। ਇਹ ਗੱਲ ਨਿਰੋਲ ਮਾਨਸਿਕ ਅਨੁਭਵ ਨਹੀਂ,



Marfat.com

ਫਰੀਦ ਜੀ ਨੇ ਇਸ ਨੂੰ ਪ੍ਰਤੱਖ ਰੂਪ ਵਿਚ ਵੀ ਪ੍ਰਤੀਤ ਕੀਤਾ। ਹਰ ਕੋਈ ਕਾਲੀ ਕੋਇਲ ਦੀ ਕੂਕ ਸੁਣਦਾ ਹੈ ਪਰ ਫ਼ਰੀਦ ਜੀ ਨੇ ਇਸ ਨੂੰ ਬਾਹਰਮੁਖੀ ਰੂਪ ਵਿਚ ਬੱਝਾ ਹੋਇਆ ਮਨੁੱਖੀ ਹੋਣੀ ਤੇ ਦੁਖਾਂਤ ਦਾ ਇਕ ਸਾਮਰਤਖ ਤੇ ਸਾਖਿਆਤ ਮੁਜੱਸਮਾਂ ਜਾਂ ਮੁਦਰਾ ਪਰਤੀਤ ਕੀਤਾ। ਇਹ ਲੱਭਤ ਕੇਵਲ ਫ਼ਰੀਦ ਜੀ ਦੀ ਹੈ ਜੋ ਸਦੀਵ ਕਾਲ ਲਈ ਵਿਛੋੜੇ ਦਾ ਇਕ ਸੁਪ੍ਰਸਿਧ ਪ੍ਰਤੀਕ (ਚਿੰਨ੍ਹ) ਬਣ ਗਿਆ ਹੈ"[7] :

> ਕਾਲੀ ਕੋਇਲ ਤੂ ਕਿਤ ਗੁਨ ਕਾਲੀ ॥
> ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ ॥

(ਰਾਗ ਸੂਹੀ, ਆਦਿ ਗ੍ਰੰਥ, ਪੰਨਾ 794)

ਸੁਹਾਗਣ ਜੀਵ-ਇਸਤ੍ਰੀ ਦਾ ਆਪਣੇ ਪ੍ਰਭੂ-ਪ੍ਰੀਤਮ ਤੋਂ ਵਿਛੜ ਕੇ ਇਕ ਰਾਤ ਵਿਚ ਹੀ ਬੁਰਾ ਹਾਲ ਹੋ ਜਾਂਦਾ ਹੈ ਪਰ ਪ੍ਰਭੂ-ਪਤੀ ਵਲੋਂ ਤਿਆਗੀਆਂ ਜਾਣ ਕਰ ਕੇ ਜਿਨ੍ਹਾਂ ਡੁਹਾਗਣਾਂ ਨੂੰ ਸਾਰੀ ਉਮਰ ਦਾ ਵਿਛੋੜਾ ਭੋਗਣਾ ਪੈ ਜਾਂਦਾ ਹੈ ਉਨ੍ਹਾਂ ਦੀ ਹਾਲਤ ਕੀ ਹੁੰਦੀ ਹੋਵੇਗੀ ? ਉਨ੍ਹਾਂ ਦੀ ਤਰਸਯੋਗ ਦਸ਼ਾ ਨੂੰ ਮੂਰਤੀਮਾਨ ਕਰਨ ਲਈ ਉਸ ਸੜੀ ਹੋਈ ਖੇਤੀ ਦਾ ਦ੍ਰਿਸ਼ਟਾਂਤ ਬਿੰਬ ਪ੍ਰਯੁਕਤ ਕੀਤਾਂ ਗਿਆ ਹੈ ਜੋ ਪਾਣੀ ਵਿਚ ਡੋਬਣ ਨਾਲ ਵੀ ਮੁੜ ਹਰੀ ਨਹੀਂ ਹੋ ਸਕਦੀ।

> ਤਤੀ ਤੋਇ ਨ ਪਲਵੈ ਜੇ ਜਲਿ ਟੁਬੀ ਦੇਇ ॥
> ਫਰੀਦਾ ਜੋ ਡੋਹਾਗਣਿ ਰਬ ਦੀ ਝੂਰੇਦੀ ਝੂਰੇਇ ॥

(ਆਦਿ ਗ੍ਰੰਥ, ਪੰਨਾ 138।)

ਓਪਰੀ ਨਜ਼ਰ ਨਾਲ ਵੇਖਿਆਂ ਭਾਵੇਂ ਬ੍ਰਿਹਾ ਦੁਖਦਾਈ ਜਾਪਦਾ ਹੈ ਪਰ ਬਿਰਹਾ ਪ੍ਰਭੂ-ਮਿਲਾਪ ਦਾ ਆਧਾਰ ਅਤੇ ਸਾਧਨ ਵੀ ਹੈ। ਪ੍ਰਭੂ-ਪਤੀ ਤੋਂ ਵਿਛੜ ਕੇ ਜੇਕਰ ਜੀਵ-ਇਸਤ੍ਰੀ ਝੂਰਦੀ ਹੈ, ਤੜਪਦੀ ਹੈ, ਦੁਖੀ ਹੁੰਦੀ ਹੈ ਤਾਂ ਕੁਦਰਤੀ ਹੈ ਕਿ ਉਹ ਇਸ ਬਿਰਹਾ ਤੋਂ ਛੁਟਕਾਰਾ ਪਾਉਣ ਅਰਥਾਤ ਪ੍ਰਭੂ-ਮਿਲਾਪ ਲਈ ਵੀ ਆਵੱਸ਼ ਯਤਨ ਕਰੇਗੀ ; ਇਸ ਤਰ੍ਹਾਂ ਬਿਰਹਾ ਪਿਆਰ ਦੀ ਭਾਵਨਾ ਨੂੰ ਸਗੋਂ ਵੀ ਤੀਬਰ ਕਰਦਾ ਹੈ। ਜੇਕਰ ਕੋਈ ਮਨੁੱਖ ਆਪਣੇ ਕਿਸੇ ਪਿਆਰੇ ਸੱਜਣ ਤੋਂ ਵਿਛੜ ਕੇ ਦੁਖ ਮਹਿਸੂਸ ਨਹੀਂ ਕਰਦਾ ਤਾਂ ਸਪਸ਼ਟ ਹੈ ਕਿ ਉਸ ਦੇ ਮਨ ਵਿਚ ਉਸ ਸੱਜਣ ਪ੍ਰਤਿ ਪਿਆਰ ਨਹੀਂ ਹੈ। ਜਿਸ ਨਾਲ ਸਾਨੂੰ ਪਿਆਰ ਹੈ ਉਸ ਤੋਂ ਵਿਛੜ ਕੇ ਅਸੀਂ ਆਵੱਸ਼ ਹੀ ਦੁਖੀ ਹੋਵਾਂਗੇ ਤੇ ਇਹ ਦੁਖ ਦੂਰ ਕਰਨ ਲਈ ਅਸੀਂ ਉਸ ਦਾ ਮਿਲਾਪ ਹਾਸਲ ਕਰਨ ਲਈ ਵੀ ਜਰੂਰ ਯਤਨ ਕਰਾਂਗੇ। ਸੋ ਬਿਰਹਾ ਜਿਥੇ ਪਿਆਰ ਦੀ ਕਸਵੱਟੀ ਹੈ ਉਥੇ ਮਿਲਾਪ ਦਾ ਸਾਧਨ ਵੀ ਹੈ। ਏਸੇ ਕਰ ਕੇ ਬਾਬਾ ਫ਼ਰੀਦ ਨੇ ਬਿਰਹਾ ਨੂੰ ਸਾਰੇ ਜਜ਼ਬਿਆਂ ਦਾ ਸਿਰਤਾਜ ਮੰਨਦਿਆਂ ਹੋਇਆਂ ਬਿਰਹਾ ਲਈ ਸੁਲਤਾਨ ਦਾ ਬਿੰਬ ਅਤੇ ਬਿਰਹਾ-ਰਹਿਤ ਤਨ ਵਾਸਤੇ ਮਸਾਣ ਦਾ ਬਿੰਬ ਪ੍ਰਯੁਕਤ ਕੀਤਾ ਹੈ :

> ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ ॥
> ਫਰੀਦਾ ਜਿਤੁ ਤਨਿ ਬਿਰਹੁ ਨ ਉਪਜੈ ਸੋ ਤਨੁ ਜਾਣੁ ਮਸਾਨੁ ॥

(ਆਦਿ ਗ੍ਰੰਥ, ਪੰਨਾ 1379)



Marfat.com

## ਹ) ਗੁਰੂ ਜਾਂ ਮੁਰਸ਼ਦ ਦੀ ਸ਼ਰਨ

ਭਾਰਤ ਵਿਚ ਮੁੱਢ-ਕਦੀਮ ਤੋਂ ਹੀ ਗੁਰੂ-ਪਰੰਪਰਾ ਚਲੀ ਆ ਰਹੀ ਹੈ। ਪੰਜਾਬੀ ਦੇ ਅਧਿਆਤਮਕ ਸਾਹਿਤ ਵਿਚ ਵੀ ਮੁਰਸ਼ਦ ਜਾਂ ਗੁਰੂ ਨੂੰ ਵਿਸ਼ੇਸ਼ ਮਹੱਤਵ ਦਿੱਤਾ ਗਿਆ ਹੈ। ਸਿੱਖ ਗੁਰੂ ਸਾਹਿਬਾਨ ਨੇ ਗੁਰੂ ਦੇ ਸਰੂਪ, ਵਡਿਆਈ ਅਤੇ ਮਹੱਤਵ ਉਪਰ ਜੋ ਬਲ ਦਿੱਤਾ ਹੈ ਉਹ ਸਭ ਦੇ ਸਾਹਮਣੇ ਹੈ ਸੂਫ਼ੀ ਪਰੰਪਰਾ ਵਿਚ ਵੀ ਗੁਰੂ ਜਾਂ ਮੁਰਸ਼ਦ ਦੀ ਟੇਕ ਲੈਣੀ ਅਤਿ ਆਵੱਸ਼ਕ ਸਵੀਕਾਰ ਕੀਤੀ ਗਈ ਹੈ। ਫ਼ਰੀਦ-ਬਾਣੀ ਵਿਚ ਵੀ ਗੁਰੂ ਦੇ ਦਸੇ ਰਾਹ ਉੱਤੇ ਚਲਣ ਦਾ ਉਪਦੇਸ਼ ਦਿੱਤਾ ਗਿਆ ਹੈ, ਜਿਵੇਂ :

ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ ॥
ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ ॥

(ਰਾਗ ਆਸਾ, ਆਦਿ ਗ੍ਰੰਥ, ਪੰਨਾ 488)

ਉਪਰੋਕਤ ਪੰਕਤੀਆਂ ਵਿਚ ਬਾਬਾ ਫ਼ਰੀਦ ਨੇ ਗੁਰੂ ਸੰਬੰਧੀ ਆਪਣਾ ਵਿਚਾਰ ਕਿਸੇ ਬਿੰਬ ਦੀ ਮਦਦ ਨਾਲ ਨਹੀਂ ਪ੍ਰਗਟਾਇਆ ਸਗੋਂ ਸਿੱਧੇ ਤੇ ਸਾਧਾਰਣ ਸ਼ਬਦਾਂ ਵਿਚ ਹੀ ਆਪਣੀ ਗੱਲ ਆਖ ਦਿੱਤੀ ਹੈ। ਸਾਡਾ ਉੱਦੇਸ਼ ਕੇਵਲ ਉਨ੍ਹਾਂ ਸ਼ਬਦਾਂ ਜਾਂ ਸ਼ਲੋਕਾਂ ਉਪਰ ਵਿਚਾਰ ਕਰਨਾ ਹੀ ਹੈ ਜਿਨ੍ਹਾਂ ਵਿਚ ਪ੍ਰਸਤੁਤ ਭਾਵ ਜਾਂ ਵਿਚਾਰ ਬਿੰਬਾਵਲੀ ਦੇ ਮਾਧਿਅਮ ਰਾਹੀਂ ਮੂਰਤੀਮਾਨ ਹੋਏ ਹਨ। ਅਜਿਹੇ ਸ਼ਲੋਕਾਂ ਦੀ ਗਿਣਤੀ ਕੇਵਲ ਦੋ ਤਿੰਨ ਕੁ ਹੀ ਹੈ। ਬਾਬਾ ਫ਼ਰੀਦ ਨੇ ਆਪਣੀ ਬਾਣੀ ਵਿਚ ਗੁਰੂ ਲਈ ਕੇਵਲ ਦੋ ਬਿੰਬ ਹੀ ਪ੍ਰਯੁਕਤ ਕੀਤੇ ਹਨ – ਮਲਾਹ (ਪਾਤਣੀ) ਅਤੇ ਸੱਜਣ।

ਇਸ ਸੰਸਾਰ ਰੂਪੀ ਸਾਗਰ ਵਿਚ ਮਨੁੱਖਾ-ਜੀਵਨ ਰੂਪੀ ਬੇੜੀ ਨੂੰ ਦੁਨਿਆਵੀ ਲੋਭ ਲਾਲਚ ਅਤੇ ਵਿਸ਼ੇ ਵਿਕਾਰਾਂ ਰੂਪੀ ਛੱਲਾਂ ਦਾ ਖ਼ਤਰਾ ਹਰਦਮ ਬਣਿਆ ਰਹਿੰਦਾ ਹੈ। ਬਾਬਾ ਫ਼ਰੀਦ ਅਨੁਸਾਰ ਗੁਰੂ ਰੂਪੀ ਸਿਆਣਾ ਮਲਾਹ ਇਨ੍ਹਾਂ ਦਰਪੇਸ਼ ਖ਼ਤਰਿਆਂ ਤੋਂ ਮਨੁੱਖ ਨੂੰ ਸਾਵਧਾਨ ਕਰਦਾ ਹੈ :

ਫਰੀਦਾ ਭੁਖਾ ਸੇਤੀ ਦਿਹੁ ਗਇਆ ਸੂਲਾਂ ਸੇਤੀ ਰਾਤਿ ॥
ਖੜਾ ਪੁਕਾਰੇ ਪਾਤਣੀ ਬੇੜਾ ਕਪਰ ਵਾਤਿ ॥

(ਆਦਿ ਗ੍ਰੰਥ, ਪੰਨਾ 1328)

ਨਾਲ ਹੀ ਕਵੀ ਦਾ ਵਿਚਾਰ ਹੈ ਕਿ ਇਹ ਛੱਲਾਂ ਬੇੜੇ ਦਾ ਕੁਝ ਨਹੀਂ ਵਿਗਾੜ ਸਕਦੀਆਂ ਜੇਕਰ ਮਲਾਹ ਅਰਥਾਤ ਗੁਰੂ ਸੁਚੇਤ ਹੋਵੇ। ਉਹ ਆਪਣੀ ਵਡਮੁੱਲੀ ਸਿੱਖਿਆ ਰੂਪੀ ਚੱਪੂ ਦੇ ਨਾਲ ਲਹਿਰਾਂ ਅਤੇ ਘੁੰਮਣ ਘੇਰੀਆਂ ਵਿਚ ਵੀ ਬੇੜੇ ਦਾ ਸੰਤੁਲਨ ਬਣਾਈ ਰੱਖਦਾ ਹੈ :

ਲੰਮੀ ਲੰਮੀ ਨਦੀ ਵਹੈ ਕੰਧੀ ਕੇਰੈ ਹੇਤਿ ॥
ਬੇੜੇ ਨੋ ਕਪਰੁ ਕਿਆ ਕਰੇ ਜੇ ਪਾਤਣ ਰਹੈ ਸੁਚੇਤਿ ॥

(ਆਦਿ ਗ੍ਰੰਥ, ਪੰਨਾ 1382)



Marfat.com

ਪਰ ਅਜਿਹੇ ਸੁਚੇਤ ਮਲਾਹ (ਗੁਰੂ) ਬੜੀ ਮੁਸ਼ਕਿਲ ਨਾਲ ਮਿਲਦੇ ਹਨ। ਬਾਬਾ ਫ਼ਰੀਦ ਨੇ ਅਨੁਭਵ ਕੀਤਾ ਹੈ ਕਿ ਨਿਰੀਆਂ ਗੱਲਾਂ ਨਾਲ ਪਰਚਾਣ ਵਾਲੇ ਤਾਂ ਬਥੇਰੇ ਮਿਲ ਜ਼ਾਦੇ ਹਨ ਪਰ ਅਸਲੀ ਸੱਜਣ (ਗੁਰੂ) ਕੋਈ ਨਹੀਂ ਮਿਲਦਾ। ਏਸੇ ਅਫ਼ਸੋਸ ਅਤੇ ਦੁੱਖ ਵਿਚ ਜੀਵ ਦਾ ਹਿਰਦਾ ਗੋਹੇ ਦੀ ਤਰ੍ਹਾਂ ਧੁਖਦਾ ਰਹਿੰਦਾ ਹੈ।

ਫਰੀਦਾ ਗਲੀ ਸੁ ਸਜਣ ਵੀਹ ਇਕੁ ਢੂੰਢੇਦੀ ਨਾ ਲਹਾਂ ॥
ਧੁਖਾਂ ਜਿਉ ਮਾਂਲੀਹ ਕਾਰਣਿ ਤਿੰਨਾ ਮਾ ਪਿਰੀ ।

(ਆਦਿ ਗ੍ਰੰਥ, ਪੰਨਾ 1382)

## ਕ) ਦਰਵੇਸ਼ ਅਤੇ ਦਰਵੇਸ਼ੀ

ਡਾ. ਦਰਸ਼ਨ ਸਿੰਘ ਅਨੁਸਾਰ, "ਫ਼ਰੀਦ ਜੀ ਦਾ ਜੀਵਨ ਅਨੁਭਵ ਇਹ ਹੈ ਕਿ ਇਸ ਵਿਸ਼ਵ ਦੀ ਗਤੀਸ਼ੀਲਤਾ ਦਾ ਕਾਰਣ ਪਰਮਾਤਮਾ ਹੈ ਅਤੇ ਹਰ ਮਨੁੱਖ ਦਾ ਆਦਰਸ਼ ਉਸ ਦੀ ਹੋਂਦ ਦਾ ਇਹਿਸਾਸ ਕਰਦੇ ਹੋਏ ਉਸ ਵਿਚ ਲੀਨਤਾ ਪ੍ਰਾਪਤ ਕਰਨਾ ਹੈ। ਇਸ ਲਈ ਉਨ੍ਹਾਂ ਅਨੁਸਾਰ ਦਿਲ ਵਿਚ ਖ਼ੁਦਾ ਦੀ ਮੁਹੱਬਤ ਪੈਦਾ ਕਰ ਕੇ ਉਸ ਦੇ ਪਿਆਰ ਵਿਚ ਰਤੇ ਰਹਿਣਾ, ਉਸ ਨੂੰ ਸਮੁੱਚੀ ਖਲਕਤ ਵਿਚ ਵਿਆਪਕ ਵੇਖਣਾ ਅਤੇ ਸਦਾ ਬੰਦਗੀ ਦੀ ਖ਼ੈਰਾਇਤ ਦਾ ਮੁਤਲਾਸ਼ੀ ਰਹਿਣਾ ਹੀ ਜੀਵਨ ਦਾ ਪਰਮ ਆਦਰਸ਼ ਹੈ। ..

ਉਪਰੋਕਤ ਆਦਰਸ਼ ਦੀ ਪ੍ਰਾਪਤੀ ਲਈ ਫ਼ਰੀਦ ਜੀ ਦੇ ਵਿਚਾਰ ਅਨੁਸਾਰ ਦਰਵੇਸ਼ ਬਣਨ ਦੀ ਲੋੜ ਹੈ। ਇਹੀ ਮਨੁੱਖ ਦਾ ਪਰਮ ਲਕਸ਼ ਹੈ। ਸੰਸਾਰ ਦੀ ਸਾਰੀ ਵਿਦਿਆ ਅਤੇ ਕ੍ਰਿਆ ਦਾ ਮਨੋਰਥ ਓੜਕ ਇਹੀ ਹੈ। ਫ਼ਰੀਦ ਜੀ ਦਾ ਸਾਰਾ ਕਲਾਮ ਦਰਵੇਸ਼ੀ ਦੇ ਸਰੂਪ, ਲੱਛਣ ਅਤੇ ਉਸ ਦੀ ਪ੍ਰਾਪਤੀ ਦੇ ਸਾਧਨਾਂ ਦੀ ਹੀ ਭਰਪੂਰ ਵਿਆਖਿਆ ਹੈ"।[8] ਸੋ ਫ਼ਰੀਦ-ਬਾਣੀ ਵਿਚ ਦਰਵੇਸ਼ ਅਤੇ ਦਰਵੇਸ਼ੀ ਦੇ ਸਰੂਪ ਤੇ ਸੁਭਾਅ ਨੂੰ ਉਘਾੜਨ ਉਪਰ ਕਾਫ਼ੀ ਬਲ ਦਿੱਤਾ ਗਿਆ ਹੈ। ਇਸ ਮਨੋਰਥ-ਸਿੱਧੀ ਲਈ ਬਾਬਾ ਫ਼ਰੀਦ ਨੇ ਸਿੱਧੇ ਤੇ ਸਾਧਾਰਣ ਕਥਨਾਂ ਦੀ ਵਧੇਰੇ ਵਰਤੋਂ ਕੀਤੀ ਹੈ ਤੇ ਬਿੰਬਾਂ ਦੀ ਘੱਟ।

ਬਾਬਾ ਫ਼ਰੀਦ ਅਨੁਸਾਰ ਦਰਵੇਸ਼ੀ ਕਿਸੇ ਭੇਖ ਦਾ ਨਾਂ ਨਹੀਂ ਹੈ। ਪਹਿਰਾਵਾ ਫ਼ਕੀਰਾਂ ਵਾਲਾ ਹੋਵੇ ਤੇ ਅੰਦਰ ਗੁਨਾਹਾਂ ਨਾਲ ਭਰਿਆ ਹੋਵੇ—ਅਜਿਹਾ ਸ਼ਖ਼ਸ ਦਰਵੇਸ਼ ਨਹੀਂ ਅਖਵਾ ਸਕਦਾ। ਇਸ ਵਿਚਾਰ ਦਾ ਪ੍ਰਕਾਸ਼ਨ ਕਵੀ ਨੇ ਹੇਠਲੇ ਸ਼ਲੋਕਾਂ ਵਿਚ ਸਿਰਜੇ ਦ੍ਰਿਸ਼ ਬਿੰਬਾਂ ਰਾਹੀਂ ਬੜੇ ਹੀ ਪ੍ਰਭਾਵਸ਼ਾਲੀ ਢੰਗ ਨਾਲ ਕੀਤਾ ਹੈ :

1. ਫਰੀਦਾ ਕਾਲੇ ਮੈਡੇ ਕਪੜੇ ਕਾਲਾ ਮੈਡਾ ਵੇਸੁ ॥
   ਗੁਨਹੀ ਭਰਿਆ ਮੈ ਫਿਰਾ ਲੋਕੁ ਕਹੈ ਦਰਵੇਸੁ ॥

(ਆਦਿ ਗ੍ਰੰਥ, ਪੰਨਾ 1381)

2. ਫਰੀਦਾ ਕੰਨਿ ਮੁਸਲਾ ਸੂਫੁ ਗਲਿ ਦਿਲਿ ਕਾਤੀ ਗੁੜੁ ਵਾਤਿ ॥
   ਬਾਹਰਿ ਦਿਸੈ ਚਾਨਣਾ ਦਿਲਿ ਅੰਧਿਆਰੀ ਰਾਤਿ ॥

(ਆਦਿ ਗ੍ਰੰਥ, ਪੰਨਾ 1380)



Marfat.com

ਬਾਬਾ ਫ਼ਰੀਦ ਅਨੁਸਾਰ ਦਰਵੇਸ਼ੀ ਦਾ ਰਾਹ ਬਹੁਤ ਕਠਿਨ ਹੈ। ਜਿਹੜੇ ਜਗਿਆਸੂ ਆਪਣੇ ਸਿਰ ਉਪਰ ਦੁਨੀਆਂਦਾਰੀ ਰੂਪੀ ਪੋਟਲੀ ਚੁੱਕ ਲੈਂਦੇ ਹਨ ਉਹ ਦਰਵੇਸ਼ੀ ਦੇ ਬਿਖੜੇ ਪੈਂਡੇ ਉਪਰ ਨਹੀਂ ਚਲ ਸਕਦੇ :

ਫਰੀਦਾ ਦਰ ਦਰਵੇਸੀ ਗਾਖੜੀ ਚਲਾਂ ਦੁਨੀਆ ਭਤਿ ॥
ਬੰਨਿ ਉਠਾਈ ਪੋਟਲੀ ਕਿਥੈ ਵੰਞਾ ਘਤਿ ॥

(ਆਦਿ ਗ੍ਰੰਥ, ਪੰਨਾ 1377-78)

ਦਰਵੇਸ਼ਾਂ ਵਾਲੀ ਰੀਤ ਕੋਈ ਵਿਰਲਾ ਹੀ ਨਿਭਾ ਸਕਦਾ ਹੈ ਕਿਉਂਕਿ ਦਰਵੇਸ਼ੀ ਵਿਚ ਚੋਪੜੀ ਪ੍ਰੀਤ ਅਰਥਾਤ ਵਿਖਾਵੇ ਦੇ ਪਿਆਰ ਲਈ ਕੋਈ ਥਾਂ ਨਹੀਂ :

ਫਰੀਦਾ ਦਰਵੇਸੀ ਗਾਖੜੀ ਚੋਪੜੀ ਪਰੀਤਿ ॥
ਇਕਨਿ ਕਿਨੈ ਚਾਲੀਐ ਦਰਵਾਸੇਵੀ ਰੀਤਿ ॥

(ਆਦਿ ਗ੍ਰੰਥ, ਪੰਨਾ 1384)

ਬਾਬਾ ਫ਼ਰੀਦ ਅਨੁਸਾਰ ਦਰਵੇਸ਼ ਆਪਣੇ ਦਿਲ ਦੇ ਵਹਿਮਾਂ ਭਰਮਾਂ ਤੋਂ ਮੁਕਤ ਹੋ ਕੇ ਪ੍ਰਭੂ ਦੀ ਸੇਵਾ ਵਿਚ ਜੁੱਟੇ ਰਹਿੰਦੇ ਹਨ। ਦਰਵੇਸ਼ ਦੇ ਦਿਲ ਦੀ ਸਹਿਨਸ਼ੀਲਤਾ ਤੇ ਸਬਰ ਨੂੰ ਮੂਰਤੀਮਾਨ ਕਰਨ ਲਈ ਬਾਬਾ ਫ਼ਰੀਦ ਨੇ ਰੁਖ ਦਾ ਬਿੰਬ ਪ੍ਰਯੁਕਤ ਕੀਤਾ ਹੈ। ਰੁਖ ਜੀਊਂਦੇ ਜੀਅ ਸਾਨੂੰ ਠੰਡੀ ਛਾਂ ਬਖਸ਼ਦੇ ਹਨ ਅਤੇ ਵੱਢੇ ਜਾਣ ਉਪਰੰਤ ਬਾਲਣ ਅਤੇ ਲਕੜੀ ਦਾ ਸਾਮਾਨ ਬਣਦੇ ਹਨ ਪਰ ਮੂੰਹੋਂ 'ਸੀ' ਤਕ ਨਹੀਂ ਉਚਾਰਦੇ। ਬਾਬਾ ਫ਼ਰੀਦ ਅਨੁਸਾਰ ਦਰਵੇਸ਼ ਵੀ ਇਹੋ ਜਿਹੀ ਹੀ ਸਹਿਨਸ਼ੀਲਤਾ, ਸਬਰ ਅਤੇ ਸੰਤੋਖ ਦੇ ਧਾਰਨੀ ਹੁੰਦੇ ਹਨ :

ਫ਼ਰੀਦਾ ਸਾਹਿਬ ਦੀ ਕਰਿ ਚਾਕਰੀ ਦਿਲ ਦੀ ਲਾਹਿ ਭਰਾਂਦਿ ॥
ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦ ॥

(ਆਦਿ ਗ੍ਰੰਥ, ਪੰਨਾ 1381)

ਜਿਵੇਂ ਕਿ ਪਹਿਲਾਂ ਵੀ ਦੱਸਿਆ ਜਾ ਚੁੱਕਾ ਹੈ ਕਿ ਬਾਬਾ ਫ਼ਰੀਦ ਨੇ ਦਰਵੇਸ਼ੀ ਸੰਬੰਧੀ ਆਪਣੇ ਬਹੁਤੇ ਵਿਚਾਰ ਸਾਧਾਰਣ ਤੇ ਸਿੱਧੇ ਕਥਨਾਂ ਰਾਹੀਂ ਹੀ ਪ੍ਰਗਟਾਏ ਹਨ। ਬਿੰਬ ਦੀ ਭਾਸ਼ਾ ਕਥਨਮਈ ਨਹੀਂ ਸਗੋਂ ਚਿਤ੍ਰਣਮਈ ਹੁੰਦੀ ਹੈ। ਉਪਰ ਉਨ੍ਹਾਂ ਹੀ ਸ਼ਲੋਕਾਂ ਉਪਰ ਵਿਚਾਰ ਕੀਤਾ ਗਿਆ ਹੈ ਜਿਨ੍ਹਾਂ ਦੀ ਸ਼ੈਲੀ ਬਿੰਬਮਈ ਹੈ। ਇਸ ਤੋਂ ਇਲਾਵਾ ਅਗਲੇ ਪੰਨਿਆਂ ਵਿਚ 'ਸਦਾਚਾਰ ਤੇ ਨੈਤਿਕਤਾ' ਸਿਰਲੇਖ ਹੇਠ ਵੀ ਦਰਵੇਸ਼ੀ ਦੇ ਸਰੂਪ ਅਤੇ ਦਰਵੇਸ਼ ਦੇ ਗੁਣਾਂ ਉਪਰ ਹੋਰ ਵਿਸਤ੍ਰਿਤ ਚਰਚਾ ਕੀਤੀ ਜਾਵੇਗੀ ਕਿਉਂਕਿ ਬਾਬਾ ਫ਼ਰੀਦ ਨੇ ਜਗਿਆਸੂ ਨੂੰ ਇਕ ਆਦਰਸ਼ਕ ਮਨੁੱਖ ਬਣਨ ਵਾਸਤੇ ਜਿਹੜੇ ਨੈਤਿਕ ਗੁਣ ਧਾਰਨ ਕਰਨ ਦਾ ਉਪਦੇਸ਼ ਦਿੱਤਾ ਹੈ ਉਹ ਅਸਲ ਵਿਚ ਇਕ ਦਰਵੇਸ਼ ਦੇ ਹੀ ਗੁਣ ਲੱਛਣ ਹਨ। ਦੂਜੇ ਸ਼ਬਦਾਂ ਵਿਚ ਫ਼ਰੀਦ-ਬਾਣੀ ਵਿਚ ਆਦਰਸ਼ਕ ਮਨੁੱਖ ਦੇ ਸਰੂਪ ਨੂੰ ਹੀ ਦਰਵੇਸ਼ੀ ਦੱਸਿਆ ਗਿਆ ਹੈ।[9]



Marfat.com

## (ਖ) ਜੀਵਨ ਦੀ ਨਾਸ਼ਮਾਨਤਾ, ਬੁਢਾਪਾ ਅਤੇ ਮੌਤ

ਮੌਤ ਬਾਬਾ ਫ਼ਰੀਦ ਦੀ ਬਾਣੀ ਦਾ ਸਭ ਤੋਂ ਪ੍ਰਮੁੱਖ ਵਿਸ਼ਾ ਹੈ। "ਮੌਤ ਫ਼ਰੀਦ ਦੀ ਕਵਿਤਾ ਦਾ ਧੁਰਾ ਹੈ। ਮੌਤ ਦੀ ਚਾਦਰ ਫ਼ਰੀਦ ਦੀ ਸਮੁੱਚੀ ਕਵਿਤਾ ਤੇ ਵਿਛੀ ਹੋਈ ਹੈ।"[10] ਬਾਬਾ ਫ਼ਰੀਦ ਦੇ ਮਨ ਵਿਚ ਇਸ ਸੰਸਾਰ ਦੀ ਅਸਥਿਰਤਾ ਅਤੇ ਨਾਸ਼ਮਾਨਤਾ ਬਾਰੇ ਜ਼ਰਾ ਜਿੰਨਾ ਭੁਲੇਖਾ ਵੀ ਨਹੀਂ ਹੈ। ਕੋਈ ਥਾਂ ਵੀ ਸਥਿਰ ਨਹੀਂ ਹੈ। ਇਹ ਸੰਸਾਰ ਛਿਨ ਭੰਗਰ ਹੈ। ਹਰ ਥਾਂ ਕੂਚ ਦਾ ਨਗਾਰਾ ਵਜ ਰਿਹਾ ਹੈ। ਹਰ ਘੜੀ ਆਯੂ ਘਟ ਰਹੀ ਹੈ। ਇਸ ਦੁਨੀਆਂ ਵਿਚ ਸਦਾ ਵਾਸਤੇ ਕੋਈ ਨਹੀਂ ਰਿਹਾ। ਜਿਸ ਥਾਂ ਉੱਤੇ ਅੱਜ ਅਸੀਂ ਬੈਠੇ ਹਾਂ ਇਸ ਥਾਂ ਉੱਤੇ ਸਾਡੇ ਤੋਂ ਪਹਿਲਾਂ ਅਨੇਕਾਂ ਹੀ ਲੋਕ ਬੈਠ ਕੇ ਅਗਲੀ ਦੁਨੀਆਂ ਵਿਚ ਜਾ ਚੁੱਕੇ ਹਨ। ਬਾਬਾ ਫ਼ਰੀਦ ਨੇ ਦੁਨੀਆਂ ਦੀ ਇਸ ਅਸਥਿਰਤਾ ਦੀ ਆਪਣੀ ਬਾਣੀ ਵਿਚ ਵਾਰ ਵਾਰ ਚਿਤਾਵਨੀ ਦਿੱਤੀ ਹੈ।[11] ਪਰ ਇਸ ਦਾ ਇਹ ਭਾਵ ਨਹੀਂ ਹੈ ਕਿ ਮੌਤ, ਬੁਢਾਪੇ ਅਤੇ ਸੰਸਾਰ ਦੀ ਨਾਸ਼ਮਾਨਤਾ ਦਾ ਵਾਰ ਵਾਰ ਜ਼ਿਕਰ ਕਰਕੇ ਬਾਬਾ ਫ਼ਰੀਦ ਮਨੁੱਖ ਨੂੰ ਨਿਰਾਸ਼ ਕਰਨਾ ਚਾਹੁੰਦਾ ਹੈ। ਇਨ੍ਹਾਂ ਦਾ ਡਰ ਦੇ ਕੇ ਕਵੀ ਅਸਲ ਵਿਚ ਮਨੁੱਖ ਨੂੰ ਚੰਗੇ ਪਾਸੇ ਵਲ ਲਾਉਣਾ ਚਾਹੁੰਦਾ ਹੈ। ਪ੍ਰੋ. ਕਿਰਪਾਲ ਸਿੰਘ ਕਸੇਲ ਅਨੁਸਾਰ, "ਮੌਤ ਦੀ ਸਰਬ ਵਿਆਪਕਤਾ ਦੇ ਅਨੇਕ ਚਿੱਤ੍ਰ ਜੋ ਫ਼ਰੀਦ ਬਾਣੀ ਵਿਚ ਕਈ ਥਾਵਾਂ ਤੇ ਮਿਲਦੇ ਹਨ, ਮਨੁੱਖ ਮਾਤ੍ਰ ਨੂੰ ਨੇਕ ਅਮਲਾਂ ਵੱਲ ਪ੍ਰੇਰਤ ਕਰਨ ਲਈ ਹੀ ਆਏ ਹਨ।"[12] ਪ੍ਰੋ. ਪਿਆਰਾ ਸਿੰਘ ਭੋਗਲ ਅਨੁਸਾਰ, "ਫ਼ਰੀਦ ਵਿਚ ਮੌਤ ਦਾ ਵਰਣਨ ਸਿੱਧਾ ਮੌਤ ਦਾ ਡਰਾਵਾ ਨਹੀਂ ਸਗੋਂ ਜੀਵਨ ਵਿਚ ਮਨੁੱਖ ਨੂੰ ਕੋਈ ਦਾਰਸ਼ਨਿਕ ਸੇਧ ਦੇਣ ਦਾ ਯਤਨ ਹੈ। ਇਹ ਮਨੁੱਖ ਨੂੰ ਇਹ ਸਿਖਿਆ ਦੇਣ ਦਾ ਯਤਨ ਹੈ ਕਿ ਜੀਵਨ ਜਨਮ ਅਤੇ ਮੌਤ ਦੀਆਂ ਤੰਗ ਵਲਗਣਾਂ ਤਕ ਸੀਮਤ ਨਹੀਂ ਹੈ, ਜੀਵਨ ਦਾ ਅਸਲ ਆਦਰਸ਼ ਜਨਮ ਅਤੇ ਮੌਤ ਦੀਆਂ ਨਜ਼ਰ ਆਉਂਦੀਆਂ ਸੀਮਾਵਾਂ ਤੋਂ ਬਾਹਰ ਹੈ।"[13] ਇਸ ਨਾਲ ਮਿਲਦਾ ਜੁਲਦਾ ਵਿਚਾਰ ਹੀ ਡਾ. ਸਤਿੰਦਰ ਸਿੰਘ ਦਾ ਹੈ। ਉਨ੍ਹਾਂ ਅਨੁਸਾਰ "ਬਾਬਾ ਫ਼ਰੀਦ ਨੇ ਮੌਤ ਦਾ ਵਰਣਨ ਜੀਵਨ ਨੂੰ ਦਾਰਸ਼ਨਿਕ ਸੇਧ ਦੇਣ ਲਈ ਕੀਤਾ ਹੈ ਕਿਉਂਕਿ ਜੀਵਨ ਦਾ ਅਸਲ ਆਦਰਸ਼ ਇਸ ਦੀਆਂ ਸੀਮਾਵਾਂ ਤੋਂ ਉਪਰ ਹੈ। ਮੌਤ ਤੋਂ ਅਗਾਂਹ ਜੋ ਪ੍ਰਬੰਧ ਹੈ ਉਸ ਕਠਨ ਰਸਤੇ ਉਪਰ ਚਲ ਕੇ ਪਹੁੰਚਣਾ ਜੀਵਨ ਦਾ ਆਦਰਸ਼ ਹੈ। ਇਸ ਲਈ ਮੌਤ ਦਾ ਨਾਮ ਲੈ ਕੇ ਇਸ ਆਦਰਸ਼ ਨੂੰ ਯਾਦ ਰੱਖਿਆ ਜਾ ਸਕਦਾ ਹੈ।"[14]

ਮੌਤ ਅਤੇ ਨਾਸ਼ਮਾਨਤਾ ਸੰਬੰਧੀ ਆਪਣੇ ਵਿਚਾਰ ਬਾਬਾ ਫ਼ਰੀਦ ਨੇ ਸਿੱਧੇ ਸਾਦੇ ਕਥਨਾਂ ਰਾਹੀਂ ਵੀ ਪ੍ਰਗਟ ਕੀਤੇ ਹਨ ਅਤੇ ਬਿੰਬਾਵਲੀ ਰਾਹੀਂ ਵੀ। ਅਸੀਂ ਕੇਵਲ ਉਨ੍ਹਾਂ ਸ਼ਲੋਕਾਂ ਉਪਰ ਹੀ ਚਰਚਾ ਕਰਾਂਗੇ ਜਿਨ੍ਹਾਂ ਦੀ ਸ਼ੈਲੀ ਬਿੰਬਮਈ ਹੈ।

ਬਾਬਾ ਫ਼ਰੀਦ ਅਨੁਸਾਰ ਮੌਤ ਅਟੱਲ ਹੈ ਅਤੇ ਮੌਤ ਦਾ ਦਿਨ ਪਹਿਲਾਂ ਹੀ ਨਿਸ਼ਚਿਤ ਹੋ ਚੁੱਕਾ ਹੈ। ਮੌਤ ਦੀ ਇਹ ਨਿਸ਼ਚਿਤ ਘੜੀ ਕਿਸੇ ਹਾਲਤ ਵਿਚ ਨਹੀਂ ਟਲ ਸਕਦੀ। ਇਸ ਵਿਚਾਰ ਨੂੰ ਰੂਪਮਾਨ ਕਰਨ ਲਈ ਕਵੀ ਨੇ ਜਿੰਦ ਲਈ ਵਹੁਟੀ, ਮੌਤ ਲਈ ਲਾੜਾ ਅਤੇ ਮੌਤ ਦੇ ਦਿਨ ਲਈ ਸਾਹੇ ਦੇ ਦਿਨ ਦਾ ਬਿੰਬ ਪ੍ਰਯੁਕਤ ਕੀਤਾ ਹੈ :



Marfat.com

ਸਾਹੇ ਲਿਖੇ ਨ ਚਲਨੀ ਜਿੰਦੂ ਕੂੰ ਸਮਝਾਇ ॥
ਜਿੰਦੁ ਵਹੁਟੀ ਮਰਣੁ ਵਰੁ ਲੈ ਜਾਸੀ ਵਰਣਾਇ ॥

(ਆਦਿ ਗ੍ਰੰਥ, ਪੰਨਾ 1377)

ਪ੍ਰਭੂ ਦੇ ਬੁਲਾਵੇ ਤੇ ਜੀਵ-ਆਤਮਾ ਰੂਪੀ ਹੰਸ ਨੇ ਆਵੱਸ਼ ਹੀ ਉਡਾਰੀ ਮਾਰ ਜਾਣੀ ਹੈ ਅਤੇ ਮਨੁੱਖੀ ਸਰੀਰ ਨੇ ਮਿੱਟੀ ਦੀ ਢੇਰੀ ਮਾਤਰ ਹੋ ਕੇ ਰਹਿ ਜਾਣਾ ਹੈ :

ਕਹੈ ਫਰੀਦੁ ਸਹੇਲੀਹੋ ਸਹੁ ਅਲਾਏਸੀ ॥
ਹੰਸੁ ਚਲਸੀ ਡੁੰਮਣਾ ਅਹਿ ਤਨੁ ਢੇਰੀ ਥੀਸੀ ॥

(ਰਾਗ ਸੂਹੀ, ਆਦਿ ਗ੍ਰੰਥ, ਪੰਨਾ 794)

ਸਵਾਸਾਂ ਰੂਪੀ ਤਿਲ ਬੜੇ ਸੀਮਿਤ ਅਤੇ ਥੋੜ੍ਹੇ ਹਨ। ਏਸੇ ਕਰਕੇ ਇਨ੍ਹਾਂ ਦੀ ਵਰਤੋਂ ਬੜੀ ਸਮਝਦਾਰੀ ਨਾਲ ਕਰਨੀ ਚਾਹੀਦੀ ਹੈ :

ਫਰੀਦਾ ਜੇ ਜਾਣਾ ਤਿਲ ਥੋੜੜੇ ਸੰਮਲਿ ਬੁਕੁ ਭਰੀ ॥

(ਆਦਿ ਗ੍ਰੰਥ, ਪੰਨਾ 1378)

ਬਾਬਾ ਫ਼ਰੀਦ ਨੇ ਮਨੁੱਖੀ ਸਰੀਰ ਲਈ ਘੜੀ ਅਰਥਾਤ ਮਟਕੀ ਦਾ ਬਿੰਬ ਪੇਸ਼ ਕੀਤਾ ਹੈ। ਅਜ਼ਰਾਈਲ ਅਰਥਾਤ ਮੌਤ ਦੇ ਫਰਿਸ਼ਤੇ ਨੇ ਇਕ ਨਾ ਇਕ ਦਿਨ ਮਨੁੱਖੀ ਸਰੀਰ ਰੂਪੀ ਘੜੀ ਭੰਨ ਦੇਣੀ ਹੈ ਅਤੇ ਸਾਹਾਂ ਦੀ ਲੱਜ ਟੁੱਟ ਜਾਣੀ ਹੈ :

ਫਰੀਦਾ ਭੰਨੀ ਘੜੀ ਸਵੰਨਵੀ ਟੁਟੀ ਨਾਗਰ ਲਜੁ ॥
ਅਜਰਾਈਲ ਫਰੇਸਤਾ ਕੈਂ ਘਰਿ ਨਾਠੀ ਅਜੁ ॥

(ਆਦਿ ਗ੍ਰੰਥ, ਪੰਨਾ 1381)

ਬਾਬਾ ਫ਼ਰੀਦ ਦਾ ਵਿਚਾਰ ਹੈ ਕਿ ਮੌਤ ਕਿਸੇ ਦਾ ਲਿਹਾਜ਼ ਨਹੀਂ ਕਰਦੀ। ਵੱਡੇ ਵੱਡੇ ਸ਼ਹਿਨਸ਼ਾਹ ਜਿਨ੍ਹਾਂ ਦੇ ਸਿਰਾਂ ਉਪਰ ਛਤਰ ਝੁੱਲਦੇ ਸਨ, ਜਿਨ੍ਹਾਂ ਦੀ ਚੜ੍ਹਤ ਸਮੇਂ ਧੌਂਸੇ ਨਗਾਰੇ ਆਦਿ ਵਜਾਏ ਜਾਂਦੇ ਸਨ ਅਤੇ ਜਿਨ੍ਹਾਂ ਦੀ ਉਸਤਤੀ ਤੇ ਜਸ-ਗਾਣ ਕਰਨ ਸਮੇਂ ਭੇਰੀ ਤੇ ਨਫੀਰੀ ਆਦਿ ਵੰਨ-ਸੁਵੰਨੇ ਸਾਜ਼ ਵਜਾਏ ਜਾਂਦੇ ਸਨ, ਮੌਤ ਨੇ ਉਨ੍ਹਾਂ ਨੂੰ ਵੀ ਕਬਰਾਂ ਵਿਚ ਲਿਜਾ ਸੁੱਟਿਆ ਹੈ ਤੇ ਯਤੀਮ ਬਣਾ ਦਿੱਤੇ ਹਨ :

ਪਾਸਿ ਦਮਾਮੇ ਛਤੁ ਸਿਰਿ ਭੇਰੀ ਸਡੋ ਰਡ ॥
ਜਾਇ ਸੁਤੇ ਜੀਰਾਣ ਮਹਿ ਥੀਏ ਅਤੀਮਾ ਗਡ ॥

(ਆਦਿ ਗ੍ਰੰਥ, ਪੰਨਾ 1380)

ਆਪਣੀ ਵਾਰੀ ਸਿਰ ਹਰ ਇਕ ਨੇ ਮੌਤ ਦੀ ਗੋਦ ਵਿਚ ਜਾ ਬੈਠਣਾ ਹੈ। ਮਨੁੱਖੀ ਜ਼ਿੰਦਗੀ ਦੇ ਦਿਨ ਪੂਰਵ-ਨਿਸ਼ਚਿਤ ਹਨ ਤੇ ਇਨ੍ਹਾਂ ਵਿਚ ਵਾਧਾ ਨਹੀਂ ਕੀਤਾ ਜਾ ਸਕਦਾ। ਬਾਬਾ ਫ਼ਰੀਦ ਅਨੁਸਾਰ ਮਨੁੱਖੀ ਜਿੰਦ ਰੂਪੀ ਗੋਦੜੀ ਨੂੰ ਕੋਈ ਮੇਖ ਟਾਂਕਾ ਲਾ ਕੇ ਹੋਰ ਜ਼ਿਆਦਾ ਹੰਢਾਉਣ ਯੋਗ ਨਹੀਂ ਬਣਾਇਆ ਜਾ ਸਕਦਾ :

ਫਰੀਦਾ ਖਿੰਥੜਿ ਮੇਖਾ ਅਗਲੀਆ ਜਿੰਦੁ ਨ ਕਾਈ ਮੇਖ ॥
ਵਾਰੀ ਆਪੋ ਆਪਣੀ ਚਲੇ ਮਸਾਇਕ ਸੇਖ ॥ (ਆਦਿ ਗ੍ਰੰਥ, ਪੰਨਾ 1380)



Marfat.com

ਦੁਨੀਆਂ ਦੀਆਂ ਰੰਗਰਲੀਆਂ ਵਿਚ ਗ਼ਲਤਾਨ ਮਨੁੱਖ ਨੂੰ ਕਿਹੜੇ ਪਲ ਮੌਤ ਆ ਜਾਣੀ ਹੈ, ਇਸ ਦਾ ਕਿਸੇ ਨੂੰ ਕੁੱਝ ਪਤਾ ਨਹੀਂ। ਇਸ ਭਾਵ ਨੂੰ ਕਵੀ ਨੇ ਬੜੇ ਹੀ ਸੁੰਦਰ ਰੂਪਕ ਬਿੰਬ ਦੀ ਮਦਦ ਨਾਲ ਰੂਪਮਾਨ ਕੀਤਾ ਹੈ :

ਫਰੀਦਾ ਦਰੀਆਵੈ ਕੰਨੈ ਬਗੁਲਾ ਬੈਠਾ ਕੇਲ ਕਰੇ ।
ਕੇਲ ਕਰੇਂਦੇ ਹੰਝ ਨੋ ਅਚਿੰਤੇ ਬਾਜ ਪਏ ॥
ਬਾਜ ਪਏ ਤਿਸੁ ਰਬ ਦੇ ਕੇਲਾਂ ਵਿਸਰੀਆਂ ॥
ਜੋ ਮਨਿ ਚਿਤਿ ਨ ਚੇਤੇ ਸਨਿ ਸੋ ਗਾਲੀ ਰਬ ਕੀਆਂ ॥

(ਆਦਿ ਗ੍ਰੰਥ, ਪੰਨਾ 1383)

ਬਾਬਾ ਫ਼ਰੀਦ ਅਨੁਸਾਰ ਦੁਨੀਆਂ ਰੂਪੀ ਸਰੋਵਰ ਦੇ ਕੰਢੇ ਜਿਨ੍ਹਾਂ ਮਨੁੱਖ ਰੂਪੀ ਪੰਛੀਆਂ ਨੇ ਰੌਣਕਾਂ ਲਾਈਆਂ ਹੋਈਆਂ ਸਨ ਉਹ ਇਥੋਂ ਉਡਾਰੀ ਮਾਰ ਗਏ ਹਨ :

ਚਲਿ ਚਲਿ ਗਈਆ ਪੰਖੀਆ ਜਿਨੀ ਵਸਾਏ ਤਲ ॥
ਫਰੀਦਾ ਸਰੁ ਭਰਿਆ ਭੀ ਚਲਸੀ ਥਕੇ ਕਵਲ ਇਕਲ ॥

(ਆਦਿ ਗ੍ਰੰਥ, ਪੰਨਾ 1381)

ਦੁਨੀਆਂ ਰੂਪੀ ਸੁਹਾਵੇ ਬਾਗ ਵਿਚ ਜੀਵ ਰਪੀ ਪੰਖੀ ਇਕ ਪਰਾਹੁਣੇ ਵਾਂਗ ਆਉਂਦਾ ਹੈ। ਪਰਾਹੁਣਾ ਕਿਸੇ ਘਰ ਸਦਾ ਵਾਸਤੇ ਨਹੀਂ ਰਹਿਣ ਆਉਂਦਾ, ਉਸ ਨੇ ਵਾਪਸ ਆਵੱਸ਼ ਹੀ ਜਾਣਾ ਹੁੰਦਾ ਹੈ :

ਫਰੀਦਾ ਪੰਖ ਪਰਾਹੁਣੀ ਦੁਨੀ ਸੁਹਾਵਾ ਬਾਗੁ ॥
ਨਉਬਤਿ ਵਜੀ ਸੁਬਹ ਸਿਉ ਚਲਣ ਕਾ ਕਰਿ ਸਾਜ ॥

(ਆਦਿ ਗ੍ਰੰਥ, ਪੰਨਾ 1382)

ਮਨੁੱਖ ਦੁਨੀਆਂ ਵਿਚ ਆ ਕੇ ਦੁਨਿਆਵੀ ਕਾਰ-ਵਿਹਾਰ ਵਿਚ ਰੁੱਝ ਜਾਂਦਾ ਹੈ। ਆਪਣੀ ਅੰਤਿਮ ਹੋਣੀ ਤੋਂ ਬੇਖ਼ਬਰ ਉਹ ਸਿਰ ਉਪਰ ਬੰਨ੍ਹੀ ਪੱਗ ਨੂੰ ਮਿੱਟੀ ਘੱਟਾ ਤਕ ਨਹੀਂ ਲਗਣ ਦਿੰਦਾ, ਉਹ ਨਹੀਂ ਜਾਣਦਾ ਕਿ ਪੱਗ ਤਾਂ ਕੀ ਸਿਰ ਨੇ ਵੀ ਆਖ਼ਿਰ ਮਿੱਟੀ ਵਿਚ ਮਿਲ ਜਾਣਾ ਹੈ।

ਫਰੀਦਾ ਮੈਂ ਭੋਲਾਵਾ ਪਗ ਦਾ ਮਤੁ ਮੈਲੀ ਹੋਇ ਜਾਇ ॥
ਗਹਿਲਾ ਰੂਹ ਨ ਜਾਣਈ ਸਿਰੁ ਭੀ ਮਿਟੀ ਖਾਇ ॥

(ਆਦਿ ਗ੍ਰੰਥ, ਪੰਨਾ 1379)

ਮੌਤ ਵਾਸਤੇ ਬਾਬਾ ਫ਼ਰੀਦ ਨੇ ਦਰਿਆ ਦੀ ਢਾਹ ਦਾ ਬਿੰਬ ਪ੍ਰਯੁਕਤ ਕੀਤਾ ਹੈ। ਨਾਲ ਹੀ ਦੋਜ਼ਖ਼ ਦਾ ਡਰਾਉਣਾ ਚਿੱਤਰ ਵੀ ਖਿੱਚ ਦਿੱਤਾ ਹੈ :

ਫਰੀਦਾ ਮਉਤੈ ਦਾ ਬੰਨਾ ਏਵੈ ਦਿਸੈ ਜਿਉ ਦਰੀਆਵੈ ਢਾਹਾ ॥
ਅਗੈ ਦੋਜਕ ਤਪਿਆ ਸੁਣੀਐ ਹੂਲ ਪਵੈ ਕਹਾਹਾ ॥

(ਆਦਿ ਗ੍ਰੰਥ, ਪੰਨਾ 1383)



Marfat.com

ਮੌਤ ਦੀ ਅਟੱਲਤਾ ਅਤੇ ਜੀਵਨ ਦੀ ਨਾਸ਼ਮਾਨਤਾ ਨੂੰ ਦ੍ਰਿੜ੍ਹ ਕਰਾਉਣ ਲਈ ਬਾਬਾ ਫ਼ਰੀਦ ਨੇ ਹੇਠਲੇ ਸ਼ਲੋਕ ਵਿਚ ਦੋ ਬੜੇ ਹੀ ਸੁੰਦਰ ਦ੍ਰਿਸ਼ਟਾਂਤ ਬਿੰਬ ਪ੍ਰਸਤੁਤ ਕੀਤੇ ਹਨ :

ਕੰਧੀ ਉਤੇ ਰੁਖੜਾ ਕਿਚਰਕੁ ਬੰਨੇ ਧੀਰ ॥
ਫਰੀਦਾ ਕਚੈ ਭਾਂਡੈ ਰਖੀਐ ਕਿਚਰੁ ਤਾਈ ਨੀਰ ॥

(ਆਦਿ ਗ੍ਰੰਥ, ਪੰਨਾ 1382)

ਬਾਬਾ ਫ਼ਰੀਦ ਨੇ ਇਸਲਾਮੀ ਪਰੰਪਰਾ ਅਨੁਸਾਰ ਮੌਤ ਦੇ ਫ਼ਰਿਸ਼ਤੇ ਅਜ਼ਰਾਈਲ ਜਾਂ ਮਲਕੁਲ ਮੌਤ ਵਿਚ ਵਿਸ਼ਵਾਸ ਪ੍ਰਗਟ ਕਰਦਿਆਂ ਕਿਹਾ ਹੈ ਕਿ ਇਹ ਮੌਤ ਦਾ ਫ਼ਰਿਸ਼ਤਾ ਇਕ ਧਾੜਵੀ ਦੀ ਤਰ੍ਹਾਂ ਆਉਂਦਾ ਹੈ ਤੇ ਮਨੁੱਖੀ ਸਰੀਰ ਰੂਪੀ ਕਿਲ੍ਹੇ ਉਪਰ ਕਬਜ਼ਾ ਕਰ ਲੈਂਦਾ ਹੈ। ਜਿੰਦ ਰੂਪੀ ਕੀਮਤੀ ਵਸਤੂ ਨੂੰ ਲੁੱਟ ਕੇ ਨਾਲ ਲਿਜਾਂਦਾ ਹੋਇਆ ਉਹ ਜਾਣ ਵੇਲੇ ਦੋ ਅੱਖਾਂ ਰੂਪੀ ਦੀਵਿਆਂ ਨੂੰ ਬੁਝਾ ਜਾਂਦਾ ਹੈ। ਇਹ ਚਿੱਤਰ ਖਿੱਚਦਾ ਕਵੀ ਲਿਖਦਾ ਹੈ :

ਫਰੀਦਾ ਦੁਹੁ ਦੀਵੀ ਬਲੰਦਿਆ ਮਲਕੁ ਬਹਿਠਾ ਆਇ ॥
ਗੜੁ ਲੀਤਾ ਘਟੁ ਲੁਟਿਆ ਦੀਵੜੇ ਗਇਆ ਬੁਝਾਇ ॥

(ਆਦਿ ਗ੍ਰੰਥ, ਪੰਨਾ 1380)

ਬਾਬਾ ਫ਼ਰੀਦ ਦਾ ਅਨੁਭਵ ਹੈ ਕਿ 'ਕੋਠੇ ਮੰਡਪ ਮਾੜੀਆਂ' ਵਿਚ ਰਹਿਣ ਵਾਲੇ ਮਨੁੱਖ ਦਾ ਵੀ ਅੰਤ ਸਮੇਂ ਨੂੰ 'ਕੋਈ ਨਾ ਹੋਸੀ ਮਿਤੁ'। ਮਹੱਲਾਂ ਨੂੰ ਸਖਣੇ ਛੱਡ ਕੇ ਅੰਤ ਨੂੰ ਮਨੁੱਖ ਧਰਤੀ ਦੇ ਵਿਛੌਣੇ ਉਪਰ ਹੀ ਸਦੀਵੀ ਨੀਂਦ ਸੌਂਦਾ ਹੈ :

ਫਰੀਦਾ ਮਹਲ ਨਿਸਖਣ ਰਹਿ ਗਏ ਵਾਸਾ ਆਇਆ ਤਲਿ ॥
ਗੋਰਾਂ ਸੇ ਨਿਮਾਣੀਆ ਬਹਸਨਿ ਰੂਹਾਂ ਮਲਿ ॥
ਆਖੀਂ ਸੇਖਾ ਬੰਦਗੀ ਚਲਣੁ ਅਜੁ ਕਿ ਕਲਿ ॥

(ਆਦਿ ਗ੍ਰੰਥ, ਪੰਨਾ 1382-83)

ਜਵਾਨੀ ਵੇਲੇ ਜਿਹੜੀਆਂ ਸੁੰਦਰ ਤੇ ਕੋਮਲ ਅੱਖੀਆਂ ਕੱਜਲੇ ਦੀ ਧਾਰ ਨਹੀਂ ਸਹਾਰਦੀਆਂ, ਮੌਤ ਉਪਰੰਤ ਉਨ੍ਹਾਂ ਵਿਚ ਬੈਠ ਕੇ ਪੰਛੀ ਬੱਚਿਆਂ ਨੂੰ ਜਨਮ ਦੇਂਦੇ ਹਨ। ਇਸ ਭਾਵ ਦਾ ਬਿੰਬਾਂਕਣ ਬਾਬਾ ਫ਼ਰੀਦ ਨੇ ਇਉਂ ਕੀਤਾ ਹੈ :

ਫਰੀਦਾ ਜਿਨ ਲੋਇਣ ਜਗੁ ਮੋਹਿਆ ਸੇ ਲੋਇਣ ਮੈ ਡਿਠੁ ॥
ਕਜਲ ਰੇਖ ਨ ਸਹਦਿਆ ਸੇ ਪੰਖੀ ਸੂਇ ਬਹਿਠੁ ॥

(ਆਦਿ ਗ੍ਰੰਥ, ਪੰਨਾ 1378)

ਮਨੁੱਖ ਦੀ ਇਸ ਦਰਦਨਾਕ ਤੇ ਡਰਾਉਣੀ ਹੋਣੀ ਦਾ ਚਿੱਤਰ ਇਕ ਹੋਰ ਸ਼ਲੋਕ ਵਿਚ ਬਾਬਾ ਫ਼ਰੀਦ ਨੇ ਇਉਂ ਖਿੱਚਿਆ ਹੈ :

ਫਰੀਦਾ ਇਟ ਸਿਰਾਣੇ ਭੁਇ ਸਵਣੁ ਕੀੜਾ ਲੜਿਓ ਮਾਸਿ ॥
ਕੇਤੜਿਆ ਜੁਗ ਵਾਪਰੇ ਇਕਤੁ ਪਇਆ ਪਾਸ ॥

(ਆਦਿ ਗ੍ਰੰਥ, ਪੰਨਾ 1381)



Marfat.com

ਮਾਨਵੀਕਰਣ ਦੀ ਵਿਧੀ ਰਾਹੀਂ ਸਿਰਜੇ ਬਿੰਬਾਂ ਨਾਲ ਵੀ ਕਵੀ ਨੇ ਮੌਤ ਨੂੰ ਚਿਤ੍ਰਣ ਦਾ ਕਮਾਲ ਵਿਖਾਇਆ ਹੈ, ਜਿਵੇਂ :

1. ਫਰੀਦਾ ਗੋਰ ਨਿਮਾਣੀ ਸਡੁ ਕਰੇ ਨਿਘਰਿਆ ਘਰਿ ਆਉ ॥
ਸਰਪਰ ਮੈਥੈ ਆਵਣਾ ਮਰਣਹੁ ਨਾ ਡਰਿਆਹੁ ॥

(ਆਦਿ ਗ੍ਰੰਥ, ਪੰਨਾ 1382)

2. ਜਿਮੀ ਪੁਛੈ ਅਸਮਾਨ ਫਰੀਦਾ ਖੇਵਟ ਕਿੰਨਿ ਗਏ ॥
ਜਾਲਣ ਗੋਰਾਂ ਨਾਲਿ ਉਲਾਮੇ ਜੀਅ ਸਹੇ ॥

(ਰਾਗ ਆਸਾ, ਆਦਿ ਗ੍ਰੰਥ, ਪੰਨਾ 488)

ਜਿਵੇਂ ਕਿ ਪਹਿਲਾਂ ਵੀ ਦੱਸਿਆ ਜਾ ਚੁੱਕਾ ਹੈ ਕਿ ਬਾਬਾ ਫ਼ਰੀਦ ਮੌਤ ਦਾ ਚਿਤ੍ਰਣ ਮਨੁੱਖ ਨੂੰ ਨਿਰਾਸ਼ ਅਤੇ ਭੈਭੀਤ ਕਰਨ ਲਈ ਨਹੀ ਕਰਦਾ ਸਗੋਂ ਮਨੁੱਖ ਨੂੰ ਉਸ ਦੀ ਅੰਤਿਮ ਹੋਣੀ ਤੋਂ ਜਾਣੂ ਕਰਵਾ ਕੇ ਨੇਕ ਅਮਲਾਂ ਵੱਲ ਪ੍ਰੇਰਿਤ ਕਰਨ ਲਈ ਕਰਦਾ ਹੈ। ਮੌਤ ਦੇ ਸੰਪੂਰਣ ਦ੍ਰਿਸ਼ ਨੂੰ ਮੂਰਤੀਮਾਨ ਕਰਦੇ ਹੇਠਲੇ ਸ਼ਲੋਕ ਦੀ ਆਖਰੀ ਪੰਕਤੀ ਤੋਂ ਇਹ ਗੱਲ ਚੰਗੀ ਤਰ੍ਹਾਂ ਸਪਸ਼ਟ ਹੋ ਜਾਂਦੀ ਹੈ :

ਸਾਢੇ ਤ੍ਰੈ ਮਣ ਦੇਹੁਰੀ ਚਲੈ ਪਾਣੀ ਅੰਨਿ ॥
ਆਇਓ ਬੰਦਾ ਦੁਨੀ ਵਿਚਿ ਵਤਿ ਆਸੂਣੀ ਬੰਨਿ ॥
ਮਲਕਲ ਮਉਤ ਜਾਂ ਆਵਸੀ ਸਭ ਦਰਵਾਜੇ ਭੰਨਿ ॥
ਤਿਨਾ ਪਿਆਰਿਆ ਭਾਈਆਂ ਅਗੈ ਦਿਤਾ ਬੰਨਿ ॥
ਵੇਖਹੁ ਬੰਦਾ ਚਲਿਆ ਚਹੁ ਜਣਿਆ ਦੈ ਕੰਨਿ ॥
ਫਰੀਦਾ ਅਮਲ ਜਿ ਕੀਤੇ ਦੁਨੀ ਵਿਚਿ ਦਰਗਹਿ ਆਏ ਕੰਮਿ ॥

(ਆਦਿ ਗ੍ਰੰਥ, ਪੰਨਾ 1383)

ਬੁਢਾਪਾ ਮੌਤ ਦੀ ਨਿਸ਼ਾਨੀ ਹੈ। ਬੁਢਾਪਾ ਆ ਜਾਵੇ ਤਾਂ ਸਮਝੋ ਮੌਤ ਦਾ ਸਮਾਂ ਨਜ਼ਦੀਕ ਆ ਰਿਹਾ ਹੈ। ਬੁਢਾਪੇ ਵਿਚ ਦਾੜ੍ਹੀ, ਮੁੱਛਾਂ ਤੇ ਸਿਰ ਦੇ ਵਾਲ ਚਿੱਟੇ ਹੋ ਜਾਂਦੇ ਹਨ, ਸਰੀਰ ਦੇ ਸਾਰੇ ਅੰਗ ਕਮਜ਼ੋਰ ਹੋ ਜਾਂਦੇ ਹਨ, ਕੰਨਾਂ ਤੋਂ ਉੱਚਾ ਸੁਣਨਾ ਸ਼ੁਰੂ ਹੋ ਜਾਂਦਾ ਹੈ, ਨਜ਼ਰ ਘਟ ਜਾਂਦੀ ਹੈ, ਦੰਦ ਹਿਲਣੇ ਸ਼ੁਰੂ ਹੋ ਜਾਂਦੇ ਹਨ, ਸਰੀਰ ਕੰਬਣਾ ਸ਼ੁਰੂ ਕਰ ਦਿੰਦਾ ਹੈ। ਨਿਰਬਲਤਾ ਕਰਕੇ ਨੇੜੇ ਪਈ ਚੀਜ਼ ਸੈਂਕੜੇ ਕੋਹ ਦੂਰ ਜਾਪਦੀ ਹੈ, ਦਿਲ ਧਾਹਾਂ ਮਾਰਦਾ ਹੈ ਕਿ ਸਾਰੀ ਉਮਰ ਦਾ ਸਾਥ ਨਿਭਾਉਣ ਵਾਲੇ ਸਾਥੀ – ਕੰਨ, ਅੱਖਾਂ, ਦੰਦ, ਲੱਤਾਂ—ਵੀ ਸਾਥ ਛੱਡਦੇ ਜਾ ਰਹੇ ਹਨ ਅਤੇ ਦੁਨੀਆਂ ਦੀਆਂ ਚਹੁੰ ਦਿਸ਼ਾਵਾਂ ਵਿਚ ਜੀਵ ਨੂੰ ਰਹਿਣ ਲਈ ਕੋਈ ਥਾਂ ਨਹੀਂ ਦਿਸਦੀ। ਮਨੁੱਖ ਦੀ ਬਿਰਧ ਅਵਸਥਾ ਦਾ ਇਹ ਸੰਪੂਰਣ ਚਿੱਤਰ ਫ਼ਰੀਦ-ਬਾਣੀ ਵਿਚ ਬੜੀ ਹੀ ਸੁੰਦਰ ਬਿੰਬਾਵਲੀ ਰਾਹੀਂ ਮੂਰਤੀਮਾਨ ਹੋਇਆ ਮਿਲਦਾ ਹੈ।

ਰੁੱਤ ਫਿਰਨ ਅਰਥਾਤ ਸਮੇਂ ਦੇ ਬਦਲਣ ਨਾਲ ਮਨੁੱਖੀ ਸਰੀਰ ਰੂਪੀ ਜੰਗਲ ਕੰਬ ਉਠਦਾ ਹੈ ਅਤੇ ਪੱਤਿਆਂ ਰੂਪੀ ਅੰਗ ਝੜਨੇ, ਕੁਮਲਾਣੇ ਸ਼ੁਰੂ ਹੋ ਜਾਂਦੇ ਹਨ। ਮੌਤ ਤੋਂ



Marfat.com

ਛੁਪਣ ਲਈ ਜੀਵ ਨੂੰ ਚੌਹੀਂ ਪਾਸੀਂ ਕਿਤੇ ਕੋਈ ਥਾਂ ਨਹੀਂ ਦਿਸਦੀ ॥

ਫਰੀਦਾ ਰੁਤਿ ਫਿਰੀ ਵਣੁ ਕੰਬਿਆ ਪਤ ਝੜੇ ਝੜਿ ਪਾਹਿ ॥
ਚਾਰੇ ਕੁੰਡਾਂ ਢੂੰਢੀਆਂ ਰਹਣੁ ਕਿਥਾਊ ਨਾਹਿ ॥

(ਆਦਿ ਗ੍ਰੰਥ, ਪੰਨਾ 1383)

ਮਨੁੱਖੀ-ਸਰੀਰ ਰੂਪੀ ਟਾਹਣੀ ਦਾ ਬੁਢਾਪੇ ਵਿਚ ਪੱਕ ਜਾਣ ਕਰਕੇ ਰੰਗ ਹੀ ਹੋਰ ਹੋ ਜਾਂਦਾ ਹੈ :

ਫਰੀਦਾ ਅਖੀ ਦੇਖਿ ਪਤੀਣੀਆ ਸੁਣਿ ਸੁਣਿ ਰੀਣੇ ਕੰਨ ॥
ਸਾਖ ਪਕੰਦੀ ਆਈਆ ਹੋਰ ਕਰੇਂਦੀ ਵੰਨ ॥

(ਆਦਿ ਗ੍ਰੰਥ, ਪੰਨਾ 1378)

ਅਤੇ

ਫਰੀਦਾ ਸਿਰੁ ਪਲਿਆ ਦਾੜੀ ਪਲੀ ਮੁਛਾਂ ਭੀ ਪਲੀਆਂ ॥
ਰੇ ਮਨ ਗਹਿਲੇ ਬਾਵਲੇ ਮਾਣਹਿ ਕਿਆ ਰਲੀਆ ॥

(ਆਦਿ ਗ੍ਰੰਥ, ਪੰਨਾ 1380)

ਜਦੋਂ ਪੱਕਾ ਜੀਵਨ-ਸਾਥੀ ਵੀ ਸਾਥ ਛੱਡਦਾ ਜਾਵੇ ਤਾਂ ਦਿਲ ਧਾਹਾਂ ਨਹੀਂ ਮਾਰੇਗਾ ਤਾਂ ਕੀ ਕਰੇਗਾ ? ਦੰਦਾਂ, ਲੱਤਾਂ, ਅੱਖਾਂ ਤੇ ਕੰਨਾਂ ਨੇ ਹਮੇਸ਼ਾ ਦਿਲ ਦਾ ਸਾਥ ਨਿਭਾਇਆ, ਦੁੱਖ-ਸੁਖ ਦੇ ਭਾਈਵਾਲ ਬਣੇ ਪਰ ਬੁਢਾਪੇ ਵਿਚ ? ਬੁਢਾਪੇ ਵਿਚ ਇਨ੍ਹਾਂ ਦੀ ਬੇਬਸੀ ਭਰੀ ਬੇਵਫ਼ਾਈ ਦਾ ਕਰੁਣਾਤਮਕ ਚਿੱਤਰ ਬਾਬਾ ਫ਼ਰੀਦ ਨੇ ਇਉਂ ਖਿੱਚਿਆ ਹੈ :

ਚਬਣ ਚਲਣ ਰਤੰਨ ਸੇ ਸੁਣੀਅਰ ਬਹਿ ਗਏ ॥
ਹੇੜੇ ਮੁਤੀ ਧਾਹ ਸੇ ਜਾਨੀ ਚਲਿ ਗਏ ॥

(ਆਦਿ ਗ੍ਰੰਥ, ਪੰਨਾ 1381)

ਬੁਢਾਪੇ ਦੀ ਅਵਸਥਾ ਵਿਚ ਪੁੱਜ ਕੇ ਜੀਵ ਨੂੰ ਜੀਵਨ ਦੇ ਪਿਛਲੇ ਪੜਾ ਬਚਪਨ ਤੇ ਜਵਾਨੀ ਲੋਪ ਹੋ ਰਹੇ ਪ੍ਰਤੀਤ ਹੁੰਦੇ ਹਨ ਤੇ ਮੌਤ ਦਾ ਕਿਨਾਰਾ ਨੇੜੇ ਆ ਰਿਹਾ ਮਹਿਸੂਸ ਹੁੰਦਾ ਹੈ। ਬੀਤ ਰਹੇ ਬੁਢਾਪੇ ਅਤੇ ਨਜ਼ਦੀਕ ਦਿਸ ਰਹੀ ਮੌਤ ਦੇ ਸਾਂਝੇ ਚਿੱਤਰ ਵੀ ਫ਼ਰੀਦ-ਬਾਣੀ ਵਿਚ ਕਈ ਥਾਵਾਂ ਤੇ ਵੇਖੇ ਜਾ ਸਕਦੇ ਹਨ :

1. ਦੇਖੁ ਫਰੀਦਾ ਜੁ ਥੀਆ ਦਾੜੀ ਹੋਈ ਭੂਰ ॥
ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰ ॥

(ਆਦਿ ਗ੍ਰੰਥ, ਪੰਨਾ 1378)

2. ਬੁਢਾ ਹੋਆ ਸੇਖ ਫਰੀਦ ਕੰਬਣਿ ਲਗੀ ਦੇਹ ॥
ਜੇ ਸਉ ਵਰ੍ਹਿਆ ਜੀਵਣਾ ਭੀ ਤਨੁ ਹੋਸੀ ਖੇਹੁ ॥

(ਆਦਿ ਗ੍ਰੰਥ, ਪੰਨਾ 1380)

ਬਾਬਾ ਫ਼ਰੀਦ ਨੇ ਕੇਵਲ ਬੁਢਾਪੇ ਵਿਚ ਮਨੁੱਖ ਦੀ ਬਾਹਰਮੁਖੀ ਸਰੀਰਕ ਅਵਸਥਾ ਦੇ ਹੀ ਚਿੱਤਰ ਨਹੀਂ ਪੇਸ਼ ਕੀਤੇ ਸਗੋਂ ਮਨੁੱਖ ਦੀ ਮਾਨਸਿਕ ਅਵਸਥਾ ਨੂੰ ਵੀ ਚਿਤਰਿਆ



Marfat.com

ਹੈ। ਜਵਾਨੀ ਵਿਚ ਮਿੱਠੀਆਂ ਅਤੇ ਸੁਖਦ ਮਹਿਸੂਸ ਹੋਣ ਵਾਲੀਆਂ ਚੀਜ਼ਾਂ ਬੁਢਾਪੇ ਵਿਚ ਜੀਵ ਦੀ ਮਾਨਸਿਕਤਾ ਨੂੰ ਜ਼ਹਿਰ ਵਰਗੀਆਂ ਕੜਵੀਆਂ ਪ੍ਰਤੀਤ ਹੁੰਦੀਆਂ ਹਨ ਅਤੇ ਉਸ ਦੀ ਇਸ ਦੁੱਖ ਭਰੀ ਵੇਦਨਾ ਨੂੰ ਕੇਵਲ ਪਰਮਾਤਮਾ ਹੀ ਜਾਣ ਸਕਦਾ ਹੈ :

ਦੇਖੁ ਫਰੀਦਾ ਜਿ ਥੀਆ ਸਕਰ ਹੋਈ ਵਿਸੁ ॥
ਸਾਂਈ ਬਾਝਹੁ ਆਪਣੇ ਵੇਦਣ ਕਹੀਐ ਕਿਸੁ ॥

(ਆਦਿ ਗ੍ਰੰਥ, ਪੰਨਾ 1378)

ਜਿਨ੍ਹਾਂ ਲੱਤਾਂ ਨਾਲ ਮਨੁੱਖ ਨੇ ਜਵਾਨੀ ਵਿਚ ਥਲ, ਪਰਬਤ, ਪਹਾੜ ਆਦਿ ਘੁੰਮੇ ਹੁੰਦੇ ਹਨ ਉਹ ਬੁਢਾਪੇ ਵਿਚ ਇਸ ਕਦਰ ਨਿਰਬਲ ਹੋ ਜਾਂਦੀਆਂ ਹਨ ਕਿ ਮਨੁੱਖ ਨੂੰ ਨੇੜੇ ਪਈ ਵਸਤੂ ਵੀ ਮਾਨਸਿਕ ਤੌਰ ਤੇ ਸੈਂਕੜੇ ਮੀਲ ਦੂਰ ਪਈ ਪ੍ਰਤੀਤ ਹੁੰਦੀ ਹੈ। ਸਰੀਰ ਤੇ ਮਨ ਦੀ ਇਸ ਦਿਲ-ਚੀਰਵੀਂ ਸਥਿਤੀ ਦਾ ਚਿੱਤਰ ਕਵੀ ਨੇ ਇਉਂ ਖਿੱਚਿਆ ਹੈ :

ਫਰੀਦਾ ਇਨੀ ਨਿਕੀ ਜੰਘੀਐ ਥਲ ਡੂਗਰ ਭਵਿਓਮਿ ॥
ਅਜੁ ਫਰੀਦੈ ਕੂਜੜਾ ਸੈ ਕੋਹਾਂ ਥੀਓਮਿ ॥

(ਆਦਿ ਗ੍ਰੰਥ, ਪੰਨਾ 1378)

ਉਪਰੋਕਤ ਵਿਵੇਚਣ ਤੋਂ ਸਪਸ਼ਟ ਹੁੰਦਾ ਹੈ ਕਿ ਬਾਬਾ ਫ਼ਰੀਦ ਨੇ ਮੌਤ, ਜੀਵਨ ਦੀ ਨਾਸ਼ਮਾਨਤਾ ਅਤੇ ਬੁਢਾਪੇ ਸੰਬੰਧੀ ਆਪਣੇ ਭਾਵਾਂ ਅਤੇ ਵਿਚਾਰਾਂ ਦਾ ਪ੍ਰਗਟਾਵਾ ਬੜੀ ਹੀ ਭਾਵਪੂਰਤ ਅਤੇ ਢੁੱਕਵੀਂ ਬਿੰਬਾਵਲੀ ਰਾਹੀਂ ਕਰਨ ਵਿਚ ਸਫ਼ਲਤਾ ਹਾਸਲ ਕੀਤੀ ਹੈ।

## ਗ) ਸਦਾਚਾਰ ਜਾਂ ਨੈਤਿਕਤਾ

ਨੈਤਿਕਤਾ ਵੀ ਫ਼ਰੀਦ-ਬਾਣੀ ਦਾ ਇਕ ਮਹੱਤਵਪੂਰਣ ਵਿਸ਼ਾ ਹੈ। ਪੰਜਾਬੀ ਵਿਚ ਨੈਤਿਕਤਾ ਲਈ 'ਸਦਾਚਾਰ' ਸ਼ਬਦ ਵੀ ਵਰਤਿਆ ਜਾਂਦਾ ਹੈ ਜਿਸ ਦਾ ਅਰਥ ਹੈ—ਸ਼ੁਭ ਜਾਂ ਚੰਗਾ ਆਚਾਰ।[15] ਨੈਤਿਕਤਾ ਲਈ ਅੰਗਰੇਜ਼ੀ ਵਿਚ ਵਰਤੇ ਜਾਂਦੇ ਸ਼ਬਦ "Ethics" ਨੂੰ ਯੂਨਾਨੀ ਮੂਲ "Ethos" ਤੋਂ ਵਿਕਸਿਤ ਹੋਇਆ ਦੱਸਿਆ ਗਿਆ ਹੈ ਜਿਸ ਦਾ ਭਾਵ ਹੈ "Character" ਜਾਂ ਚਰਿੱਤਰ।[16] ਨੈਤਿਕਤਾ ਲਈ ਅੰਗਰੇਜ਼ੀ ਵਿਚ "Morality" ਸ਼ਬਦ ਦਾ ਵੀ ਪ੍ਰਯੋਗ ਕੀਤਾ ਜਾਂਦਾ ਹੈ ਜਿਸ ਦਾ ਅਰਥ ਹੈ—ਮਨੁੱਖੀ ਆਚਾਰ ਨਾਲ ਸੰਬੰਧਿਤ ਸਿੱਧਾਂਤ ਜਾਂ ਵਿਚਾਰਾਂ ਦਾ ਪ੍ਰਬੰਧ।[17] ਨੀਤੀ-ਸ਼ਾਸਤਰ ਦਾ ਸੰਬੰਧ ਮਨੁੱਖ ਦੀ ਆਚਾਰ-ਨੀਤੀ ਜਾਂ ਨੈਤਿਕਤਾ ਨਾਲ ਹੈ। ਨੀਤੀ-ਵਿਗਿਆਨ ਮਨੁੱਖ ਦੇ ਸਦਾਚਾਰਕ ਵਤੀਰੇ (ਆਚਰਣ) ਦਾ ਨੇਮ ਬੱਧ ਅਧਿਐਨ ਹੈ ਜਿਸ ਦਾ ਮਨੋਰਥ ਮਨੁੱਖੀ ਜੀਵਨ ਦੇ ਆਦਰਸ਼ਾਂ ਦੀ ਭਾਲ ਅਤੇ ਆਦਰਸ਼ਾਂ ਦੀ ਪ੍ਰਾਪਤੀ ਸੰਭਵ ਬਣਾਉਣ ਵਾਲੇ ਨਿਯਮਾਂ ਦੀ ਖੋਜ ਹੈ।[18]

ਨੈਤਿਕਤਾ ਸੰਬੰਧੀ ਪ੍ਰਗਟ ਕੀਤੇ ਵੱਖ ਵੱਖ ਵਿਦਵਾਨਾਂ ਦੇ ਉਪਰੋਕਤ ਵਿਚਾਰਾਂ ਦੀ ਰੋਸ਼ਨੀ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਨੈਤਿਕਤਾ ਤੋਂ ਭਾਵ ਮਨੁੱਖ ਦੇ ਸ਼ੁਭ-ਆਚਾਰ, ਸੁਚੱਜੇ ਵਿਵਹਾਰ ਜਾਂ ਉਸ ਦੇ ਨਿਤਾ-ਪ੍ਰਤੀ ਜੀਵਨ ਵਿਚ ਚੰਗੇ ਕਰਮ ਕਰਨ ਲਈ ਅਪਣਾਏ



Marfat.com

ਅਸੂਲਾਂ ਜਾਂ ਨਿਯਮਾਵਲੀ ਤੋਂ ਹੈ। ਨੈਤਿਕਤਾ ਨੂੰ ਚੰਗੇ ਤੇ ਬੁਰੇ ਜਾਂ ਯੋਗ ਤੇ ਅਯੋਗ ਕੰਮਾਂ ਦਾ ਨਿਰਣਾ ਕਰਨ ਦੀ ਕਸਵੱਟੀ ਵੀ ਆਖਿਆ ਜਾ ਸਕਦਾ ਹੈ। ਕੁਲ ਮਿਲਾ ਕੇ ਨੈਤਿਕਤਾ ਮਨੁੱਖੀ-ਆਚਾਰ ਦੀ ਅੰਤਿਮ ਪ੍ਰਾਪਤੀ ਨਾਲ ਸੰਬੰਧਿਤ ਹੈ।

ਫ਼ਰੀਦ-ਬਾਣੀ ਆਤਮ-ਸ਼ੁੱਧੀ ਅਤੇ ਮਾਨਵ-ਕਲਿਆਣ ਦੇ ਲਖਾਇਕ ਉੱਚੇ ਨੈਤਿਕ ਗੁਣਾਂ ਦੀ ਧਾਰਨੀ ਹੈ। ਡਾ. ਵਜ਼ੀਰ ਸਿੰਘ ਅਨੁਸਾਰ "ਫ਼ਰੀਦ-ਬਾਣੀ ਵਿਚ ਅਧਿਆਤਮਕ ਅਤੇ ਨੈਤਿਕ ਦੋ ਮੁਖੀ ਧਾਰਾਵਾਂ ਹਨ। ਦੋਹਾਂ ਵਿਚ ਫ਼ਰੀਦ ਦਾ ਡੂੰਘਾ ਮਨੁੱਖ-ਸਨੇਹ ਤੇ ਮਾਨਵ-ਦਰਦ ਭਾਵਾਂ-ਭਿੱਜੀ ਸ਼ੈਲੀ ਵਿਚ ਵਿਅਕਤ ਹੋਇਆ ਹੈ"।[19] ਬਾਬਾ ਫ਼ਰੀਦ ਦੀ ਨੈਤਿਕਤਾ ਦਾ ਮੂਲ ਆਧਾਰ ਤਾਂ ਦੈਵੀ-ਪ੍ਰੇਮ ਹੈ ਪਰ ਜੇਕਰ ਅਸੀਂ ਫ਼ਰੀਦ-ਬਾਣੀ ਵਿਚੋਂ ਪ੍ਰਗਟ ਹੁੰਦੇ ਨੈਤਿਕ ਵਤੀਰੇ ਨੂੰ ਕੇਂਦਰ ਵਿਚ ਰੱਖੀਏ ਤਾਂ ਇਸ ਦੇ ਇਕ ਪਾਸੇ ਰਹੱਸਵਾਦ ਹੈ ਤੇ ਦੂਜੇ ਪਾਸੇ ਮਾਨਵਵਾਦ। ਬਾਬਾ ਫ਼ਰੀਦ ਦੀ ਨੈਤਿਕਤਾ ਦਾ ਅੰਤਿਮ ਉੱਦੇਸ਼ ਤਾਂ ਭਾਵੇਂ ਦੈਵੀ ਸੰਜੋਗ ਦੀ ਪ੍ਰਾਪਤੀ ਹੈ ਪਰ ਫਿਰ ਵੀ ਇਹ ਮਾਨਵਵਾਦ ਦਾ ਪੱਲਾ ਨਹੀਂ ਛੱਡਦੀ। ਰੱਬੀ ਪ੍ਰਾਪਤੀ ਲਈ ਆਪਾ ਸੰਵਾਰਨਾ ਅਰਥਾਤ ਆਤਮ-ਸ਼ੁੱਧੀ ਆਵੱਸ਼ਕ ਹੈ। ਆਤਮ-ਸ਼ੁੱਧੀ ਵਾਸਤੇ ਜਿਥੇ ਮਨੁੱਖ ਨੂੰ ਆਪਣੇ ਅੰਦਰ ਉਚੇਰੇ ਨੈਤਿਕ ਗੁਣ ਧਾਰਨ ਕਰਨੇ ਪੈਂਦੇ ਹਨ ਉਥੇ ਦੂਜਿਆਂ ਨਾਲ ਵੀ ਉਸ ਨੇ ਚੰਗਾ ਵਿਵਹਾਰ ਕਰਨਾ ਹੁੰਦਾ ਹੈ। ਇਸ ਸੱਚ ਨੂੰ ਪਛਾਣਦਿਆਂ ਕਿ ਸਭ ਪ੍ਰਾਣੀਆਂ ਵਿਚ ਹੀ ਪ੍ਰਭੂ ਦਾ ਵਾਸਾ ਹੈ, ਉਹ ਕਿਸੇ ਦਾ ਵੀ ਦਿਲ ਨਹੀਂ ਦੁਖਾਉਂਦਾ ਅਤੇ ਹਰ ਇਕ ਨੂੰ ਪਿਆਰ ਕਰਦਾ ਹੈ। ਫ਼ਰੀਦ-ਬਾਣੀ ਮਨੁੱਖ ਨੂੰ ਆਪਣਾ ਆਪਾ ਸੰਵਾਰ ਕੇ ਦੈਵੀ ਸੰਜੋਗ ਦਾ ਆਨੰਦ ਪ੍ਰਾਪਤ ਕਰਨ ਦਾ ਸੰਦੇਸ਼ ਅਤੇ ਸਭਨਾਂ ਵਿਚ ਪਰਮਾਤਮਾ ਦਾ ਨੂਰ ਜਾਣ ਕੇ ਹਰ ਇਕ ਨੂੰ ਪਿਆਰ ਕਰਨ ਦਾ ਉਪਦੇਸ਼ ਦਿੰਦੀ ਹੈ। ਇਸ ਮਿੱਠੀ ਬਾਣੀ ਵਿਚ ਜੀਵ ਨੂੰ ਮੰਦੇ ਅਮਲ ਕਰਨ ਤੋਂ ਹੋੜ ਕੇ ਚੰਗੇ ਅਮਲ ਕਰਨ ਦੀ ਪ੍ਰੇਰਣਾ ਦਿੱਤੀ ਗਈ ਹੈ। ਫ਼ਰੀਦ-ਬਾਣੀ ਵਿਚਲਾ ਨਾਸ਼ਮਾਨਤਾ ਜਾਂ ਮੌਤ ਦਾ ਬਲਵਾਨ ਸੁਰ ਵੀ ਮਨੁੱਖ ਨੂੰ ਨਿਰਾਸ਼ ਨਹੀਂ ਕਰਦਾ ਸਗੋਂ ਉਸ ਦੀ ਨੈਤਿਕ ਚੇਤਨਾ ਨੂੰ ਪ੍ਰਚੰਡ ਕਰ ਕੇ ਚੰਗੇ ਕਰਮ ਕਰਨ ਲਈ ਉਕਸਾਉਂਦਾ ਹੈ। ਰੱਬ ਦੇ ਦਰਬਾਰ ਵਿਚ ਹੋਣ ਵਾਲੇ ਲੇਖੇ ਦੇ ਭੈਅ ਅਧੀਨ ਬਾਬਾ ਫ਼ਰੀਦ ਦੀ ਨੈਤਿਕਤਾ ਹੋਰ ਵੀ ਪਰਪੱਕ ਹੁੰਦੀ ਹੈ।

ਇਕ ਰੱਬ ਵਿਚ ਪੂਰਨ ਭਰੋਸਾ ਰੱਖਣਾ, ਉਸ ਦੀ ਪ੍ਰਾਪਤੀ ਲਈ ਤਾਂਘ ਤੇ ਯਤਨ, ਉਸ ਦੇ ਪਿਆਰ ਦੇ ਰੰਗ ਵਿਚ ਰੱਤੇ ਤੇ ਰਜ਼ਾ ਵਿਚ ਰਾਜ਼ੀ ਰਹਿਣਾ, ਉਸ ਦੀ ਬੰਦਗੀ ਕਰਨੀ, ਗੁਰੂ ਜਾਂ ਮੁਰਸ਼ਦ ਦੀ ਸ਼ਰਨ ਵਿਚ ਜਾਣਾ ਤੇ ਉਸ ਦੇ ਦਸੇ ਮਾਰਗ ਤੇ ਚੱਲਣਾ ਹਰ ਜੀਵ ਵਿਚ ਰੱਬ ਦਾ ਨੂਰ ਜਾਣ ਕੇ ਹਰ ਇਕ ਨੂੰ ਪਿਆਰ ਕਰਨਾ, ਮੌਤ ਨੂੰ ਸਦਾ ਯਾਦ ਰੱਖਣਾ ਤੇ ਦੁਨਿਆਵੀ ਸੁੰਦਰਤਾ, ਧਨ, ਦੌਲਤ, ਮੰਡਪ ਮਾੜੀਆਂ ਤੇ ਐਸ਼ ਇਸ਼ਰਤ ਵਿਚ ਚਿੱਤ ਨਾ ਲਗਾਉਣਾ, ਦੂਜਿਆਂ ਵਿਚ ਔਗੁਣ ਛਾਂਟਣ ਦੀ ਬਜਾਇ ਆਪਣੇ ਅੰਦਰ ਝਾਤੀ ਮਾਰਨੀ, ਆਪਣੇ ਮਨ ਨੂੰ ਪੱਧਰਾ ਤੇ ਸਾਫ਼ ਰੱਖਣਾ, ਬੁਰੇ ਦਾ ਵੀ ਭਲਾ ਕਰਨਾ, ਲਾਲਚ ਨਾ ਕਰਨਾ, ਝੂਠ ਨਾ ਬੋਲਣਾ, ਸੱਚ ਬੋਲਣਾ, ਧਰਮ ਤੇ ਦ੍ਰਿੜ੍ਹ ਰਹਿਣਾ, ਆਤਮ-ਤਿਆਗ, ਫ਼ਕੀਰੀ-ਭਾਵ, ਮਿੱਠਾ ਬੋਲਣਾ, ਨਿਮਰਤਾ, ਸਹਿਨਸ਼ੀਲਤਾ, ਸਬਰ, ਅਹਿੰਸਾ, ਖਿਮਾ, ਸੇਵਾ



Marfat.com

ਆਦਿ ਫ਼ਰੀਦ-ਬਾਣੀ ਵਿਚ ਸਿਰਜੇ ਗਏ ਨੈਤਿਕ-ਵਿਧਾਨ ਦੇ ਸਰਬ ਸਾਂਝੇ ਲੱਛਣ ਹਨ। ਇਨ੍ਹਾਂ ਵਿਚੋਂ ਕਈਆਂ ਉਪਰ ਤਾਂ 'ਪ੍ਰਭੂ-ਪਿਆਰ', 'ਬੰਦਗੀ ਅਤੇ ਨਾਮ ਸਿਮਰਨ', 'ਗੁਰੂ ਜਾਂ ਮੁਰਸ਼ਦ ਦੀ ਸ਼ਰਨ', 'ਦਰਵੇਸ਼ ਅਤੇ ਦਰਵੇਸ਼ੀ' ਆਦਿ ਸਿਰਲੇਖਾਂ ਹੇਠ ਪਹਿਲਾਂ ਹੀ ਚਰਚਾ ਕੀਤੀ ਜਾ ਚੁੱਕੀ ਹੈ। ਨੈਤਿਕਤਾ ਦੇ ਬਾਕੀ ਬਚਦੇ ਪੱਖਾਂ ਵਿਚੋਂ ਇਥੇ ਕੇਵਲ ਉਨ੍ਹਾਂ ਉਪਰ ਹੀ ਚਰਚਾ ਕੀਤੀ ਜਾਵੇਗੀ ਜਿਹੜੇ ਕੇਵਲ ਬਿੰਬਾਵਲੀ ਦੇ ਮਾਧਿਅਮ ਰਾਹੀਂ ਮੂਰਤੀਮਾਨ ਕੀਤੇ ਗਏ ਹਨ ਕਿਉਂਕਿ ਬਾਬਾ ਫ਼ਰੀਦ ਨੇ ਨੈਤਿਕਤਾ ਸੰਬੰਧੀ ਆਪਣੇ ਵਿਚਾਰ ਸਿੱਧੀ ਸਾਦੀ ਕਥਨਮਈ ਭਾਸ਼ਾ ਵਿਚ ਵੀ ਕਾਨੀਬੰਦ ਕੀਤੇ ਹਨ, ਜਿਵੇਂ :

1. ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ ॥
ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ ॥
(ਰਾਗ ਆਸਾ, ਆਦਿ ਗ੍ਰੰਥ, ਪੰਨਾ 488)

2. ਫਰੀਦਾ ਜਿਨੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ ॥
(ਆਦਿ ਗ੍ਰੰਥ, ਪੰਨਾ 1381)

3. ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥
ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥
(ਆਦਿ ਗ੍ਰੰਥ, ਪੰਨਾ 1381-82)

4. ਮਤਿ ਹੋਦੀ ਹੋਇ ਇਆਣਾ ਤਾਣ ਹੋਦੇ ਹੋਇ ਨਿਤਾਣਾ ॥
ਅਣਹੋਦੇ ਆਪੁ ਵੰਡਾਏ ਕੋ ਐਸਾ ਭਗਤੁ ਸਦਾਏ ॥
(ਆਦਿ ਗ੍ਰੰਥ, ਪੰਨਾ 1384)

ਬਾਬਾ ਫ਼ਰੀਦ ਅਨੁਸਾਰ ਉਹੀ ਜੀਵ ਪ੍ਰਭੂ ਦੇ ਦਰ ਉੱਤੇ ਪਰਵਾਨ ਕੀਤੇ ਜਾਂਦੇ ਹਨ ਜਿਨ੍ਹਾਂ ਵਿਚ ਘਾਹ ਵਰਗੀ ਨਿਮਰਤਾ ਅਤੇ ਸਹਿਣਸ਼ੀਲਤਾ ਹੁੰਦੀ ਹੈ। ਘਾਹ ਪਹਿਲਾਂ ਪੈਰਾਂ ਥੱਲੇ ਮਿੱਧਿਆ ਜਾਂਦਾ ਹੈ, ਫਿਰ ਲਿਤਾੜਿਆ ਜਾਂਦਾ ਹੈ। ਫਿਰ ਉਸੇ ਦੀ ਚਟਾਈ ਬਣਦੀ ਹੈ ਤਦ ਜਾ ਕੇ ਉਹ ਚਟਾਈ ਰੂਪ ਵਿਚ ਮੰਦਰ, ਮਸਜਿਦ ਆਦਿ ਪ੍ਰਭੂ ਦੀ ਹਜ਼ੂਰੀ ਵਿਚ ਪਰਵਾਨ ਚੜ੍ਹਦਾ ਹੈ। ਸੋ ਨਿਮਰਤਾ ਅਤੇ ਸਹਿਣਸ਼ੀਲਤਾ ਧਾਰਨ ਕਰਨ ਦਾ ਉਪਦੇਸ਼ ਦਿੰਦੇ ਹੋਏ ਕਵੀ ਘਾਹ ਦਾ ਦ੍ਰਿਸ਼ਟਾਂਤ ਦਿੰਦਾ ਲਿਖਦਾ ਹੈ :

ਫਰੀਦਾ ਥੀਉ ਪਵਾਹੀ ਦਭੁ ਜੇ ਸਾਂਈ ਲੋੜਹਿ ਸਭੁ ॥
ਇਕੁ ਛਿਜਹਿ ਬਿਆ ਲਤਾੜੀਅਹਿ ਤ ਸਾਂਈ ਦੈ ਦਰਿ ਵਾੜੀਅਹਿ ॥
(ਆਦਿ ਗ੍ਰੰਥ, ਪੰਨਾ 1378)

ਬਾਬਾ ਫ਼ਰੀਦ ਨੇ ਜੀਵ ਨੂੰ ਲੋਭ ਲਾਲਚ ਨੂੰ ਤਿਆਗਣ ਦਾ ਉਪਦੇਸ਼ ਦਿੱਤਾ ਹੈ। ਉਨ੍ਹਾਂ ਦਾ ਵਿਚਾਰ ਹੈ ਕਿ ਜਿਸ ਪਿਆਰ ਵਿਚ ਕਿਸੇ ਲਾਲਚ ਦੀ ਭਾਵਨਾ ਹੋਵੇ ਉਹ ਪਿਆਰ ਨਹੀਂ ਜਾਂ ਝੂਠਾ ਪਿਆਰ ਹੈ। ਅਜਿਹਾ ਪਿਆਰ ਬਹੁਤ ਚਿਰ ਨਹੀਂ ਨਿਭ ਸਕਦਾ। ਇਸ ਵਿਚਾਰ ਦੀ ਪੁਸ਼ਟੀ ਲਈ ਬਾਬਾ ਫ਼ਰੀਦ ਨੇ ਕਿੰਨਾ ਢੁੱਕਵਾਂ ਦ੍ਰਿਸ਼ਟਾਂਤ ਬਿੰਬ ਪੇਸ਼ ਪੇਸ਼ ਕੀਤਾ ਹੈ :



Marfat.com

ਫਰੀਦਾ ਜਾ ਲਬੁ ਤਾ ਨੇਹੁ ਕਿਆ ਲਬੁ ਤਾ ਕੂੜਾ ਨੇਹੁ ॥
ਕਿਚਰੁ ਝਤਿ ਲੰਘਾਈਐ ਛਪਰਿ ਤੁਟੈ ਮੇਹੁ ॥

(ਆਦਿ ਗ੍ਰੰਥ, ਪੰਨਾ 1378)

ਬਾਬਾ ਫ਼ਰੀਦ ਨੇ ਘਰ ਆਏ ਅਭਿਆਗਤ ਦੀ ਟਹਿਲ ਸੇਵਾ ਕਰਨ ਅਤੇ ਉਸ ਤੋਂ ਕੋਈ ਵੀ ਚੀਜ਼ ਲੁਕਾ ਕੇ ਨਾ ਰੱਖਣ ਦਾ ਵੀ ਉਪਦੇਸ਼ ਦਿੱਤਾ ਹੈ। ਜੋ ਵਿਅਕਤੀ ਅਜਿਹਾ ਨਹੀਂ ਕਰਦਾ ਉਸ ਨੂੰ ਮਿਲਣ ਵਾਲੀ ਸਜ਼ਾ ਕਵੀ ਨੇ ਉਪਮਾ ਬਿੰਬ ਦੇ ਮਾਧਿਅਮ ਰਾਹੀਂ ਇਉਂ ਸੁਣਾਈ ਹੈ :

ਫਰੀਦਾ ਜੇ ਮੈ ਹੋਦਾ ਵਾਰਿਆ ਮਿਤਾ ਆਇੜਿਆਂ ॥
ਹੇੜਾ ਜਲੈ ਮਜੀਠ ਜਿਉ ਉਪਰਿ ਅੰਗਾਰਾ ॥

(ਆਦਿ ਗ੍ਰੰਥ, ਪੰਨਾ 1379)

ਬਾਬਾ ਫ਼ਰੀਦ ਅਨੁਸਾਰ ਮਨੁੱਖ ਨੂੰ ਚੰਗੇ ਅਮਲ ਕਰਨੇ ਚਾਹੀਦੇ ਹਨ। ਮੰਦੇ ਅਮਲ ਕਰਨ ਵਾਲਾ ਜੀਵ ਪ੍ਰਭੂ ਦੀ ਦਰਗਾਹ ਵਿਚ ਸਜ਼ਾ ਦਾ ਭਾਗੀ ਹੁੰਦਾ ਹੈ। ਮੰਦੇ ਅਮਲ ਕਰਨ ਵਾਲਿਆਂ ਨੂੰ ਮਿਲਣ ਵਾਲੀ ਸਜ਼ਾ ਲਈ ਤਾਂ ਬਾਬਾ ਫਰੀਦ ਨੇ ਬਿੰਬਾਂ ਦੀ ਇਕ ਲੜੀ ਪਰੋ ਕੇ ਰੱਖ ਦਿੱਤੀ ਹੈ :

ਫਰੀਦਾ ਵੇਖੁ ਕਪਾਹੈ ਜਿ ਥੀਆ ਜਿ ਸਿਰਿ ਥੀਆ ਤਿਲਾਹ ॥
ਕਮਾਦੈ ਅਰੁ ਕਾਗਦੈ ਕੁੰਨੇ ਕੋਇਲਿਆਹ ॥
ਮੰਦੇ ਅਮਲ ਕਰੇਦਿਆ ਏਹ ਸਜਾਇ ਤਿਨਾਹ ॥

(ਆਦਿ ਗ੍ਰੰਥ, ਪੰਨਾ 1380)

ਅਤੇ

ਫਰੀਦਾ ਦਰਿ ਦਰਵਾਜੈ ਜਾਇ ਕੈ ਕਿਉ ਡਿਠੋ ਘੜੀਆਲੁ ॥
ਏਹੁ ਨਿਦੋਸਾ ਮਾਰੀਐ ਹਮ ਦੋਸਾ ਦਾ ਕਿਆ ਹਾਲੁ ॥

(ਆਦਿ ਗ੍ਰੰਥ, ਪੰਨਾ 1379)

ਬਾਬਾ ਫ਼ਰੀਦ ਨੇ ਨੈਤਿਕਤਾ ਦੇ ਕੁਝ ਲੱਛਣ ਬਿੰਬਾਤਮਿਕ ਅਖਾਉਤਾਂ ਅਤੇ ਮੁਹਾਵਰਿਆਂ ਰਾਹੀਂ ਵੀ ਰੂਪਮਾਨ ਕੀਤੇ ਹਨ। ਡਾ. ਦਲੀਪ ਸਿੰਘ ਦੀਪ ਅਨੁਸਾਰ 'ਮੁਹਾਵਰਿਆਂ ਜਾਂ ਅਖਾਉਤਾਂ ਵਿਚ ਆਮ ਤੌਰ ਤੇ ਬਿੰਬਮਈ ਵਿਅੰਜਨਾ ਹੀ ਹੁੰਦੀ ਹੈ। ਇਨ੍ਹਾਂ ਪਿੱਛੇ ਜੀਵਨ ਦਾ ਲੰਮੇਰਾ ਤਜਰਬਾ ਹੁੰਦਾ ਹੈ ਜਿਨ੍ਹਾਂ ਨੂੰ ਤੱਤ ਰੂਪ ਵਿਚ ਬਿਆਨਿਆ ਜਾਂਦਾ ਹੈ। ਬਾਬਾ ਫ਼ਰੀਦ ਨੂੰ ਜੀਵਨ ਦਾ ਡੂੰਘਾ ਤਜਰਬਾ ਸੀ। ਇਕ ਉਸਤਾਦ ਕਵੀ ਵਾਂਗ ਉਸ ਨੂੰ ਸੰਜਮ ਵਿਚ ਕਹਿਣ ਦਾ ਵਲ ਆਉਂਦਾ ਸੀ। ਇਸੇ ਕਰ ਕੇ ਉਸ ਦੇ ਤਜਰਬੇ ਭਰੇ ਸੰਜਮਮਈ ਵਾਕ ਮੁਹਾਵਰੇ ਜਾਂ ਅਖਾਉਤਾਂ ਬਣ ਗਏ ਹਨ ਜੋ ਅੱਜ ਤਕ ਲੋਕਾਂ ਦੇ ਮੂੰਹ ਚੜ੍ਹੇ ਹੋਏ ਹਨ'' ।[20] ਬਾਬਾ ਫ਼ਰੀਦ ਨੇ ਆਪਣੇ ਬਿੰਬਾਤਮਿਕ ਮੁਹਾਵਰਿਆਂ ਤੇ ਅਖਾਉਤਾਂ ਵਾਲੇ ਸ਼ਲੋਕਾਂ ਵਿਚ ਮਨੁੱਖ ਨੂੰ ਸਵੈ-ਆਲੋਚਨਾ ਕਰਨ, ਬੁਰੇ ਕਰਮ ਨਾ ਕਰਨ, ਅਹਿੰਸਾ ਦਾ ਰਾਹ ਅਪਨਾਉਣ ਅਤੇ ਸਬਰ ਸੰਤੋਖ ਧਾਰਨ ਕਰਦੇ ਹੋਏ ਰੱਬੀ ਰਜ਼ਾ ਵਿਚ



Marfat.com

ਰਹਿਣ ਦੀ ਸਿੱਖਿਆ ਦਿੱਤੀ ਹੈ। ਉਦਾਹਰਣ ਵਜੋਂ ਹੇਠ ਲਿਖੇ ਸ਼ਲੋਕ ਵੇਖੇ ਜਾ ਸਕਦੇ ਹਨ :

1. ਫਰੀਦਾ ਜੇ ਤੂੰ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ ॥
ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰ ਦੇਖ ॥

2. ਫਰੀਦਾ ਜੋ ਤੈ ਮਾਰਨਿ ਮੁਕੀਆ ਤਿਨਾ ਨ ਮਾਰੇ ਘੁੰਮਿ ॥
ਆਪਨੜੈ ਘਰਿ ਜਾਈਐ ਪੈਰ ਤਿਨਾ ਦੇ ਚੁੰਮਿ ॥

(ਆਦਿ ਗ੍ਰੰਥ, ਪੰਨਾ 1378)

3. ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ ॥
ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ ॥

(ਆਦਿ ਗ੍ਰੰਥ, ਪੰਨਾ 1379)

ਬਾਬਾ ਫ਼ਰੀਦ ਅਨੁਸਾਰ ਮਨੁੱਖ ਨੂੰ ਚੰਗੇ ਵਿਅਕਤੀਆਂ ਦੀ ਸੰਗਤ ਕਰਨੀ ਚਾਹੀਦੀ ਹੈ ਤੇ ਬੁਰੇ ਵਿਅਕਤੀਆਂ ਦਾ ਸਾਥ ਛੱਡ ਦੇਣਾ ਚਾਹੀਦਾ ਹੈ। ਚੰਗੀ ਸੰਗਤ ਲਈ ਉਸ ਨੇ ਸਰੋਵਰ ਅਤੇ ਮਾੜੀ ਸੰਗਤ ਲਈ ਛੱਪੜ ਦਾ ਬਿੰਬ ਪ੍ਰਯੁਕਤ ਕੀਤਾ ਹੈ ਅਤੇ ਦੱਸਿਆ ਹੈ ਕਿ ਛੱਪੜ ਵਿਚ ਹੱਥ ਪਾਉਣ ਨਾਲ ਸਿਵਾਏ ਚਿੱਕੜ ਦੇ ਕੁਝ ਹੋਰ ਪ੍ਰਾਪਤੀ ਨਹੀਂ ਹੋਵੇਗੀ :

ਫਰੀਦਾ ਸੋਈ ਸਰਵਰੁ ਢੂਢਿ ਲਹੁ ਜਿਥਹੁ ਲਭੀ ਵਥੁ ॥
ਛਪੜਿ ਢੂਢੈ ਕਿਆ ਹੋਵੈ ਚਿਕੜਿ ਡੁਬੈ ਹਥੁ ॥

(ਆਦਿ ਗ੍ਰੰਥ, ਪੰਨਾ 1380)

ਬਾਬਾ ਫ਼ਰੀਦ ਉਨ੍ਹਾਂ ਪੰਛੀਆਂ ਤੋਂ ਸਦਕੇ ਬਲਿਹਾਰੇ ਜਾਂਦਾ ਹੈ ਜੋ ਜੰਗਲ ਵਿਚ ਵਸਦੇ, ਧਰਤੀ ਤੇ ਰਹਿੰਦੇ, ਘਾਹ ਫੂਸ, ਪੱਤੇ ਤੇ ਕੰਕਰ ਆਦਿ ਖਾ ਕੇ ਗੁਜ਼ਾਰਾ ਕਰਦੇ ਹਨ ਪਰ ਫਿਰ ਵੀ ਰੱਬ ਦਾ ਖਿਆਲ ਨਹੀਂ ਛੱਡਦੇ। ਇਸ ਪ੍ਰਾਕ੍ਰਿਤਕ ਦ੍ਰਿਸ਼ ਰਾਹੀਂ ਕਵੀ ਨੇ ਮਨੁੱਖ ਨੂੰ ਸਾਦਾ ਸਾਧਾਰਣ ਜੀਵਨ ਬਤੀਤ ਕਰਦੇ ਹੋਏ ਵੀ ਆਪਣੀ ਬਿਰਤੀ ਪ੍ਰਭੂ ਵਲ ਲਾਈ ਰੱਖਣ ਦਾ ਉਪਦੇਸ਼ ਦਿੱਤਾ ਹੈ :

ਫਰੀਦਾ ਹਉ ਬਲਿਹਾਰੀ ਤਿਨ ਪੰਖੀਆ ਜੰਗਲਿ ਜਿੰਨਾ ਵਾਸੁ ॥
ਕਕਰ ਚੁਗਨਿ ਥਲ ਵਸਨਿ ਰਬ ਨ ਛੋਡਨਿ ਪਾਸ ॥

(ਆਦਿ ਗ੍ਰੰਥ, ਪੰਨਾ 1383)

ਫ਼ਰੀਦ-ਬਾਣੀ ਵਿਚ ਮਨੁੱਖ ਨੂੰ ਸੁਤੰਤਰ ਜੀਵਨ ਜੀਊਣ ਦੀ ਵੀ ਪ੍ਰੇਰਨਾ ਦਿੱਤੀ ਗਈ ਹੈ। ਕਿਸੇ ਦੂਜੇ ਉਪਰ ਨਿਰਭਰਤਾ ਦਾ ਜੀਵਨ ਅਰਥਾਤ ਪ੍ਰਾਧੀਨਤਾ ਦਾ ਜੀਵਨ ਜੀਊਣ ਨਾਲੋਂ ਤਾਂ ਮੌਤ ਨੂੰ ਬਿਹਤਰ ਦੱਸਿਆ ਗਿਆ ਹੈ। ਪ੍ਰਾਧੀਨਤਾ ਲਈ ਕਵੀ ਨੇ ਪਰਾਏ ਦਰ ਬੈਠਣ ਦਾ ਰੂਪਕ ਬਿੰਬ ਪ੍ਰਯੁਕਤ ਕੀਤਾ ਹੈ :

ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ ॥
ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ ॥

(ਆਦਿ ਗ੍ਰੰਥ, ਪੰਨਾ 1380



Marfat.com

ਬਾਬਾ ਫ਼ਰੀਦ ਅਨੁਸਾਰ ਜੀਵ ਨੂੰ ਚਾਹੀਦਾ ਹੈ ਕਿ ਉਹ ਆਪਣੇ ਮਨ ਨੂੰ ਸਾਫ਼, ਸੰਤੁਲਿਤ ਅਤੇ ਪੱਧਰਾ ਰੱਖੇ। ਮਨ ਦੀ ਸੰਤੁਲਿਤ ਅਵਸਥਾ ਲਈ ਉਸ ਨੇ ਪੱਧਰੇ ਮੈਦਾਨ ਦਾ ਬਿੰਬ ਪ੍ਰਯੁਕਤ ਕੀਤਾ ਹੈ ਜਿਸ ਵਿਚ ਵਿਸ਼ੇ-ਵਿਕਾਰਾਂ ਅਤੇ ਦੂਈ-ਦਵੈਤ ਦੇ ਟੋਏ-ਟਿੱਬੇ ਨਹੀਂ ਹੁੰਦੇ :

ਫਰੀਦਾ ਮਨੁ ਮੈਦਾਨ ਕਰਿ ਟੋਏ ਟਿਬੇ ਲਾਹਿ ॥
ਅਗੈ ਮੂਲਿ ਨ ਆਵਸੀ ਦੋਜਕ ਸੰਦੀ ਭਾਹਿ ॥

(ਆਦਿ ਗ੍ਰੰਥ, ਪੰਨਾ 1381)

ਨਿਮਰਤਾ, ਸਹਿਣਸ਼ੀਲਤਾ ਅਤੇ ਮਿੱਠਾ ਬੋਲਣਾ-ਬਾਬਾ ਫ਼ਰੀਦ ਅਨੁਸਾਰ ਇਹ ਉਹ ਤਿੰਨ ਪਹਿਰਾਵੇ ਹਨ ਜਿਨ੍ਹਾਂ ਨੂੰ ਪਹਿਨ ਕੇ ਜੀਵ-ਇਸਤ੍ਰੀ ਆਪਣੇ ਕੰਤ-ਪ੍ਰਭੂ ਨੂੰ ਆਪਣੇ ਵੱਸ ਵਿਚ ਕਰ ਸਕਦੀ ਹੈ :

ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ ॥
ਏ ਤ੍ਰੈ ਭੈਣੇ ਵੇਸ ਕਰਿ ਤਾ ਵਸਿ ਆਵੀ ਕੰਤੁ ॥

(ਆਦਿ ਗ੍ਰੰਥ, ਪੰਨਾ 1384)

ਬਾਬਾ ਫ਼ਰੀਦ ਦੀ ਨੈਤਿਕਤਾ ਦਾ ਇਕ ਅਸੂਲ ਇਹ ਵੀ ਹੈ ਕਿ ਮਨੁੱਖ ਆਪਣੀਆਂ ਮਨ ਨੂੰ ਮਚਲਾਉਣ ਵਾਲੀਆਂ ਕਾਮਨਾਵਾਂ ਜਾਂ ਇੰਦ੍ਰੀਆਂ ਨੂੰ ਆਪਣੇ ਵਸ ਵਿਚ ਰੱਖੇ। ਅਜਿਹਾ ਕਰਨ ਨਾਲ ਬਾਬਾ ਫ਼ਰੀਦ ਅਨੁਸਾਰ ਪ੍ਰਭੂ-ਮਿਲਾਪ ਜਲਦੀ ਹੋ ਸਕੇਗਾ। ਇੰਦ੍ਰੀਆਂ ਲਈ ਕਵੀ ਨੇ ਕੂੰਜਾਂ ਦਾ ਬਿੰਬ ਪ੍ਰਯੁਕਤ ਕੀਤਾ ਹੈ :

ਆਜੁ ਮਿਲਾਵਾ ਸ਼ੇਖ ਫ਼ਰੀਦ ॥
ਟਾਕਿਮ ਕੂੰਜੜੀਆਂ ਮਨਹੁ ਮਚਿੰਦੜੀਆ ॥

(ਰਾਗ ਆਸਾ, ਆਦਿ ਗ੍ਰੰਥ, ਪੰਨਾ 488)

ਆਤਮ-ਸ਼ੁੱਧੀ ਦਾ ਸੰਦੇਸ਼ ਦੇਣ ਲਈ ਬਾਬਾ ਫ਼ਰੀਦ ਨੇ ਮਾਨਵੀਕਰਣ ਦੀ ਵਿਧੀ ਰਾਹੀਂ ਇਕ ਬੜਾ ਸੁੰਦਰ ਬਿੰਬ ਸਿਰਜਿਆ ਹੈ। ਰੱਬ ਆਪ ਬੋਲ ਕੇ ਮਨੁੱਖ ਨੂੰ ਇਹ ਗੱਲ ਕਹਿੰਦਾ ਹੈ ਕਿ ਜੇਕਰ ਤੂੰ ਚਾਹੁੰਦਾ ਏਂ ਕਿ ਸਾਰੀ ਦੁਨੀਆਂ ਤੇਰੀ ਹੋ ਜਾਵੇ ਅਤੇ ਮੈਂ ਤੈਨੂੰ ਪ੍ਰਾਪਤ ਹੋ ਜਾਵਾਂ ਤਦ ਪਹਿਲਾਂ ਤੂੰ ਆਪਣੇ ਆਪੇ ਨੂੰ ਸੰਵਾਰ :

ਆਪ ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖੁ ਹੋਇ ॥
ਫਰੀਦਾ ਜੇ ਤੂੰ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ।

(ਆਦਿ ਗ੍ਰੰਥ, ਪੰਨਾ 1382)

ਬਾਬਾ ਫ਼ਰੀਦ ਦੇ ਮਨ ਵਿਚ ਇਸ ਗੱਲ ਬਾਰੇ ਭੋਰਾ ਭਰ ਸ਼ੰਕਾ ਵੀ ਨਹੀਂ ਹੈ ਕਿ ਹਰ ਇਕ ਜੀਵ ਦੇ ਹਿਰਦੇ ਵਿਚ ਪ੍ਰਭੂ ਦਾ ਵਾਸਾ ਹੈ। ਸੋ ਜਿਸ ਥਾਂ ਪ੍ਰਭੂ ਵਸਦਾ ਹੋਵੇ ਉਸ ਥਾਂ ਦੀ ਕੀਮਤ ਕਿਵੇਂ ਪਾਈ ਜਾ ਸਕਦੀ ਹੈ ? ਉਹ ਥਾਂ ਤਾਂ ਅਮੋਲਕ ਹੈ। ਏਸੇ ਕਰਕੇ ਹੀ ਬਾਬਾ ਫ਼ਰੀਦ ਨੇ ਅਨਮੋਲ ਮਨੁੱਖੀ-ਮਨ ਵਾਸਤੇ ਅਮੋਲਕ ਮੋਤੀ ਦਾ ਬਿੰਬ ਪ੍ਰਯੁਕਤ ਕੀਤਾ ਹੈ ਅਤੇ ਕਿਸੇ ਵੀ ਮਨੁੱਖ ਦਾ ਦਿਲ ਨਾ ਤੋੜਨ ਦਾ ਉਪਦੇਸ਼ ਦਿੱਤਾ ਹੈ :



Marfat.com

1. ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ ॥
ਹਿਆਉ ਨਾ ਕੈਹੀ ਠਾਹਿ ਮਾਣਕ ਸਭ ਅਮੋਲਵੇ ॥

2. ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ ॥
ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀਦਾ ॥

(ਆਦਿ ਗ੍ਰੰਥ, ਪੰਨਾ 1384)

ਬਾਬਾ ਫ਼ਰੀਦ ਦੀ ਆਤਮ-ਤਿਆਗ ਦੀ ਨੈਤਿਕਤਾ ਵਿਚ ਧੀਰਜ ਜਾਂ ਸਬਰ ਨੂੰ ਵਿਸ਼ੇਸ਼ ਮਹੱਤਵ ਦਿੱਤਾ ਗਿਆ ਹੈ। ਸਬਰ ਦੀ ਭਾਵਨਾ ਮਨੁੱਖ ਨੂੰ ਬਿਰਥੀਆਂ ਦੁਨਿਆਵੀ ਲਾਲਸਾਵਾਂ ਦੀ ਭਟਕਣ ਤੋਂ ਰੋਕ ਕੇ ਉਸ ਦੇ ਮਨ ਨੂੰ ਟਿਕਾਉ ਵਿਚ ਰਖਦੀ ਹੈ। ਆਪਣੀ 'ਰੁਖੀ ਮਿਸੀ' ਖਾ ਕੇ ਹੀ ਸੰਤੁਸ਼ਟ ਰਹਿਣ ਵਾਲੇ ਬੰਦੇ ਦਾ ਮਨ 'ਪਰਾਈ ਚੋਪੜੀ' ਵੇਖ ਕੇ ਵੀ ਨਹੀਂ ਲਲਚਾਉਂਦਾ। ਸੰਤੋਖੀ ਬੰਦੇ ਅਣਗਿਣਤ ਦੁਨਿਆਵੀ ਲਾਲਸਾਂਵਾਂ ਤੋਂ ਉਪਰ ਉਠ ਕੇ ਰੱਬ ਦੇ ਨੇੜੇ ਹੋਣ ਦੇ ਸਮਰਥ ਹੋ ਜਾਂਦੇ ਹਨ। ਬੇਸਬਰੇ ਬੰਦੇ ਲਈ ਬਾਬਾ ਫ਼ਰੀਦ ਨੇ ਛੋਟੇ ਨਾਲੇ ਜਾਂ ਸੂਏ ਦਾ ਬਿੰਬ ਪ੍ਰਯੁਕਤ ਕੀਤਾ ਹੈ ਜੋ ਥੋੜੇ ਜਿੰਨੇ ਪਾਣੀ ਨਾਲ ਹੀ ਘੜੀ ਮੁੜੀ ਟੁੱਟ ਜਾਂਦਾ ਹੈ ਜਦ ਕਿ ਸਬਰ ਕਰਨ ਵਾਲੇ ਦੀ ਸਮਰਥਾ ਦਰਿਆ ਤੋਂ ਵੀ ਵੱਧ ਦੱਸੀ ਗਈ ਹੈ :

ਸਬਰੁ ਏਹੁ ਸੁਆਉ ਜੇ ਤੂੰ ਬੰਦਾ ਦਿੜੁ ਕਰਹਿ ॥
ਵਧਿ ਥੀਵਹਿ ਦਰੀਆਉ ਟੁਟਿ ਨ ਥੀਵਹਿ ਵਾਹੜਾ ॥

(ਆਦਿ ਗ੍ਰੰਥ, ਪੰਨਾ 1384)

ਬਾਬਾ ਫ਼ਰੀਦ ਨੇ ਇਕ ਹੋਰ ਸ਼ਲੋਕ ਵਿਚ ਰੂਪਕ ਬਿੰਬ ਦੀ ਮਦਦ ਨਾਲ ਸਬਰ ਦੀ ਸਾਰਥਕਤਾ ਨੂੰ ਦ੍ਰਿੜ੍ਹ ਕਰਵਾਇਆ ਹੈ। ਕਵੀ ਅਨੁਸਾਰ ਜੇਕਰ ਸਬਰ ਦਾ ਕਮਾਨ ਹੋਵੇ, ਸਬਰ ਦਾ ਹੀ ਚਿੱਲਾ ਹੋਵੇ ਅਤੇ ਉਸ ਉਪਰ ਸਬਰ ਦਾ ਹੀ ਤੀਰ ਰੱਖ ਕੇ ਚਲਾਇਆ ਜਾਵੇ ਤਾਂ ਪਰਮਾਤਮਾ ਇਸ ਵਾਰ ਨੂੰ ਕਦੀ ਵੀ ਬਿਰਥਾ ਨਹੀਂ ਜਾਣ ਦੇਵੇਗਾ :

ਸਬਰ ਮੰਝਿ ਕਮਾਣ ਏ ਸਬਰੁ ਕਾ ਨੀਹਣੋ ॥
ਸਬਰ ਸੰਦਾ ਬਾਣੁ ਖਾਲਕੁ ਖਤਾ ਨਾ ਕਰੀ ॥

(ਆਦਿ ਗ੍ਰੰਥ, ਪੰਨਾ 1384)

ਉਪਰੋਕਤ ਚਰਚਾ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਬਾਬਾ ਫ਼ਰੀਦ ਨੇ ਆਦਰਸ਼ਕ ਜਾਂ ਦਰਵੇਸ਼ੀ ਜੀਵਨ-ਵਿਧੀ ਦੇ ਨੈਤਿਕ ਅਸੂਲਾਂ ਨੂੰ ਬੜੀ ਢੁੱਕਵੀਂ ਬਿੰਬਾਵਲੀ ਰਾਹੀਂ ਰੂਪਮਾਨ ਕੀਤਾ ਹੈ। ਸਾਧਾਰਣ ਸ਼ਬਦਾਂ ਵਿਚ ਦਿੱਤੀ ਸਿੱਖਿਆ ਮਨੁੱਖੀ ਮਨ ਉੱਤੇ ਬਹੁਤਾ ਪ੍ਰਭਾਵ ਨਹੀਂ ਪਾਉਂਦੀ। ਮਨੁੱਖ ਦੇ ਨਿਤਾ ਪ੍ਰਤੀ ਦੇ ਜੀਵਨ, ਕਾਰ-ਵਿਹਾਰ ਅਤੇ ਪ੍ਰਕ੍ਰਿਤੀ ਦੇ ਵਿਸ਼ਾਲ ਚੌਗਿਰਦੇ ਵਿਚੋਂ ਆਧਾਰ-ਸਾਮਗ੍ਰੀ ਲੈ ਕੇ ਸਿਰਜੇ ਗਏ ਵੰਨ ਸੁਵੰਨੇ ਬਿੰਬਾਂ ਰਾਹੀਂ ਕਹੀ ਗਈ ਗੱਲ ਵਧੇਰੇ ਅਸਰਦਾਇਕ ਹੁੰਦੀ ਹੈ। ਸੋ ਬਾਬਾ ਫ਼ਰੀਦ ਨੇ ਬਿੰਬਾਵਲੀ ਦੇ ਮਾਧਿਅਮ ਰਾਹੀਂ ਜਿਥੇ ਮਨੁੱਖ ਨੂੰ ਨੈਤਿਕ ਅਸੂਲ ਸਮਝਾਏ ਹਨ ਉਥੇ ਆਪਣੀ ਸਿਖਿਆ ਨੂੰ ਵਧੇਰੇ ਵਜ਼ਨਮਈ ਅਤੇ ਅਸਰਦਾਇਕ ਵੀ ਬਣਾਇਆ ਹੈ।



Marfat.com

## ਘ) ਫੁਟਕਲ ਵਿਚਾਰ

ਉਪਰੋਕਤ ਵਿਸ਼ਿਆਂ ਤੋਂ ਇਲਾਵਾ ਫਰੀਦ-ਬਾਣੀ ਵਿਚ ਕੁਝ ਹੋਰ ਵੀ ਅਜਿਹੇ ਵਿਚਾਰ ਉਪਲਬਧ ਹਨ ਜਿਨ੍ਹਾਂ ਦੀ ਪੇਸ਼ਕਾਰੀ ਬਿੰਬਾਂ ਦੇ ਮਾਧਿਅਮ ਰਾਹੀਂ ਹੋਈ ਹੈ। ਹੇਠਾਂ ਉਨ੍ਹਾਂ ਉਪਰ ਵਿਚਾਰ ਕੀਤੀ ਜਾਵੇਗੀ।

### ਆਰਥਿਕ ਕਾਣੀ-ਵੰਡ ਅਤੇ ਰੱਬੀ-ਨਿਆਂ

ਅਜੋਕੇ ਸਮੇਂ ਵਾਂਗ ਬਾਬਾ ਫ਼ਰੀਦ ਦੇ ਤਤਕਾਲੀਨ ਸਮਾਜ ਵਿਚ ਵੀ ਲੋਕ ਆਰਥਿਕ ਕਾਣੀ-ਵੰਡ ਦਾ ਸ਼ਿਕਾਰ ਸਨ। ਇਕ ਵਰਗ 'ਰੁਖੀ ਸੁਖੀ' ਖਾਂਦਾ ਸੀ ਤੇ ਦੂਜਾ 'ਚੋਪੜੀ'। ਅਮੀਰ ਤੇ ਗਰੀਬ ਦੀ ਇਸ ਵਿਤਕਰੇ ਭਰੀ ਸਥਿਤੀ ਨੂੰ ਬਾਬਾ ਫ਼ਰੀਦ ਨੇ 'ਇਕਨਾ ਆਟਾ ਅਗਲਾ ਇਕਨਾ ਨਾਹੀ ਲੋਣੁ' ਦੇ ਬਿੰਬ ਰਾਹੀਂ ਮੂਰਤੀਮਾਨ ਕੀਤਾ ਹੈ। ਨਾਲ ਹੀ ਕਵੀ ਨੇ ਰੱਬੀ-ਨਿਆਂ ਉਪਰ ਵੀ ਪੂਰਨ ਭਰੋਸਾ ਪ੍ਰਗਟ ਕੀਤਾ ਹੈ। ਉਸ ਦਾ ਵਿਚਾਰ ਹੈ ਕਿ ਇਸ ਦੁਨੀਆਂ ਵਿਚ ਤਾਂ ਇਹੋ ਜਿਹਾ ਅਨਿਆਂ ਹੈ ਪਰ ਰੱਬ ਦੀ ਕਚਹਿਰੀ ਵਿਚ ਹਰ ਇਕ ਨਾਲ ਨਿਆਂ ਹੋਵੇਗਾ, ਅਸਲੀ ਪਤਾ ਉਥੇ ਹੀ ਚੱਲੇਗਾ ਕਿ ਸਜ਼ਾ ਦੇ ਭਾਗੀ ਕੌਣ ਹਨ :

ਫਰੀਦਾ ਇਕਨਾ ਆਟਾ ਅਗਲਾ ਇਕਨਾ ਨਾਹੀ ਲੋਣੁ ॥
ਅਗੈ ਗਏ ਸਿੰਞਾਪਸਨਿ ਚੋਟਾਂ ਖਾਸੀ ਕਉਣੁ ॥

(ਆਦਿ ਗ੍ਰੰਥ, ਪੰਨਾ 1380)

ਅਤੇ

ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁਖ ॥
ਜਿਨਾ ਖਾਧੀ ਚੋਪੜੀ ਘਣੇ ਸਹਿਨਗੇ ਦੁਖ ॥ (ਆਦਿ ਗ੍ਰੰਥ, ਪੰਨਾ 1379)

### ਦੁਨੀਆਂ ਅਤੇ ਦੁਨਿਆਵੀ ਪਦਾਰਥ

ਬਾਬਾ ਫ਼ਰੀਦ ਨੇ ਦੁਨੀਆਂ ਅਤੇ ਦੁਨਿਆਵੀ ਪਦਾਰਥਾਂ ਬਾਰੇ ਵੀ ਆਪਣੇ ਵਿਚਾਰਾਂ ਨੂੰ ਬਿੰਬਮਈ ਸ਼ੈਲੀ ਵਿਚ ਪ੍ਰਗਟਾਇਆ ਹੈ। ਦੁਨੀਆਂ ਲਈ ਉਸ ਨੇ ਗੁੱਝੀ ਅੱਗ ਦਾ ਬਿੰਬ ਪ੍ਰਯੁਕਤ ਕੀਤਾ ਹੈ। ਇਸ ਗੁੱਝੀ ਅੱਗ ਵਿਚ ਨਾ ਕੁਝ ਸੁਝਦਾ ਹੈ ਤੇ ਨਾ ਬੁਝਦਾ ਹੈ। ਸਾਧਾਰਣ ਜੀਵ ਇਸ ਅੱਗ ਦੀ ਲਪੇਟ ਵਿਚ ਆ ਜਾਂਦੇ ਹਨ ਪਰ ਜਿਨ੍ਹਾਂ ਉਪਰ ਸਾਂਈ ਅਰਥਾਤ ਪਰਮਾਤਮਾ ਦੀ ਮਿਹਰ ਹੋ ਜਾਂਦੀ ਹੈ ਉਹ ਬਚੇ ਰਹਿੰਦੇ ਹਨ :

ਕਿਝੁ ਨ ਬੁਝੈ ਕਿਝੁ ਨ ਸੁਝੈ ਦੁਨੀਆ ਗੁਝੀ ਭਾਹਿ ॥
ਸਾਂਈ ਮੇਰੈ ਚੰਗਾ ਕੀਤਾ ਨਾਹੀ ਤ ਹੰਭੀ ਦਝਾਂ ਆਹਿ ॥

(ਆਦਿ ਗ੍ਰੰਥ, ਪੰਨਾ 1378)

ਦੁਨਿਆਵੀ ਪਦਾਰਥਾਂ ਲਈ ਕਵੀ ਨੇ ਖੰਡ ਵਿਚ ਲਪੇਟੀਆਂ ਵਿਸ ਗੰਦਲਾਂ ਦਾ ਬਿੰਬ ਪ੍ਰਯੁਕਤ ਕੀਤਾ ਹੈ :

ਫਰੀਦਾ ਏ ਵਿਸੁ ਗੰਦਲਾ ਧਰੀਆ ਖੰਡੁ ਲਿਵਾੜਿ ॥
ਇਕਿ ਰਾਹੇ ਦੇ ਰਹਿ ਗਏ ਇਕਿ ਰਾਧੀ ਗਏ ਉਜਾੜਿ ॥

(ਆਦਿ ਗ੍ਰੰਥ, ਪੰਨਾ 1379)



Marfat.com

ਬਾਬਾ ਫ਼ਰੀਦ ਨੇ ਮਾਇਆ ਲਈ ਕਸੁੰਭੜੇ ਦਾ ਬਿੰਬ ਵਰਤਿਆ ਹੈ ਅਤੇ ਇਸ ਤੋਂ ਦੂਰ ਰਹਿਣ ਦਾ ਆਦੇਸ਼ ਦਿੱਤਾ ਹੈ :

ਹਥੁ ਨ ਲਾਇ ਕਸੁੰਭੜੇ ਜਲਿ ਜਾਸੀ ਢੋਲਾ ॥

(ਰਾਗ ਸੂਹੀ, ਆਦਿ ਗ੍ਰੰਥ, ਪੰਨਾ 794)

## ਸਮੇਂ ਦੀ ਸਾਰਥਕ ਵਰਤੋਂ

ਬਾਬਾ ਫ਼ਰੀਦ ਅਨੁਸਾਰ ਮਨੁੱਖੀ ਜੀਵਨ ਥੋੜ੍ਹ-ਚਿਰਾ ਹੈ। ਜੀਵ ਕੋਲ ਸਵਾਸਾਂ ਦੇ ਤਿਲ ਬੜੇ ਘੱਟ ਹਨ। ਮਨੁੱਖ ਨੂੰ ਚਾਹੀਦਾ ਹੈ ਕਿ ਉਹ ਜੀਵਨ ਦੇ ਇਸ ਥੋੜ੍ਹੇ ਜਿਹੇ ਸਮੇਂ ਦੀ ਸਫ਼ਲ ਵਰਤੋਂ ਕਰੇ :

ਫ਼ਰੀਦਾ ਜੇ ਜਾਣਾ ਤਿਲ ਥੋੜੜੇ ਸੰਮਲਿ ਬੁਕੁ ਭਰੀ ॥

(ਆਦਿ ਗ੍ਰੰਥ, ਪੰਨਾ 1378)

ਜੀਵ ਦੀ ਅਸਲੀ ਖੱਟੀ ਜਾਂ ਕਮਾਈ ਪ੍ਰਭੂ ਦੀ ਬੰਦਗੀ ਹੈ। ਬਾਬਾ ਫ਼ਰੀਦ ਨੂੰ ਉਨ੍ਹਾਂ ਲੋਕਾਂ ਉਪਰ ਬੜਾ ਅਫ਼ਸੋਸ ਹੈ ਜੋ ਇਹ ਕਮਾਈ ਕਰਨ ਦਾ ਵੇਲਾ ਅਰਥਾਤ ਜਵਾਨੀ ਦਾ ਸਮਾਂ ਦੁਨੀਆਂਦਾਰੀ ਵਿਚ ਖਚਿਤ ਹੋ ਕੇ ਅਜਾਈਂ ਗਵਾ ਦਿੰਦੇ ਹਨ :

ਫਰੀਦਾ ਜਾ ਤਉ ਖਟਣ ਵੇਲ ਤਾ ਤੂੰ ਰਤਾ ਦੁਨੀ ਸਿਉ।
ਮਰਗ ਸਵਾਈ ਨੀਹ ਜਾਂ ਭਰਿਆ ਤਾ ਲਦਿਆ ॥

(ਆਦਿ ਗ੍ਰੰਥ, ਪੰਨਾ 1378)

## ਕਰਮ-ਫਲ

ਬਾਬਾ ਫ਼ਰੀਦ ਨੇ ਆਪਣੀ ਬਾਣੀ ਵਿਚ ਭਾਰਤੀ ਕਰਮ-ਫਲ ਦੇ ਸਿੱਧਾਂਤ ਦਾ ਵੀ ਬਿੰਬਾਕਣ ਕੀਤਾ ਹੈ। ਇਸ ਸਿੱਧਾਂਤ ਅਨੁਸਾਰ ਜੀਵ ਜਿਹੋ ਜਿਹੇ ਕਰਮ ਕਰਦਾ ਹੈ ਉਹੋ ਜਿਹਾ ਉਸ ਨੂੰ ਫਲ ਮਿਲਦਾ ਹੈ। ਬਾਬਾ ਫ਼ਰੀਦ ਅਨੁਸਾਰ ਵੀ ਮਨੁੱਖ ਜਿਹੋ ਜਿਹਾ ਬੀਜੇਗਾ ਤਿਹੋ ਜਿਹਾ ਵੱਢੇਗਾ। ਏਸੇ ਕਰ ਕੇ ਜੱਟ ਨੂੰ ਕਿੱਕਰ ਬੀਜ ਕੇ ਦਾਖਾਂ ਦੀ ਤੇ ਉਨ ਕੱਤ ਕੇ ਰੇਸ਼ਮ ਦੀ ਆਸ ਨਹੀਂ ਕਰਨੀ ਚਾਹੀਦੀ :

ਫਰੀਦਾ ਲੋੜੈ ਦਾਖ ਬਿਜਉਰੀਆ ਕਿਕਰਿ ਬੀਜੈ ਜਟੁ ॥
ਹੰਢੈ ਉਨ ਕਤਾਇਦਾ ਪੈਧਾ ਲੋੜੈ ਪਟੁ ॥

(ਆਦਿ ਗ੍ਰੰਥ, ਪੰਨਾ 1379)

## ਦੁੱਖ

ਇਹ ਸੰਸਾਰ ਦੁੱਖਾਂ ਦਾ ਘਰ ਹੈ। ਉਹ ਕਿਹੜਾ ਘਰ ਹੈ ਜਿਥੇ ਦੁੱਖ ਨਹੀਂ ? ਉਹ ਕੌਣ ਹੈ ਜੋ ਦੁਖੀ ਨਹੀਂ ? ਗੁਰੂ ਨਾਨਕ ਜੀ ਨੇ ਵੀ ਕਿਹਾ ਹੈ—'ਨਾਨਕ ਦੁਖੀਆ ਸਭੁ ਸੰਸਾਰ'। ਦੁੱਖਾਂ ਨੇ ਅੱਗ ਵਾਂਗ ਹਰ ਇਕ ਨੂੰ ਆਪਣੀ ਲਪੇਟ ਵਿਚ ਲਿਆ ਹੋਇਆ ਹੈ। ਇਸ ਪਰਮ-ਸਚਾਈ ਨੂੰ ਮੂਰਤੀਮਾਨ ਕਰਨ ਲਈ ਬਾਬਾ ਫ਼ਰੀਦ ਨੇ ਦੁੱਖ ਲਈ ਅੱਗ ਦਾ ਬਿੰਬ ਪ੍ਰਯੁਕਤ ਕਰਦੇ ਹੋਏ ਲਿਖਿਆ ਹੈ :



Marfat.com

ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ ॥
ਊਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ ॥

(ਆਦਿ ਗ੍ਰੰਥ, ਪੰਨਾ 1382)

ਉਪਰੋਕਤ ਸਾਰੀ ਚਰਚਾ ਦਾ ਸਾਰਾਂਸ਼ ਇਹ ਹੈ ਕਿ ਬਾਬਾ ਫਰੀਦ ਨੇ ਆਪਣੀ ਰਚਨਾ ਦੇ ਪ੍ਰਮੁੱਖ ਵਿਸ਼ਿਆਂ ਨੂੰ ਬਿੰਬਾਵਲੀ ਦੇ ਮਾਧਿਅਮ ਰਾਹੀਂ ਬੜੀ ਸਫਲਤਾ ਸਹਿਤ ਨਿਰੂਪਿਤ ਕੀਤਾ ਹੈ। ਉਸ ਨੇ ਆਪਣੇ ਕਾਵਿ-ਬਿੰਬ ਨਿਰੋਲ ਬਿੰਬਾਂ ਦੀ ਖ਼ਾਤਰ ਨਹੀਂ ਸਗੋਂ ਆਪਣੇ ਵਿਸ਼ੈ ਨੂੰ ਮੂਰਤੀਮਾਨ ਕਰਨ ਲਈ ਸਿਰਜੇ ਹਨ ਅਤੇ ਪ੍ਰਭੂ, ਪ੍ਰਭੂ-ਪਿਆਰ, ਪ੍ਰਭੂ-ਭਗਤੀ, ਬਿਰਹਾ, ਗੁਰੂ ਜਾਂ ਮੁਰਸ਼ਦ, ਦਰਵੇਸ਼ ਅਤੇ ਦਰਵੇਸ਼ੀ, ਜੀਵਨ ਦੀ ਨਾਸ਼ਮਾਨਤਾ, ਮੌਤ, ਬੁਢਾਪਾ, ਸਦਾਚਾਰ ਜਾਂ ਨੈਤਿਕਤਾ, ਦੁਨੀਆਂ, ਦੁਨਿਆਵੀ ਪਦਾਰਥ, ਰੱਬੀ-ਨਿਆਂ, ਦੁੱਖ ਆਦਿ ਵਿਭਿੰਨ ਵਿਸ਼ਿਆਂ ਨੂੰ ਜੀਵਨ ਅਤੇ ਪ੍ਰਕ੍ਰਿਤੀ ਵਿਚੋਂ ਲਏ ਵੰਨ-ਸੁਵੰਨੇ ਬਿੰਬਾਂ ਰਾਹੀਂ ਰੂਪਮਾਨ ਕੀਤਾ ਹੈ। ਬਿੰਬਾਵਲੀ ਨੇ ਫ਼ਰੀਦ-ਬਾਣੀ ਵਿਚ ਇਕ ਅਨੂਠਾ ਸੁਹਜ ਵੀ ਭਰ ਦਿੱਤਾ ਹੈ। ਜਿਹੜੇ ਸ਼ਲੋਕਾਂ ਤੇ ਸ਼ਬਦਾਂ ਵਿਚ ਕਵੀ ਨੇ ਆਪਣੇ ਭਾਵ ਤੇ ਵਿਚਾਰ ਸਾਦਾ ਤੇ ਸਾਧਾਰਣ ਕਥਨਮਈ ਭਾਸ਼ਾ ਵਿਚ ਪ੍ਰਗਟਾਏ ਹਨ ਉਨ੍ਹਾਂ ਸ਼ਲੋਕਾਂ ਦਾ ਕਾਵਿਕ ਪੱਧਰ ਸਾਧਾਰਣ ਰਹਿ ਗਿਆ ਹੈ ਪਰ ਜਿਥੇ ਬਿੰਬਾਂ ਦਾ ਪ੍ਰਯੋਗ ਕੀਤਾ ਗਿਆ ਹੈ ਅਰਥਾਤ ਬਿੰਬਮਈ ਸ਼ੈਲੀ ਵਰਤੀ ਗਈ ਹੈ ਉਥੇ ਕਲਾ ਦੇ ਪੱਖੋਂ ਕਵਿਤਾ ਦਾ ਪੱਧਰ ਨਿਸ਼ਚੇ ਹੀ ਉਚੇਰਾ ਹੋ ਗਿਆ ਹੈ।

## ਹਵਾਲੇ ਤੇ ਟਿੱਪਣੀਆਂ


1. *The Poetic Image*, pp. 88.
2. ਦਲੀਪ ਸਿੰਘ ਦੀਪ, "ਬਾਬਾ ਫ਼ਰੀਦ ਦੇ ਕਾਵਿ-ਬਿੰਬ", 'ਖੋਜ ਪਤ੍ਰਿਕਾ' (ਬਾਬਾ ਫ਼ਰੀਦ ਅੰਕ), ਪੰਨਾ 151.
3. ਕ੍ਰਿਪਾਲ ਸਿੰਘ ਕਸੇਲ, 'ਬਾਬਾ ਫ਼ਰੀਦ ਦੀ ਸਾਹਿਤਿਕ ਪ੍ਰਤਿਭਾ', ਪੰਨਾ 48-49.
4. ਕਾਲਾ ਸਿੰਘ ਬੇਦੀ, "ਬਾਬਾ ਫਰੀਦ ਤੋਂ ਪੂਰਵ ਭਾਰਤ ਵਿਚ ਸੂਫ਼ੀ ਆਗਮਨ", 'ਖੋਜ ਪਤ੍ਰਿਕਾ' (ਬਾਬਾ ਫ਼ਰੀਦ ਅੰਕ), ਪੰਨਾ 14.
5. "ਸ਼ੇਖ ਫ਼ਰੀਦ : ਰਚਨਾ, ਬਿੰਬਾਵਲੀ ਤੇ ਚਿੰਤਨ", 'ਖੋਜ ਪਤ੍ਰਿਕਾ' (ਬਾਬਾ ਫ਼ਰੀਦ ਅੰਕ), ਪੰਨਾ 64.
6. ਹਰਜਿੰਦਰ ਸਿੰਘ ਢਿਲੋਂ, 'ਪੰਜਾਬੀ ਸੂਫ਼ੀ ਕਾਵਿ ਅਤੇ ਸ਼ਰੀਅਤ', ਪੰਨਾ 104.
7. 'ਫ਼ਰੀਦ ਦਰਸ਼ਨ', ਪੰਨਾ 145.
8. "ਬਾਬਾ ਫ਼ਰੀਦ ਜੀਵਨ ਤੇ ਰਚਨਾ", 'ਖੋਜ ਪਤ੍ਰਿਕਾ' (ਬਾਬਾ ਫ਼ਰੀਦ ਅੰਕ), ਪੰਨਾ 21-22.
9. ਉਹੀ, ਪੰਨਾ 22.




Marfat.com

10. ਵਿਸ਼ਵਾ ਨਾਥ ਤਿਵਾੜੀ, "ਬਾਬਾ ਫ਼ਰੀਦ ਤੇ ਮੌਤ", 'ਮਾਨਵਤਾ ਦਾ ਪ੍ਰਤੀਕ : ਬਾਬਾ ਫ਼ਰੀਦ' (ਸੰਪ. ਡਾ. ਹ. ਸ. ਦਿਓਲ), ਪੰਨਾ 106.
11. ਦੀਵਾਨ ਸਿੰਘ, 'ਫ਼ਰੀਦ ਦਰਸ਼ਨ', ਪੰਨਾ 50.
12. 'ਬਾਬਾ ਫ਼ਰੀਦ ਦੀ ਸਾਹਿਤਕ ਪ੍ਰਤਿਭਾ', ਪੰਨਾ 55.
13. 'ਮਹਾਂ ਕਵੀ ਫ਼ਰੀਦ', ਪੰਨਾ 50.
14. "ਇਕ ਸ਼ਬਦ ਦਾ ਅਧਿਐਨ", ਮਾਨਵਤਾ ਦਾ ਪ੍ਰਤੀਕ : ਬਾਬਾ ਫ਼ਰੀਦ' (ਸੰਪ. ਡਾ. ਹ. ਸ. ਦਿਓਲ), ਪੰਨਾ 113.
15. 'ਮਹਾਨਕੋਸ਼', ਪੰਨਾ 114.
16. *Encyclopaedia of Britanica*, Vol. VIII, p. 752.
17. *Third New International Dictionary*, p. 1469.
18. ਵਜ਼ੀਰ ਸਿੰਘ, 'ਨੈਤਿਕ ਨਿਯਮ', ਪੰਨਾ 9.
19. "ਫ਼ਰੀਦ ਦਾ ਨੈਤਿਕ ਫਲਸਫਾ", 'ਖੋਜ ਪਤ੍ਰਿਕਾ' (ਬਾਬਾ ਫ਼ਰੀਦ ਅੰਕ), ਪੰਨਾ 171.
20. "ਬਾਬਾ ਫ਼ਰੀਦ ਦੇ ਕਾਵਿ-ਬਿੰਬ", 'ਖੋਜ ਪਤ੍ਰਿਕਾ' (ਬਾਬਾ ਫਰੀਦ ਅੰਕ), ਪੰਨਾ 160



Marfat.com

# ਬਾਬਾ ਫ਼ਰੀਦ ਦੇ ਬਿੰਬ-ਵਿਧਾਨ ਦਾ ਬਹੁਪੱਖੀ ਮੁਲਾਂਕਣ

ਇਸ ਅਧਿਆਇ ਵਿਚ ਬਾਬਾ ਫ਼ਰੀਦ ਦੇ ਬਿੰਬ-ਵਿਧਾਨ ਦਾ ਬਹੁਪੱਖੀ ਮੁਲਾਂਕਣ ਕੀਤਾ ਜਾਵੇਗਾ। ਪਹਿਲਾਂ ਇਹ ਦੱਸ ਦੇਣਾ ਉਚਿਤ ਹੋਵੇਗਾ ਕਿ ਇਹ ਮੁਲਾਂਕਣ ਕਰਦੇ ਸਮੇਂ ਹਰ ਇਕ ਬਿੰਬ ਨੂੰ ਉਸ ਦੇ ਪ੍ਰਸੰਗ ਵਿਚ ਰੱਖ ਕੇ ਹੀ ਵਿਚਾਰਿਆ ਜਾਵੇਗਾ, ਪ੍ਰਸੰਗ ਤੋਂ ਨਿਖੇੜ ਕੇ ਨਹੀਂ। ਕਿਸੇ ਬਿੰਬ ਨੂੰ ਉਸ ਦੇ ਪ੍ਰਸੰਗ ਨਾਲੋਂ ਵੱਖਰਾ ਕਰ ਲੈਣ ਨਾਲ ਉਸ ਦੀ ਆਭਾ ਫਿੱਕੀ ਪੈ ਜਾਂਦੀ ਹੈ।[1]

## 1. ਬਿੰਬਾਵਲੀ ਦੀਆਂ ਵਿਸ਼ੇਸ਼ਤਾਵਾਂ

ਕਾਵਿ-ਬਿੰਬ ਆਧੁਨਿਕ ਕਾਵਿ ਦਾ ਮਹੱਤਵਪੂਰਣ ਅਤੇ ਅਨਿਖੜ ਅੰਗ ਹੋਣ ਕਰ ਕੇ ਇਸ ਦੇ ਕੁਝ ਵਿਸ਼ੇਸ਼ ਗੁਣ ਜਾਂ ਲੱਛਣ ਨਿਰਧਾਰਿਤ ਕੀਤੇ ਗਏ ਹਨ। ਇਨ੍ਹਾਂ ਗੁਣਾਂ ਜਾਂ ਲੱਛਣਾਂ ਉਪਰ ਵਿਸਤਾਰ ਸਹਿਤ ਚਰਚਾ ਕਰਨ ਵਾਲੇ ਵਿਦਵਾਨਾਂ ਵਿਚੋਂ ਸੀ.ਡੀ. ਲੀਵਸ ਦਾ ਨਾਂ ਵਿਸ਼ੇਸ਼ ਤੌਰ ਤੇ ਉਲੇਖਨੀਯ ਹੈ। ਲੀਵਸ ਨੇ ਬਿੰਬ ਦੀਆਂ ਨਿਮਨ-ਲਿਖਤ ਛੇ ਵਿਸ਼ੇਸ਼ਤਾਵਾਂ ਦਸੀਆਂ ਹਨ :

ੳ) ਉਤੇਜਨਾ (Evocativeness)

ਅ) ਤੀਖਰਤਾ (Intensity)

ੲ) ਨਵੀਨਤਾ ਤੇ ਤਾਜ਼ਗੀ (Novelty & Freshness)

ਸ) ਪਰਿਚਯਤਾ ਜਾਂ ਜਾਣ-ਪਛਾਣ (Familiarty)

ਹ) ਉਰਵਤਾ ਜਾਂ ਉਪਜਾਇਕਤਾ ਅਤੇ ਵਿਅੰਜਕਤਾ (Fertility & Suggestiveness)

ਕ) ਅਨੁਰੂਪਤਾ ਜਾਂ ਉਚਿਤਤਾ (Congruity)[2]

ਇਕ ਸਫ਼ਲ ਬਿੰਬ ਵਿਚ ਇਹ ਸਾਰੇ ਗੁਣ ਹੋਣੇ ਜ਼ਰੂਰੀ ਹਨ। ਬਾਬਾ ਫ਼ਰੀਦ ਦੇ ਬਿੰਬਾਂ ਵਿਚ ਇਹ ਸਾਰੇ ਗੁਣ ਲੋੜੀਂਦੀ ਅਤੇ ਢੁੱਕਵੀਂ ਮਾਤ੍ਰਾ ਵਿਚ ਮੌਜੂਦ ਹਨ ਜਿਸ ਸਦਕਾ ਉਨ੍ਹਾਂ ਦੇ ਬਿੰਬ ਸਫ਼ਲ ਬਿੰਬ ਦੀ ਕਸਵੱਟੀ ਉੱਤੇ ਪੂਰੇ ਉਤਰਦੇ ਹਨ।



Marfat.com

### ੳ) ਉਤੇਜਨਾ

ਪਾਠਕ ਦੇ ਭਾਵਾਂ ਨੂੰ ਉਤੇਜਿਤ ਕਰਨ ਜਾਂ ਉਭਾਰਨ ਦੀ ਸ਼ਕਤੀ ਕਾਵਿ-ਬਿੰਬ ਦਾ ਵਿਸ਼ੇਸ਼ ਲੱਛਣ ਹੈ। ਬਿੰਬ ਵਿਚਲੇ ਇਸ ਗੁਣ ਸਦਕਾ ਹੀ ਪਾਠਕ ਕਵੀ ਦੀ ਕਲਪਨਾ ਨੂੰ ਪ੍ਰਤੱਖ ਰੂਪ ਵਿਚ ਅਨੁਭਵ ਕਰਨ ਦੇ ਯੋਗ ਹੁੰਦਾ ਹੈ। ਲੀਵਸ ਅਨੁਸਾਰ, "ਉਤੇਜਨਾ ਜਾਂ ਭਾਵ-ਉੱਦੀਪਤਾ ਬਿੰਬ ਦੀ ਉਹ ਸ਼ਕਤੀ ਹੈ ਜੋ ਕਾਵਿਕ ਮਨੋਵੇਗ ਲਈ ਸਾਡੇ ਮਨ ਵਿਚ ਪ੍ਰਤਿਕ੍ਰਮ ਨੂੰ ਉਤੇਜਿਤ ਕਰਦੀ ਹੈ"।[3] ਬਿੰਬ ਦੇ ਇਸ ਲੱਛਣ ਸੰਬੰਧੀ ਚਰਚਾ ਕਰਦਿਆਂ ਡਾ. ਪ੍ਰੇਮ ਪ੍ਰਕਾਸ਼ ਸਿੰਘ ਨੇ ਕਿਹਾ ਹੈ, "ਬਿੰਬਾਵਲੀ ਸੁੱਤੀਆਂ ਕਲਪਨਾਵਾਂ ਤੇ ਤਸੱਵਰਾਂ ਨੂੰ ਜਗਾਉਂਦੀ ਹੈ ਅਤੇ ਠੰਢੇ-ਯੱਖ ਮਰਣਊ ਖਿਆਲਾਂ ਨੂੰ ਇਸ ਤਰ੍ਹਾਂ ਨਿੱਘ ਪ੍ਰਦਾਨ ਕਰਦੀ ਹੈ ਕਿ ਉਹ ਨਵੇਂ ਨਰੋਏ ਤੇ ਤਰੋ-ਤਾਜ਼ਾ ਹੋ ਕੇ ਮੁੜ ਚਮਕ ਉਠਦੇ ਹਨ"।[4] ਸਪਸ਼ਟ ਹੈ ਕਿ ਬਿੰਬ ਵਿਚ ਪਾਠਕ ਦੀਆਂ ਸੁੱਤੀਆਂ ਭਾਵਨਾਵਾਂ ਨੂੰ ਟੁੰਬ ਕੇ ਜਗਾ ਸਕਣ ਦੀ ਸਮਰਥਾ ਜਾਂ ਸ਼ਕਤੀ ਹੋਣੀ ਚਾਹੀਦੀ ਹੈ। ਬਾਬਾ ਫ਼ਰੀਦ ਦੇ ਬਿੰਬਾਂ ਵਿਚ ਇਹ ਗੁਣ ਪੂਰੀ ਤਰ੍ਹਾਂ ਵਿਦਮਾਨ ਹੈ। ਉਦਾਹਰਣ ਲਈ ਦੁਨਿਆਵੀ ਐਸ਼-ਪਰੱਸਤੀ ਵਿਚ ਗਲਤਾਨ ਬੇਫ਼ਿਕਰੀ ਦਾ ਜੀਵਨ ਗੁਜ਼ਾਰ ਰਹੇਂ ਮਨੁੱਖ ਰੂਪੀ ਕਲੋਲਾਂ ਕਰ ਰਹੇ ਬਗਲੇ ਉਪਰ ਰੱਬ ਰਾਹੀਂ ਭੇਜੇ ਮੌਤ ਰੂਪੀ ਬਾਜ਼ ਦੇ ਅਚਨਚੇਤ ਝਪਟਣ ਦੇ ਰੂਪਕ-ਬਿੰਬ ਰਾਹੀਂ ਬਾਬਾ ਫ਼ਰੀਦ ਨੇ ਮੌਤ ਦੇ ਭੈ ਦੇ ਭਾਵ ਨੂੰ ਕਿੰਨੀ ਖੂਬਸੂਰਤੀ ਨਾਲ ਉਭਾਰਿਆ ਹੈ :

> ਫਰੀਦਾ ਦਰੀਆਵੈ ਕੰਨ੍ਹੈ ਬਗੁਲਾ ਬੈਠਾ ਕੇਲ ਕਰੇ ॥
> ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ ॥
> ਬਾਜ ਪਏ ਤਿਸੁ ਰਬ ਦੇ ਕੇਲਾਂ ਵਿਸਰੀਆਂ ॥
> ਜੋ ਮਨਿ ਚਿਤਿ ਨ ਚੇਤੇ ਸਨਿ ਸੋ ਗਾਲੀ ਰਬ ਕੀਆਂ ॥
>
> (ਆਦਿ ਗ੍ਰੰਥ, ਪੰਨਾ 1383)

ਏਸੇ ਤਰ੍ਹਾਂ ਬਾਬਾ ਫ਼ਰੀਦ ਨੇ ਮਨੁੱਖ ਦੀ ਅੰਤਿਮ ਹੋਣੀ ਦਾ ਚਿੱਤਰ ਖਿੱਚ ਕੇ ਜੀਵਨ ਦੀ ਅਸਥਿਰਤਾ ਜਾਂ ਨਾਸ਼ਮਾਨਤਾ ਦੇ ਭਾਵਾਂ ਨੂੰ ਉਤੇਜਿਤ ਕਰਨ ਵਿਚ ਕਮਾਲ ਕਰ ਵਿਖਾਈ ਹੈ :

1. ਫਰੀਦਾ ਜਿਨ ਲੋਇਣ ਜਗੁ ਮੋਹਿਆ ਸੇ ਲੋਇਣ ਮੈ ਡਿਠੁ ॥
   ਕਜਲ ਰੇਖ ਨ ਸਹਦਿਆ ਸੇ ਪੰਖੀ ਸੂਇ ਬਹਿਠੁ ॥

   (ਆਦਿ ਗ੍ਰੰਥ, ਪੰਨਾ 1378)

2. ਫਰੀਦਾ ਇਨੀ ਨਿਕੀ ਜੰਘੀਐ ਥਲ ਡੂੰਗਰ ਭਵਿਓਮ੍ਹਿ ॥
   ਅਜੁ ਫਰੀਦੈ ਕੂਜੜਾ ਸੈ ਕੋਹਾਂ ਥੀਓਮਿ ॥

   (ਆਦਿ ਗ੍ਰੰਥ, ਪੰਨਾ 1378)

ਸਪਸ਼ਟ ਹੈ ਕਿ ਬਾਬਾ ਫ਼ਰੀਦ ਦੇ ਬਿੰਬਾਂ ਵਿਚ ਪਾਠਕ ਦੇ ਭਾਵਾਂ ਨੂੰ ਉੱਦੀਪਤ ਕਰਨ ਦੀ ਪੂਰੀ ਸਮਰਥਾ ਹੈ। ਉਨ੍ਹਾਂ ਦੇ ਬਿੰਬ ਪਾਠਕ ਦੀਆਂ ਸੁੱਤੀਆਂ ਭਾਵਨਾਵਾਂ ਨੂੰ ਟੁੰਬ ਕੇ ਜਗਾ ਸਕਣ ਦੀ ਸਮਰਥਾ ਅਤੇ ਸ਼ਕਤੀ ਰਖਦੇ ਹਨ।



Marfat.com

## ਅ) ਤੀਬਰਤਾ

ਤੀਬਰਤਾ ਬਿੰਬ ਦਾ ਉਹ ਗੁਣ ਹੈ ਜਿਸ ਦੁਆਰਾ ਕਿਸੇ ਵਿਸ਼ਾਲ ਭਾਵ ਨੂੰ ਥੋੜ੍ਹੇ ਸ਼ਬਦਾਂ ਵਿਚ ਪ੍ਰਗਟਾਇਆ ਜਾ ਸਕੇ। ਲੀਵਸ ਦਾ ਕਥਨ ਹੈ, "ਤੀਬਰਤਾ ਤੋਂ ਸਾਡਾ ਭਾਵ ਕਿਸੇ ਵਿਸ਼ਾਲ ਭਾਵ ਨੂੰ ਥੋੜ੍ਹੇ ਸ਼ਬਦਾਂ ਵਿਚ ਇਕਾਗਰ ਕਰਨਾ ਹੈ ਇਸੇ ਕਾਰਣ ਨਵੀਨ ਕਵਿਤਾ ਵਿਚ ਉਪਮਾ ਦੀ ਥਾਂ ਰੂਪਕ ਨੇ ਲੈ ਲਈ ਹੈ"।[5] ਬਾਬਾ ਫਰੀਦ ਨੂੰ ਇਹ ਕਮਾਲ ਹਾਸਲ ਹੈ ਕਿ ਉਹ ਵੱਡੀ ਤੋਂ ਵੱਡੀ ਗੱਲ ਨੂੰ ਬੜੇ ਥੋੜ੍ਹੇ ਸ਼ਬਦਾਂ ਵਿਚ ਪਰ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਗਟਾ ਦਿੰਦੇ ਹਨ ਅਤੇ ਪਾਠਕ ਦੇ ਭਾਵਾਂ ਵਿਚ ਤੀਬਰਤਾ ਲੈ ਆਉਂਦੇ ਹਨ। ਨਿਮਨ-ਲਿਖਤ ਸ਼ਲੋਕਾਂ ਵਿਚ ਪ੍ਰਸਤੁਤ ਬਿੰਬਾਂ ਵਿਚ ਤੀਬਰਤਾ ਦਾ ਗੁਣ ਆਪਣੇ ਪੂਰੇ ਜੋਬਨ 'ਤੇ ਵੇਖਿਆ ਜਾ ਸਕਦਾ ਹੈ :

1. ਫਰੀਦਾ ਚਿੰਤ ਖਟੋਲਾ ਵਾਣੁ ਦੁਖੁ ਬਿਰਹਿ ਵਿਛਾਵਣ ਲੇਫੁ ॥
   ਏਹੁ ਹਮਾਰਾ ਜੀਵਣਾ ਤੂੰ ਸਾਹਿਬ ਸਚੇ ਵੇਖੁ ॥
2. ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ ॥
   ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟੁ ॥

(ਆਦਿ ਗ੍ਰੰਥ, ਪੰਨਾ 1379)

3. ਫਰੀਦਾ ਇਕਨਾ ਆਟਾ ਅਗਲਾ ਇਕਨਾ ਨਾਹੀ ਲੋਣੁ ॥
   ਅਗੈ ਗਏ ਸਿੰਞਾਪਸਨਿ ਚੋਟਾਂ ਖਾਸੀ ਕਉਣੁ ॥

(ਆਦਿ ਗ੍ਰੰਥ, ਪੰਨਾ 1380)

4. ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ ॥
   ਊਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ ॥

(ਆਦਿ ਗ੍ਰੰਥ, ਪੰਨਾ 1382)

## ੲ) ਨਵੀਨਤਾ ਤੇ ਤਾਜ਼ਗੀ

ਬਿੰਬ ਦਾ ਅਗਲਾ ਪ੍ਰਮੁੱਖ ਲੱਛਣ ਹੈ—ਨਵੀਨਤਾ ਤੇ ਤਾਜ਼ਗੀ। ਡਾ. ਦਲੀਪ ਸਿੰਘ ਦੀਪ ਦਾ ਕਥਨ ਹੈ, "ਨਵੀਨਤਾ ਜਾਂ ਤਾਜ਼ਗੀ ਦੀ ਭਾਵਨਾ ਜ਼ਿੰਦਗੀ ਦੀ ਨਿਸ਼ਾਨੀ ਹੈ। ਬਦਲਦੇ ਰਹਿਣਾ ਅਤੇ ਪੁਰਾਣੇ ਦੀ ਥਾਂ ਨਵਿਆਂ ਦਾ ਲੈਂਦੇ ਰਹਿਣਾ ਕੁਦਰਤ ਦਾ ਨਿਯਮ ਹੈ ਅਤੇ ਇਹ ਨਿਯਮ ਹੀ ਪ੍ਰਕ੍ਰਿਤੀ ਵਿਚ ਤਾਜ਼ਗੀ ਕਾਇਮ ਰੱਖਦਾ ਹੈ"।[6] ਇਹੀ ਗੱਲ ਕਾਵਿ-ਬਿੰਬਾਂ ਦੇ ਸੰਬੰਧ ਵਿਚ ਕਹੀ ਜਾ ਸਕਦੀ ਹੈ। ਇਕ ਸਫਲ ਤੇ ਸ਼ਕਤੀਸ਼ਾਲੀ ਬਿੰਬ ਵਿਚ ਨਵੀਨਤਾ ਤੇ ਤਾਜ਼ਗੀ ਦਾ ਗੁਣ ਹੋਣਾ ਲਾਜ਼ਮੀ ਹੈ। ਲੀਵਸ ਅਨੁਸਾਰ, "ਤਾਜ਼ਗੀ ਬਿੰਬ ਦੀ ਉਹ ਸ਼ਕਤੀ ਹੈ ਜੋ ਕਵਿਤਾ ਦੇ ਮੁਹਾਵਰੇ ਦੀ ਨਵੀਨਤਾ, ਕਵਿਤਾ ਦੇ ਵਿਸ਼ੇ-ਵਸਤੂ ਜਾਂ ਫਿਰ ਦੋਹਾਂ ਰਾਹੀਂ ਪ੍ਰਗਟ ਹੋ ਕੇ ਅਜਿਹੀ ਵਸਤੂ ਨੂੰ ਉਜਾਗਰ ਕਰਦੀ ਹੈ ਜਿਸ ਦਾ ਅਹਿਸਾਸ ਸਾਨੂੰ ਪਹਿਲਾਂ ਕਦੀ ਨਾ ਹੋਇਆ ਹੋਵੇ"।[7] ਬਾਬਾ ਫ਼ਰੀਦ ਨੂੰ ਪੰਜਾਬੀ ਦਾ ਪਹਿਲਾ ਕਵੀ ਸਵੀਕਾਰ ਕੀਤਾ ਗਿਆ ਹੈ। ਇਸ ਲਈ ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਫ਼ਰੀਦ-ਬਾਣੀ ਵਿਚ ਪੇਸ਼ ਕੀਤੇ ਗਏ ਬਿੰਬ ਪੰਜਾਬੀ ਕਾਵਿ ਲਈ ਬਿਲਕੁਲ



Marfat.com

ਨਵੀਨ ਅਤੇ ਮੌਲਿਕ ਸਨ। ਸਦੀਆਂ ਬੀਤ ਜਾਣ ਉਪਰੰਤ ਵੀ ਇਨ੍ਹਾਂ ਬਿੰਬਾਂ ਦੀ ਅਪੀਲ ਨਹੀਂ ਘਟੀ ਸਗੋਂ ਇਨ੍ਹਾਂ ਵਿਚ ਇਕ ਸਦੀਵੀ ਤਾਜ਼ਗੀ ਝਲਕਦੀ ਹੈ ਜਿਵੇਂ :

1. ਕੰਧੀ ਉਤੇ ਰੁਖੜਾ ਕਿਚਰਕੁ ਬੰਨੇ ਧੀਰ ॥
ਫਰੀਦਾ ਕਚੇ ਭਾਂਡੇ ਰਖੀਐ ਕਿਚਰੁ ਤਾਈ ਨੀਰ ॥

(ਆਦਿ ਗ੍ਰੰਥ, ਪੰਨਾ 1382)

2. ਫਰੀਦਾ ਰੁਤਿ ਫਿਰੀ ਵਣੁ ਕੰਬਿਆ ਪਤ ਝੜੇ ਝੜਿ ਪਾਹਿ ॥
ਚਾਰੇ ਕੁੰਡਾ ਢੂੰਢੀਆਂ ਰਹਣੁ ਕਿਥਾਊ ਨਾਹਿ ॥

(ਆਦਿ ਗ੍ਰੰਥ, ਪੰਨਾ 1383)

3. ਲੰਮੀ ਲੰਮੀ ਨਦੀ ਵਹੈ ਕੰਧੀ ਕੇਰੈ ਹੇਤਿ ॥
ਬੇੜੇ ਨੋ ਕਪਰੁ ਕਿਆ ਕਰੇ ਜੇ ਪਾਤਣ ਰਹੈ ਸੁਚੇਤਿ ॥

(ਆਦਿ ਗ੍ਰੰਥ, ਪੰਨਾ 1382)

4. ਫਰੀਦਾ ਸੋਈ ਸਰਵਰੁ ਢੂਢਿ ਲਹੁ ਜਿਥਹੁ ਲਭੀ ਵਥੁ ॥
ਛਪੜਿ ਢੂਢੇ ਕਿਆ ਹੋਵੈ ਚਿਕੜਿ ਡੁਬੈ ਹਥੁ ॥

(ਆਦਿ ਗ੍ਰੰਥ, ਪੰਨਾ 1380)

## ਸ) ਪਰਿਚਯਤਾ ਜਾਂ ਜਾਣ-ਪਛਾਣ

ਪਰਿਚਯਤਾ ਜਾਂ ਜਾਣ-ਪਛਾਣ ਬਾਬਾ ਫ਼ਰੀਦ ਦੇ ਬਿੰਬਾਂ ਦਾ ਹੋਰ ਉੱਘਾ ਲੱਛਣ ਹੈ। "ਬਿੰਬ ਉਹੋ ਹੀ ਗ੍ਰਹਿਣ ਯੋਗ ਹੋ ਸਕਦਾ ਹੈ ਜਿਸ ਤੋਂ ਪਾਠਕ ਪਹਿਲਾਂ ਭਲੀ ਪ੍ਰਕਾਰ ਪਰਿਚਿਤ ਹੋਵੇ। ਕਵੀ ਜਿਸ ਬਿੰਬ ਨੂੰ ਭਾਵ-ਵਿਅੰਜਨਾ ਲਈ ਵਰਤਦਾ ਹੈ, ਜੇ ਉਸ ਬਾਰੇ ਪਾਠਕ ਨੇ ਸੁਣਿਆ, ਅਨੁਭਵਿਆ ਜਾਂ ਉਸ ਨੂੰ ਵੇਖਿਆ ਨਹੀਂ ਤਾਂ ਉਸ ਦੀ ਅਪੀਲ ਪੂਰਨ ਭਾਂਤ ਨਹੀਂ ਹੋ ਸਕਦੀ। ਉਹ ਕਵੀ ਲੋਕਾਂ ਤੋਂ ਦੂਰ ਰਹਿ ਜਾਂਦੇ ਹਨ, ਜਿਹੜੇ ਅਜਿਹੇ ਬਿੰਬਾਂ ਦੀ ਸਿਰਜਨਾ ਕਰਦੇ ਹਨ, ਜਿਨ੍ਹਾਂ ਤੋਂ ਲੋਕੀਂ ਪਰਿਚਿਤ ਨਹੀਂ ਹੁੰਦੇ"।[8] ਬਾਬਾ ਫ਼ਰੀਦ ਦੇ ਬਿੰਬਾਂ ਦਾ ਸ੍ਰੋਤ ਜਾਂ ਖੇਤਰ ਭਾਵੇਂ ਕੋਈ ਵੀ ਹੈ, ਪਾਠਕ ਜਾਂ ਸ੍ਰੋਤੇ ਉਨ੍ਹਾਂ ਤੋਂ ਪੂਰੀ ਤਰ੍ਹਾਂ ਪਰਿਚਿਤ ਹਨ। ਪਾਠਕ ਕੇਵਲ ਉਨ੍ਹਾਂ ਬਿੰਬਾਂ ਰਾਹੀਂ ਪੇਸ਼ ਕੀਤੇ ਭਾਵ ਅਤੇ ਵਿਚਾਰ ਹੀ ਛੇਤੀ ਗ੍ਰਹਿਣ ਕਰ ਸਕਦਾ ਹੈ ਜੇ ਉਸ ਦੇ ਚੌਗਿਰਦੇ ਦੇ ਨਿਤਾ-ਪ੍ਰਤੀ ਦੇ ਮਨੁੱਖਾ-ਜੀਵਨ ਅਤੇ ਉਸ ਦੇ ਵੇਖੇ ਹੋਏ ਪ੍ਰਕ੍ਰਿਤਕ-ਮੰਡਲ ਵਿਚੋਂ ਲਏ ਗਏ ਹੋਣ। "ਪਰਿਚਯਤਾ ਉਨ੍ਹਾਂ ਬਿੰਬਾਂ ਰਾਹੀਂ ਹੀ ਆ ਸਕਦੀ ਹੈ ਜੋ ਭਾਵਾਤਮਿਕ ਪ੍ਰਸੰਗਾਂ ਵਿਚ ਲਗਾਤਾਰ ਵਰਤੀਂਦੇ ਰਹਿਣ ਕਰ ਕੇ ਸਾਡੇ ਦਿਲਾਂ ਵਿਚ ਸਮਾ ਗਏ ਹੋਣ"।[9] ਲੀਵਸ ਦਾ ਇਹ ਕਥਨ ਬਾਬਾ ਫ਼ਰੀਦ ਦੇ ਬਿੰਬਾਂ ਉਪਰ ਪੂਰੀ ਤਰ੍ਹਾਂ ਢੁੱਕਦਾ ਹੈ। ਆਪ ਜੀ ਨੇ ਪ੍ਰਕ੍ਰਿਤਕ ਮੰਡਲ, ਮਨੁੱਖਾ-ਜੀਵਨ, ਇਸਲਾਮੀ ਮਿਥਿਹਾਸ, ਆਦਿ ਵਿਚੋਂ ਅਜਿਹੀ ਸਾਮਗ੍ਰੀ ਨੂੰ ਹੀ ਆਪਣੇ ਬਿੰਬਾਂ ਦਾ ਆਧਾਰ ਬਣਾਇਆ ਹੈ ਜਿਸ ਨਾਲ ਪਾਠਕਾਂ ਦੀ ਡੂੰਘੀ ਭਾਵਾਤਮਿਕ ਸਾਂਝ ਅਤੇ ਪੂਰੀ ਜਾਣ-ਪਛਾਣ ਹੈ ਜਿਵੇਂ—(ਪ੍ਰਕ੍ਰਿਤੀ ਦੇ ਵਿਭਿੰਨ ਪਹਿਲੂਆਂ ਵਿਚੋਂ ਲਏ ਬਿੰਬ) ਘਾਹ (ਦਭੁ), ਕੰਡੇ, ਬਾਗ, ਜੰਗਲ, ਫਲ, ਫੁਲ, ਕਿਕਰ, ਖਜੂਰ,



Marfat.com

ਕਸੁੰਭੜਾ, ਕੋਇਲ, ਕਾਂ, ਕੂੰਜਾਂ, ਹੰਸ, ਬਗਲਾ, ਬਾਜ, ਕੁੱਤਾ, ਸਰੋਵਰ, ਛਪੜ, ਛਪੜੀ, ਦਰਿਆ, ਨਦੀ, ਨਾਲਾ, ਖੂਹੀ, ਮੀਂਹ, ਮਲਾਹ, ਬੇੜਾ, ਛੱਲਾਂ, ਰਾਤ (ਰੈਣ), ਦਿਨ, ਘੜੀ, ਪਹਿਰ, ਜੁਗ, ਅੱਗ, ਅੰਗਿਆਰ, ਚਾਨਣ, ਹਨੇਰਾ, ਦੀਵਾ, ਭੁਇੰ, ਥਲ, ਪਹਾੜ, ਮੈਦਾਨ, ਟੋਏ, ਟਿੱਬੇ, ਸੋਨਾ (ਕੰਚਨ), ਮੋਤੀ (ਮਾਣਕ), ਕਸਤੂਰੀ, ਹਿੰਙ ਆਦਿ। (ਮਨੁੱਖਾ-ਜੀਵਨ ਦੇ ਵਿਭਿੰਨ ਪਹਿਲੂਆਂ ਵਿਚੋਂ ਲਏ ਬਿੰਬ) ਮੰਜਾ, ਵਾਣ, ਤੁਲਾਈ (ਲੇਫ), ਗੋਦੜੀ, ਹਾਂਡੀ, ਤੰਦੂਰ, ਬਾਲਣ, ਗੋਹਾ, ਭਾਂਡਾ, ਕੈਂਚੀ (ਕਾਤੀ), ਘੜੀ, ਲੱਜ, ਕਪਾਹ, ਤਿਲ, ਕਮਾਦ, ਕਾਗਜ਼, ਕੋਲਾ, ਕੂਜਾ, ਤਿਲ, ਘੜਿਆਲ, ਗਠੜੀ, (ਪੋਟਲੀ), ਸਕਰ, ਖੰਡ, ਮਿਸ਼ਰੀ (ਨਿਵਾਤ), ਗੁੜ, ਮਾਝਾ ਦੁੱਧ, ਜ਼ਹਿਰ (ਵਿਸੁ) ਆਟਾ, ਲੂਣ, ਗੰਦਲਾਂ, ਸਰੀਰ (ਤਨ), ਹੱਡ, ਸਿਰ, ਪੈਰ, ਦੰਦ, ਅੱਖਾਂ, ਕੰਨ, ਦਾੜ੍ਹੀ, ਮੁੱਛਾਂ, ਲੱਤਾਂ (ਜੰਘਾਂ), ਮੋਢਾ (ਕੰਨਿ), ਜੋਬਨ, ਬੁਢਾਪਾ, ਪਟੋਲਾ, ਕੰਬਲੀ, ਪੱਗ, ਲਾੜੀ (ਵਹੁਟੀ), ਲਾੜਾ (ਵਰ), ਇਸਤ੍ਰੀ (ਮੁੰਧ), ਸਾਥੀ, ਬੇਲੀ, ਸੁਹਾਗਣ, ਡੋਹਾਗਣ, ਸਾਹਾ, ਸਹੁਰੇ, ਪੇਕੇ, ਸਾਹਾ ਕੱਢਣਾ, ਗੰਢ ਚਿਤ੍ਰਾਵਾ, ਸੁਲਤਾਨ, ਦਰਬਾਰ, ਦਮਾਮੇ, ਕਿਲ੍ਹਾ (ਗੜ੍ਹ), ਛਤਰ, ਆਦਿ। (ਇਸਲਾਮੀ ਮਿਥਿਹਾਸ ਤੇ ਧਾਰਮਿਕ ਵਿਸ਼ਵਾਸਾਂ ਵਿਚੋਂ ਲਏ ਬਿੰਬ) ਅਜ਼ਰਾਈਲ, ਸੈਤਾਨ, ਦੋਜ਼ਖ, ਲੇਖਾ, ਰੂਹ, ਦਰਗਾਹ, ਪੁਲਿਸਰਾਤ (ਪੁਰਸਲਾਤ), ਮਸੀਤ, ਨਮਾਜ਼ ਆਦਿ।

ਬਾਬਾ ਫ਼ਰੀਦ ਦੀ ਉਪਰੋਕਤ ਬਿੰਬ-ਸਾਮਗ੍ਰੀ ਵਲ ਧਿਆਨ ਮਾਰਿਆਂ ਇਹ ਕਿਹਾ ਜਾ ਸਕਦਾ ਹੈ ਕਿ ਉਨ੍ਹਾਂ ਦੇ ਬਿੰਬ ਨਾ ਤਾਂ ਉਨ੍ਹਾਂ ਦੇ ਸਮਕਾਲੀ ਪਾਠਕਾਂ ਤੇ ਸ੍ਰੋਤਿਆਂ ਲਈ ਓਪਰੇ ਸਨ ਤੇ ਨਾ ਹੀ ਅਜੋਕੇ ਪਾਠਕਾਂ ਤੇ ਸ੍ਰੋਤਿਆਂ ਲਈ। ਪਰਿਚਯਤਾ ਜਾਂ ਜਾਣ-ਪਛਾਣ ਦੇ ਗੁਣ ਕਰ ਕੇ ਬਾਬਾ ਫ਼ਰੀਦ ਦੇ ਬਿੰਬਾਂ ਦਾ ਪ੍ਰਭਾਵ ਅਤੇ ਅਪੀਲ ਸਦੀਵੀ ਹੈ।

### ਹ) ਉਰਵਤਾ ਜਾਂ ਉਪਜਾਇਕਤਾ ਤੇ ਵਿਅੰਜਕਤਾ

ਬਿੰਬ ਤੋਂ ਕੇਵਲ ਭਾਵਾਂ ਦੀ ਅਭਿਵਿਅਕਤੀ ਹੀ ਨਹੀਂ ਸਗੋਂ ਭਾਵਾਂ ਦੀ ਇਕ ਲੜੀ ਵੀ ਉਤਪਨ ਹੋ ਜਾਣੀ ਚਾਹੀਦੀ ਹੈ, ਇਸੇ ਵਿਚ ਬਿੰਬ ਦੀ ਉਪਜਾਇਕਤਾ ਹੈ।[10] ਡਾ. ਸੁਧਾ ਸਕਸੇਨਾ ਅਨੁਸਾਰ, "ਬਿੰਬ ਕੇਵਲ ਭਾਵ ਨੂੰ ਅਭਿਵਿਅਕਤ ਕਰ ਕੇ ਹੀ ਨਾ ਰਹਿ ਜਾਵੇ ਸਗੋਂ ਸਾਡੇ ਸਨਮੁੱਖ ਭਾਵਾਂ ਦੀ ਇਕ ਪਰੰਪਰਾ ਨਿਰਮਤ ਕਰ ਦੇਵੇ"।[11] ਉਰਵਤਾ ਜਾਂ ਉਪਜਾਇਕਤਾ ਪ੍ਰਦਾਨ ਕਰਨ ਲਈ ਇਹ ਜ਼ਰੂਰੀ ਹੈ ਕਿ ਬਿੰਬ ਸੰਕੇਤਕ, ਸੁਝਾਊ ਅਰਥਾਤ ਵਿਅੰਜਨਾ-ਭਰਪੂਰ ਹੋਵੇ। ਬਾਬਾ ਫਰੀਦ ਦੇ ਬਿੰਬਾਂ ਵਿਚ ਉਪਜਾਇਕਤਾ ਤੇ ਵਿਅੰਜਕਤਾ ਦੇ ਇਹ ਦੋਵੇਂ ਗੁਣ ਆਪਸ ਵਿਚ ਘਿਉ ਖਿਚੜੀ ਹੋਏ ਮਿਲਦੇ ਹਨ। ਉਦਾਹਰਣ ਪੇਸ਼ ਹੈ :

ਫਰੀਦਾ ਵੇਖੁ ਕਪਾਹੈ ਜਿ ਥੀਆ ਜਿ ਸਿਰਿ ਥੀਆ ਤਿਲਾਹ ॥
ਕਮਾਦੈ ਅਰ ਕਾਗਦੈ ਕੁੰਨੇ ਕੋਇਲਿਆਹ ॥
ਮੰਦੇ ਅਮਲ ਕਰੇਦਿਆ ਏਹ ਸਜਾਇ ਤਿਨਾਹ ॥

(ਆਦਿ ਗ੍ਰੰਥ, ਪੰਨਾ 1380)

ਇਸ ਸ਼ਲੋਕ ਵਿਚ ਇਹ ਖਿਆਲ ਤਾਂ ਵਿਅਕਤ ਕੀਤਾ ਹੀ ਗਿਆ ਹੈ ਕਿ ਬੁਰੇ



Marfat.com

ਕਰਮ ਕਰਨ ਵਾਲਿਆਂ ਨੂੰ ਅੰਤ ਸਖ਼ਤ ਸਜ਼ਾ ਭੋਗਣੀ ਪੈਂਦੀ ਹੈ, ਪਰ ਨਾਲ ਹੀ ਕਵੀ ਨੇ ਵੇਲਣੇ ਵਿਚ ਵੇਲੀ ਜਾਂਦੀ ਕਪਾਹ, ਕੋਹਲੂ ਵਿਚ ਪੀੜੇ ਜਾਂਦੇ ਤਿਲਾਂ, ਵੇਲਣੇ ਵਿਚ ਪੀੜੇ ਜਾਂਦੇ ਕਮਾਦ, ਮਿੱਝ ਮਲੀਦਾ ਕਰ ਕੇ ਤਿਆਰ ਕੀਤੇ ਜਾਂਦੇ ਕਾਗਜ਼ ਅਤੇ ਕੋਲਿਆਂ ਦੇ ਅੰਗਿਆਰਾਂ ਉਪਰ ਤਪ ਰਹੀ ਹਾਂਡੀ ਦੇ ਵੱਖ ਵੱਖ ਚਿੱਤਰ ਸਾਡੀਆਂ ਅੱਖਾਂ ਅੱਗੇ ਲਟਕਾ ਕੇ ਸਾਡੇ ਅੰਦਰ ਖਿਆਲਾਂ ਦੀ ਇਕ ਨਿਰੰਤਰ ਲੜੀ ਨਿਰਮਤ ਕਰ ਦਿੱਤੀ ਹੈ। ਸ਼ਲੋਕ ਵਿਚ ਪ੍ਰਸਤੁਤ ਸਾਰੇ ਬਿੰਬ ਵਿਅੰਜਨਾ-ਭਰਪੂਰ ਵੀ ਹਨ ਜੋ ਮਨੁੱਖ ਨੂੰ ਭਿਆਨਕ ਸਜ਼ਾ ਤੋਂ ਬਚਣ ਲਈ 'ਮੰਦੇ ਅਮਲ' ਨਾ ਕਰਨ ਦਾ ਸੁਝਾਉ ਦਿੰਦੇ ਹਨ।

ਇਸੇ ਤਰ੍ਹਾਂ ਨਿਮਨ-ਲਿਖਤ ਸ਼ਲੋਕ ਜਿਥੇ ਹਰ ਮਨੁੱਖ ਦੇ ਮਨ ਵਿਚ ਉਸ ਦੇ ਬਚਪਨ ਅਤੇ ਜਵਾਨੀ ਵੇਲੇ ਦੇ ਅਨੇਕਾਂ ਰੰਗੀਨ ਭਾਵਾਂ ਦੀ ਇਕ ਲੜੀ ਜਿਹੀ ਉਤਪੰਨ ਕਰ ਦਿੰਦਾ ਹੈ ਉਥੇ ਉਸ ਦੀ ਅੰਤਿਮ, ਦਰਦਨਾਕ ਅਤੇ ਤਰਸਯੋਗ ਹੋਣੀ ਵਲ ਵੀ ਸੰਕੇਤ ਕਰ ਦਿੰਦਾ ਹੈ :

ਫਰੀਦਾ ਇਨੀ ਨਿਕੀ ਜੰਘੀਐ ਥਲ ਡੂੰਗਰ ਭਵਿਓਮਿ ॥
ਅਜੁ ਫਰੀਦੈ ਕੂਜੜਾ ਸੈ ਕੋਹਾਂ ਥੀਓਮਿ ॥

(ਆਦਿ ਗ੍ਰੰਥ, ਪੰਨਾ 1378)

ਨਿਰਸੰਦੇਹ ਉਪਜਾਇਕਤਾ ਤੇ ਵਿਅੰਜਨਾ ਬਾਬਾ ਫ਼ਰੀਦ ਦੇ ਬਿੰਬਾਂ ਦਾ ਵਿਸ਼ੇਸ਼ ਗੁਣ ਹੈ। ਜਿਸ ਸਦਕਾ ਉਨ੍ਹਾਂ ਦੀ ਅਭਿਵਿਅਕਤੀ ਸਗੋਂ ਵੀ ਪ੍ਰਭਾਵਸ਼ਾਲੀ ਹੋ ਨਿਬੜੀ ਹੈ।

## ਕ) ਅਨੁਰੂਪਤਾ ਜਾਂ ਉਚਿਤਤਾ

ਅਨੁਰੂਪਤਾ ਤੋਂ ਭਾਵ ਹੈ ਕਿ ਕਵਿਤਾ ਵਿਚ ਪੇਸ਼ ਕੀਤੇ ਗਏ ਭਾਵਾਂ ਤੇ ਵਿਚਾਰਾਂ ਵਾਸਤੇ ਢੁਕਵੇਂ ਬਿੰਬਾਂ ਦੀ ਚੋਣ। ਲੀਵਸ ਅਨੁਸਾਰ ਕਵਿਤਾ ਵਿਚ ਪੇਸ਼ ਕੀਤੇ ਵਿਚਾਰਾਂ ਅਤੇ ਕਵਿਤਾ ਦੇ ਰੂਪ ਨਾਲ ਬਿੰਬ ਦੀ ਅਨੁਰੂਪਤਾ ਜ਼ਰੂਰੀ ਹੈ।[12] ਅਢੁੱਕਵਾਂ ਬਿੰਬ ਜਿਥੇ ਕਵਿਤਾ ਦੇ ਪ੍ਰਭਾਵ ਨੂੰ ਘਟਾਉਂਦਾ ਹੈ ਉਥੇ ਇਸ ਨੂੰ ਹਾਸੋ-ਹੀਣਾ ਵੀ ਬਣਾ ਦਿੰਦਾ ਹੈ, ਇਸ ਲਈ ਅਨੁਰੂਪਤਾ ਬਿੰਬ ਦਾ ਇਕ ਅਤਿ ਜ਼ਰੂਰੀ ਲੱਛਣ ਹੈ।

ਬਾਬਾ ਫ਼ਰੀਦ ਨੇ ਆਪਣੇ ਭਾਵਾਂ ਤੇ ਵਿਚਾਰਾਂ ਦੀ ਪ੍ਰਦਰਸ਼ਨੀ ਲਈ ਬਿਲਕੁਲ ਢੁੱਕਵੇਂ ਬਿੰਬ ਪ੍ਰਯੁਕਤ ਕੀਤੇ ਹਨ। ਉਨ੍ਹਾਂ ਦੇ ਸ਼ਲੋਕਾਂ ਤੇ ਸ਼ਬਦਾਂ ਵਿਚ ਭਾਵ ਤੇ ਬਿੰਬ ਦਰਮਿਆਨ ਹਮੇਸ਼ਾਂ ਅਨੁਰੂਪਤਾ ਬਣੀ ਰਹਿੰਦੀ ਹੈ। ਦੁਨਿਆਵੀ ਵਿਸ਼ੇ-ਵਿਕਾਰਾਂ ਵਾਸਤੇ ਬਾਬਾ ਫ਼ਰੀਦ ਨੇ ਕਾਂ ਦਾ ਬੇਹੱਦ ਢੁੱਕਵਾਂ ਬਿੰਬ ਪ੍ਰਯੁਕਤ ਕੀਤਾ ਹੈ। ਇਹ ਵਿਸ਼ੇ-ਵਿਕਾਰ ਮਨੁੱਖ ਦੇ ਸਰੀਰ ਨੂੰ ਸਚਮੁੱਚ ਹੀ ਕਾਂ ਵਾਂਗ ਚੂੰਡ ਚੂੰਡ ਖਾ ਜਾਂਦੇ ਹਨ :

ਕਾਗਾ ਕਰੰਗ ਢਢੋਲਿਆ ਸਗਲਾ ਖਾਇਆ ਮਾਸੁ ॥
ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ ॥

(ਆਦਿ ਗ੍ਰੰਥ, ਪੰਨਾ 1382)

ਦੁਨੀਆਂ ਲਈ ਫ਼ਰੀਦ ਨੇ ਕਲਰੀ ਛਪੜੀ ਤੇ ਪ੍ਰਭੂ ਦੇ ਭਗਤਾਂ ਲਈ ਹੰਸਾਂ ਦੇ ਢੁੱਕਵੇਂ ਬਿੰਬਾਂ ਦੀ ਚੋਣ ਕੀਤੀ ਹੈ। ਪ੍ਰਭੂ ਦੇ ਨਾਮ ਰੂਪੀ ਸੁੱਚੇ ਮੋਤੀਆਂ ਨੂੰ ਚੁਗਣ ਵਾਲੇ ਪ੍ਰਭੂ ਦੇ



Marfat.com

ਭਗਤ ਰੂਪੀ ਹੰਸ, ਦੁਨੀਆਂਦਾਰੀ ਦੀ ਛਪੜੀ ਦੇ ਗੰਧਲੇ ਪਾਣੀ ਨੂੰ ਭਲਾ ਕਿਵੇਂ ਪੀ ਸਕਦੇ ਹਨ ? ਇਸੇ ਲਈ ਫ਼ਰੀਦ ਜੀ ਲਿਖਦੇ ਹਨ :

ਕਲਰ ਕੇਰੀ ਛਪੜੀ ਆਇ ਉਲਥੇ ਹੰਝ ॥
ਚਿੰਜੂ ਬੋੜਨਿ ਨਾ ਪੀਵਹਿ ਉਡਣ ਸੰਦੀ ਡੰਝ ॥

(ਆਦਿ ਗ੍ਰੰਥ, ਪੰਨਾ 1381)

ਇਸੇ ਤਰ੍ਹਾਂ ਬਾਬਾ ਫ਼ਰੀਦ ਨੇ ਚੰਗੀ ਸੰਗਤ ਲਈ ਸਰੋਵਰ ਅਤੇ ਬੁਰੀ ਸੰਗਤ ਲਈ ਛਪੜ ਦੇ ਢੁੱਕਵੇਂ ਬਿੰਬ ਪ੍ਰਯੁਕਤ ਕੀਤੇ ਹਨ। ਸਰੋਵਰ ਦੇ ਸਾਫ਼ ਸੁਥਰੇ ਪਾਣੀ ਵਿਚ ਇਸ਼ਨਾਨ ਕਰਨ ਨਾਲ ਸਰੀਰ ਦੀ ਮੈਲ ਦੂਰ ਹੋ ਜਾਂਦੀ ਹੈ ਜਦ ਕਿ ਛਪੜ ਦੇ ਗੰਧਲੇ ਪਾਣੀ ਵਿਚ ਹੱਥ ਪਾਉਣ ਨਾਲ ਹੱਥ ਚਿਕੜ ਗਾਰੇ ਨਾਲ ਲਿਬੜ ਜਾਂਦਾ ਹੈ। ਇਸੇ ਤਰ੍ਹਾਂ ਚੰਗੇ ਬੰਦਿਆਂ ਦੀ ਸੰਗਤ ਵਿਚੋਂ ਚੰਗੇ ਵਿਚਾਰ ਗ੍ਰਹਿਣ ਕਰ ਕੇ ਮਨੁੱਖ ਦੇ ਮਨ ਵਿਚ ਸ਼ੁੱਧਤਾ ਆਉਂਦੀ ਹੈ ਜਦ ਕਿ ਬੁਰੀ ਸੰਗਤ ਵਿਚ ਗ੍ਰਹਿਣ ਕੀਤੇ ਬੁਰੇ ਵਿਚਾਰਾਂ ਨਾਲ ਮਨ ਉਪਰ ਹੋਰ ਵੀ ਮੈਲ ਚੜ੍ਹ ਜਾਂਦੀ ਹੈ :

ਫਰੀਦਾ ਸੋਈ ਸਰਵਰੁ ਢੂਢਿ ਲਹੁ ਜਿਥਹੁ ਲਭੀ ਵਥੁ ॥
ਛਪੜਿ ਢੂਢੈ ਕਿਆ ਹੋਵੈ ਚਿਕੜਿ ਡੁਬੈ ਹਥੁ ॥

(ਆਦਿ ਗ੍ਰੰਥ, ਪੰਨਾ 380)

ਇਸ ਤੋਂ ਬਿਨਾਂ ਜਦੋਂ ਅਸੀਂ ਬਾਬਾ ਫ਼ਰੀਦ ਦੀ ਸਮੁੱਚੀ ਰਚਨਾ ਉਪਰ ਨਜ਼ਰ ਮਾਰਦੇ ਹਾਂ ਤਾਂ ਇਹ ਗੱਲ ਹੋਰ ਵੀ ਸਪਸ਼ਟ ਹੋ ਜਾਂਦੀ ਹੈ ਕਿ ਬਾਬਾ ਫ਼ਰੀਦ ਨੇ ਆਪਣੇ ਭਾਵਾਂ ਤੇ ਵਿਚਾਰਾਂ ਦੇ ਨਿਰੂਪਣ ਲਈ ਬਿਲਕੁਲ ਢੁੱਕਵੇਂ ਬਿੰਬ ਪ੍ਰਯੁਕਤ ਕੀਤੇ ਹਨ, ਜਿਵੇਂ ਜਿੰਦ ਲਈ ਵਹੁਟੀ, ਮੌਤ ਲਈ ਲਾੜਾ, ਮੌਤ ਦੇ ਦਿਨ ਲਈ ਸਾਹੇ ਦਾ ਦਿਨ, ਸਾਹਾਂ ਲਈ ਤਿਲ, ਨਿਮਰਤਾ ਲਈ ਘਾਹ (ਦਭੁ) ਲਾਲਚ ਵਾਲੇ ਪਿਆਰ ਲਈ ਟੁੱਟੇ ਹੋਏ ਛੱਪਰ, ਦੁਨੀਆਂ ਲਈ ਪੇਕੇ ਘਰ, ਪਰਲੋਕ ਲਈ ਸਹੁਰਾ ਘਰ, ਦੁਨਿਆਵੀ ਪਦਾਰਥਾਂ ਲਈ ਵਿਸ ਗੰਦਲਾਂ, ਅੱਖਾਂ ਲਈ ਦੋ ਦੀਵੇ, ਸਹਿਣਸ਼ੀਲਤਾ ਲਈ ਰੁਖ, ਮਨੁੱਖੀ-ਜੀਵ ਲਈ ਪੰਛੀ ਤੇ ਪ੍ਰਾਹੁਣਾ, ਸਾਹਾਂ ਦੀ ਲੜੀ ਲਈ ਲੱਜ, ਮਨੁੱਖੀ ਸਰੀਰ ਲਈ ਘੜੀ, ਰੱਬੀ ਨਾਮ ਲਈ ਕਸਤੂਰੀ (ਕਥੂਰੀ), ਦੁੱਖਾਂ ਲਈ ਅੱਗ, ਮਨੁੱਖੀ ਸਰੀਰ ਜਾਂ ਜੀਵਨ ਲਈ 'ਕੰਧੀ ਉਤੇ ਰੁਖੜਾ', ਭੇਖੀ ਲਈ ਬਗਲਾ, ਜਵਾਨੀ ਦੇ ਬੁਢਾਪੇ ਵਿਚ ਢਲਣ ਲਈ ਰੁਤ ਦਾ ਫਿਰਨਾ, ਦੁਨਿਆਵੀ ਵਿਸ਼ੇ-ਵਿਕਾਰਾਂ ਲਈ ਸ਼ਿਕਾਰੀ (ਫਾਹੀਵਾਲ), ਗੁਰੂ ਜਾਂ ਮੁਰਸ਼ਦ ਲਈ ਮਲਾਹ (ਪਾਤਣੀ), ਮਨੁੱਖੀ-ਮਨ ਲਈ ਮੋਤੀ (ਮਾਣਿਕ), ਆਦਿ।

ਇਸ ਤਰ੍ਹਾਂ ਸਪਸ਼ਟ ਹੈ ਕਿ ਅਨੁਰੂਪਤਾ ਬਾਬਾ ਫ਼ਰੀਦ ਦੇ ਬਿੰਬਾਂ ਦਾ ਅਨਿੱਖੜ ਅੰਗ ਤੇ ਮਹੱਤਵਪੂਰਣ ਗੁਣ ਹੈ।

## 2. ਬਿੰਬ ਨਿਰਮਾਣ ਦਾ ਮਾਧਿਅਮ

ਕਵਿਤਾ ਵਿਚ ਬਿੰਬ ਕਈ ਰੂਪਾਂ ਵਿਚ ਪ੍ਰਯੁਕਤ ਹੁੰਦਾ ਹੈ ਪਰ ਇਸ ਦਾ ਮਾਧਿਅਮ ਕਾਵਿ-ਸ਼ੈਲੀ ਦਾ ਕੋਈ ਨਾ ਕੋਈ ਅੰਗ ਹੀ ਹੁੰਦਾ ਹੈ ਜਿਵੇਂ ਉਪਮਾ, ਰੂਪਕ, ਦ੍ਰਿਸ਼ਟਾਂਤ,



Marfat.com

ਪ੍ਰਤੀਕ, ਮਾਨਵੀਕਰਣ, ਮੁਹਾਵਰੇ ਤੇ ਅਖਾਉਤਾਂ ਅਤੇ ਬਿਰਤਾਂਤ। ਬਾਬਾ ਫ਼ਰੀਦ ਨੇ ਵੀ ਕਾਵਿ-ਸ਼ੈਲੀ ਦੇ ਇਨ੍ਹਾਂ ਉਪਕਰਣਾਂ ਨੂੰ ਹੀ ਆਪਣੀ ਬਿੰਬ-ਸਿਰਜਣਾ ਦਾ ਮਾਧਿਅਮ ਬਣਾਇਆ ਹੈ। ਹੇਠਾਂ ਫ਼ਰੀਦ-ਬਾਣੀ ਦੇ ਸੰਦਰਭ ਵਿਚ ਇਨ੍ਹਾਂ ਦਾ ਵਿਸ਼ਲੇਸ਼ਣ ਕੀਤਾ ਜਾਵੇਗਾ।

### ੳ) ਉਪਮਾ (Simile)

ਉਪਮਾ ਅੰਦਰ ਉਪਮੇਯ ਅਤੇ ਉਪਮਾਨ ਵਿਚਕਾਰ ਕਿਸੇ ਸਾਂਝੇ ਧਰਮ ਦੀ ਸਮਤਾ ਕੀਤੀ ਜਾਂਦੀ ਹੈ ਤੇ ਇਸ ਸਾਂਝ ਨੂੰ ਜਿਵੇਂ, ਵਾਂਗੂ ਆਦਿ ਸ਼ਬਦਾਂ ਰਾਹੀਂ ਬਿਆਨ ਕੀਤਾ ਜਾਂਦਾ ਹੈ। ਜਦੋਂ ਕਵੀ ਉਪਮਾ ਦੀ ਸਹਾਇਤਾ ਨਾਲ ਪਾਠਕ ਜਾਂ ਸ੍ਰੋਤੇ ਦੇ ਇੰਦਰਿਆਵੀ ਬੋਧ ਨੂੰ ਉਜਾਗਰ ਕਰਕੇ ਉਸ ਨੂੰ ਸੰਵੇਦਨਾ ਪ੍ਰਦਾਨ ਕਰਨ ਵਿਚ ਕਾਮਯਾਬ ਹੋ ਜਾਂਦਾ ਹੈ ਤਾਂ ਅਜਿਹੀ ਉਪਮਾ ਬਿੰਬ-ਸਿਰਜਣਾ ਦਾ ਸਫ਼ਲ ਮਾਧਿਅਮ ਹੋ ਨਿਬੜਦੀ ਹੈ। ਬਾਬਾ ਫ਼ਰੀਦ ਨੇ ਉਪਮਾਵਾਂ ਦੇ ਮਾਧਿਅਮ ਰਾਹੀਂ ਬੜੇ ਸਫ਼ਲ ਬਿੰਬਾਂ ਦਾ ਨਿਰਮਾਣ ਕੀਤਾ ਹੈ ਜਿਵੇਂ :

1. ਫਰੀਦਾ ਗਲੀ ਸੁ ਸਜਣ ਵੀਹ ਇਕ ਢੂੰਢੇਦੀ ਨਾ ਲਹਾਂ ॥
   ਧੁਖਾਂ ਜਿਉਂ ਮਾਂਲੀਹ ਕਾਰਣਿ ਤਿੰਨਾ ਮਾ ਪਿਰੀ ॥
   (ਆਦਿ ਗ੍ਰੰਥ, ਪੰਨਾ 1383)

2. ਫਰੀਦਾ ਮਉਤੈ ਦਾ ਬੰਨਾ ਏਵੈ ਦਿਸੈ,
   ਜਿਉ ਦਰੀਆਵੈ ਢਾਹਾ ॥ (ਆਦਿ ਗ੍ਰੰਥ, ਪੰਨਾ 1383)

3. ਤਨੁ ਤਪੈ ਤਨੂਰ ਜਿਉ, ਬਾਲਣੁ ਹਡ ਬਲੰਨਿ ॥
   ਪੈਰੀ ਥਕਾਂ ਸਿਰਿ ਜੁਲਾਂ ਜੇ ਮੂੰ ਪਿਰੀ ਮਿਲੰਨਿ ॥
   (ਆਦਿ ਗ੍ਰੰਥ, ਪੰਨਾ 1384)

### ਅ) ਰੂਪਕ (Metaphor)

ਉਪਮਾ ਵਿਚ ਤਾਂ ਉਪਮੇਯ ਅਤੇ ਉਪਮਾਨ ਦਾ ਭੇਦ ਬਣਿਆ ਰਹਿੰਦਾ ਹੈ ਪਰ ਰੂਪਕ ਵਿਚ ਉਪਮੇਯ ਨੂੰ ਉਪਮਾਨ ਨਾਲ ਅਭੇਦ ਕਰ ਦਿੱਤਾ ਜਾਂਦਾ ਹੈ ਅਰਥਾਤ ਦੋਵੇਂ ਇਕ ਰੂਪ ਹੋ ਜਾਂਦੇ ਹਨ। ਰੂਪਕ ਨੂੰ ਬਿੰਬ-ਸਿਰਜਣਾ ਦਾ ਸਭ ਤੋਂ ਉੱਤਮ ਮਾਧਿਅਮ ਮੰਨਿਆ ਗਿਆ ਹੈ ਤੇ ਬਾਬਾ ਫ਼ਰੀਦ ਨੇ ਇਸ ਮਾਧਿਅਮ ਦੀ ਮਦਦ ਨਾਲ ਬਹੁਤ ਹੀ ਪ੍ਰਭਾਵਸ਼ਾਲੀ ਬਿੰਬ ਸਿਰਜੇ ਹਨ, ਜਿਵੇਂ :

1. ਫਰੀਦਾ ਚਿੰਤ ਖਟੋਲਾ ਵਾਣ ਦੁਖ ਬਿਰਹਿ ਵਿਛਾਵਣ ਲੇਫੁ ॥
   ਏਹੁ ਹਮਾਰਾ ਜੀਵਣਾ ਤੂ ਸਾਹਿਬ ਸਚੇ ਵੇਖੁ ॥
   (ਆਦਿ ਗ੍ਰੰਥ, ਪੰਨਾ 1379)

2. ਫਰੀਦਾ ਭੰਨੀ ਘੜੀ ਸਵੰਨਵੀ ਟੁਟੀ ਨਾਗਰ ਲਜੁ ॥
   ਅਜਰਾਈਲੁ ਫਰੇਸਤਾ ਕੈ ਘਰਿ ਨਾਠੀ ਅਜੁ ॥
   (ਆਦਿ ਗ੍ਰੰਥ, ਪੰਨਾ 1381)



Marfat.com

## ੲ) ਦ੍ਰਿਸ਼ਟਾਂਤ (Examples)

ਜਿਸ ਸਮੇਂ ਕੋਈ ਕਵੀ ਸੂਖਮ ਅਤੇ ਅਮੂਰਤ ਭਾਵਾਂ ਨੂੰ ਸਥੂਲ ਦ੍ਰਿਸ਼ਟਾਂਤ ਜਾਂ ਉਦਾਹਰਣਾਂ ਦੇ ਕੇ ਸਮੂਰਤ ਕਰਦਾ ਹੈ ਉਸ ਸਮੇਂ ਵੀ ਸਫ਼ਲ ਬਿੰਬ ਦੀ ਸਿਰਜਣਾ ਹੋ ਜਾਂਦੀ ਹੈ। ਫ਼ਰੀਦ-ਬਾਣੀ ਵਿਚ ਵੀ ਦ੍ਰਿਸ਼ਟਾਂਤ ਦੇ ਮਾਧਿਅਮ ਰਾਹੀਂ ਬਿੰਬਾਂ ਦੀ ਸਿਰਜਣਾ ਹੋਈ ਮਿਲਦੀ ਹੈ, ਜਿਵੇਂ :

1. ਕੰਧੀ ਉਤੇ ਰੁਖੜਾ ਕਿਚਰਕੁ ਬੰਨੈ ਧੀਰ ॥
ਫਰੀਦਾ ਕਚੈ ਭਾਂਡੈ ਰਖੀਐ ਕਿਚਰੁ ਤਾਂਈ ਨੀਰ ॥

(ਆਦਿ ਗ੍ਰੰਥ, ਪੰਨਾ 1382)

2. ਫਰੀਦਾ ਵੇਖੁ ਕਪਾਹੈ ਜਿ ਥੀਆ ਜਿ ਸਿਰਿ ਥੀਆ ਤਿਲਾਹ ॥
ਕਮਾਦੈ ਅਰੁ ਕਾਗਦੈ ਕੁੰਨੇ ਕੋਇਲਿਆਹ ॥
ਮੰਦੇ ਅਮਲ ਕਰੇਦਿਆ ਏਹ ਸਜਾਇ ਤਿਨਾਹ ॥

(ਆਦਿ ਗ੍ਰੰਥ, ਪੰਨਾ 1380)

## ਸ) ਪ੍ਰਤੀਕ (Symbo)

ਜਿਵੇਂ ਕਿ ਪਹਿਲੇ ਅਧਿਆਇ ਵਿਚ ਵਿਸਤਾਰ ਸਹਿਤ ਚਰਚਾ ਹੋ ਚੁੱਕੀ ਹੈ ਕਿ ਜਿਹੜੇ ਪ੍ਰਤੀਕ ਸੰਵੇਦਨਾ ਉਜਾਗਰ ਕਰਨ ਦੇ ਸਮਰਥ ਹੁੰਦੇ ਹਨ ਉਹ ਬਿੰਬ-ਸਿਰਜਣਾ ਦਾ ਮਾਧਿਅਮ ਬਣਦੇ ਹੋਏ ਬਿੰਬ-ਵਿਧਾਨ ਦਾ ਹੀ ਇਕ ਅੰਗ ਬਣ ਜਾਂਦੇ ਹਨ। ਬਾਬਾ ਫ਼ਰੀਦ ਨੇ ਪ੍ਰਤੀਕਾਂ ਦੇ ਮਾਧਿਅਮ ਰਾਹੀਂ ਬੜੇ ਪ੍ਰਭਾਵਸ਼ਾਲੀ ਬਿੰਬਾਂ ਦੀ ਰਚਨਾ ਕੀਤੀ ਹੈ। ਜਿੰਦ ਲਈ ਵਹੁਟੀ, ਮੌਤ ਲਈ ਲਾੜਾ, ਦੋ ਨੈਣਾਂ ਲਈ ਦੋ ਦੀਵੇ, ਦੁਨਿਆਵੀ ਵਿਸ਼ੇ-ਵਿਕਾਰਾਂ ਲਈ 'ਵਿਸੁ ਗੰਦਲਾਂ' ਜੀਵ-ਆਤਮਾ ਲਈ ਹੰਸ, ਮਨੁੱਖੀ-ਮਨ ਲਈ ਮੋਤੀ ਆਦਿ ਪ੍ਰਤੀਕਾਂ ਰਾਹੀਂ ਬਾਬਾ ਫ਼ਰੀਦ ਨੇ ਬੜੇ ਸੁੰਦਰ ਬਿੰਬ ਸਿਰਜਣ ਵਿਚ ਸਫ਼ਲਤਾ ਹਾਸਲ ਕੀਤੀ ਹੈ, ਜਿਵੇ :

1. ਜਿੰਦੁ ਵਹੁਟੀ ਮਰਣੁ ਵਰ ਲੈ ਜਾਸੀ ਪਰਣਾਇ ॥

(ਆਦਿ ਗ੍ਰੰਥ, ਪੰਨਾ 4377)

2. ਫਰੀਦਾ ਦੁਹੁ ਦੀਵੀ ਬਲੰਦਿਆ ਮਲਕੁ ਬਹਿਠਾ ਆਇ ॥
ਗੜੁ ਲੀਤਾ ਘਟੁ ਲੁਟਿਆ ਦੀਵੜੇ ਗਇਆ ਬੁਝਾਇ ॥

(ਆਦਿ ਗ੍ਰੰਥ, ਪੰਨਾ 1380)

3. ਫਰੀਦਾ ਏ ਵਿਸੁ ਗੰਦਲਾ ਧਰੀਆਂ ਖੰਡੁ ਲਿਵਾੜਿ ॥
ਇਕਿ ਰਾਹੇ ਦੇ ਰਹਿ ਗਏ ਇਕਿ ਰਾਧੀ ਗਏ ਉਜਾੜਿ ॥

(ਆਦਿ ਗ੍ਰੰਥ, ਪੰਨਾ 1379)

4. ਕਹੈ ਫਰੀਦੁ ਸਹੇਲੀ ਹੋ ਸਹੁ ਅਲਾਏਸੀ ॥
ਹੰਸੁ ਚਲਸੀ ਡੁੰਮਣਾ ਅਹਿ ਤਨੁ ਢੇਰੀ ਥੀਸੀ ॥

(ਰਾਗ ਸੂਹੀ, ਆਦਿ ਗ੍ਰੰਥ, ਪੰਨਾ 794)



Marfat.com

5. ਇਕੁ ਫਿਕਾ ਨਾ ਗਾਲਾਇ ਸਭਨਾ ਮੈ ਸਚਾ ਧਣੀ ॥
ਹਿਆਉ ਨਾ ਕੈਹੀ ਠਾਹਿ ਮਾਣਕ ਸਭ ਅਮੋਲਵੇ ॥

(ਆਦਿ ਗ੍ਰੰਥ, ਪੰਨਾ 1384)

## ਹ) ਮਾਨਵੀਕਰਣ (Personification)

ਕਵਿਤਾ ਵਿਚ ਮਾਨਵੀਕਰਣ ਦੀ ਵਿਧੀ ਰਾਹੀਂ ਵੀ ਸਫ਼ਲ ਬਿੰਬਾਂ ਦੀ ਸਿਰਜਣਾ ਕੀਤੀ ਜਾਂਦੀ ਹੈ। ਫ਼ਰੀਦ ਬਾਣੀ ਵਿਚ ਇਸ ਦੀਆਂ ਕਈ ਸੁੰਦਰ ਉਦਾਹਰਣਾਂ ਵੇਖੀਆਂ ਜਾ ਸਕਦੀਆਂ ਹਨ, ਜਿਵੇਂ :

1. ਜਿਮੀ ਪੁਛੈ ਅਸਮਾਨ ਫਰੀਦਾ ਖੇਵਟ ਕਿੰਨਿ ਗਏ।
ਜਾਲਣ ਗੋਰਾਂ ਨਾਲਿ ਉਲਾਮੇ ਜੀਅ ਸਹੇ ॥

(ਰਾਗ ਆਸਾ, ਆਦਿ ਗ੍ਰੰਥ, ਪੰਨਾ 488)

2. ਫਰੀਦਾ ਗ਼ੋਰ ਨਿਮਾਣੀ ਸਡੁ ਕਰੇ ਨਿਘਰਿਆ ਘਰਿ ਆਉ ॥
ਸਰਪਰ ਮੈਥੈ ਆਵਣਾ ਮਰਣਹੁ ਨਾ ਡਰਿਆਹੁ ॥

(ਆਦਿ ਗ੍ਰੰਥ, ਪੰਨਾ 1382)

## ਕ) ਮੁਹਾਵਰੇ ਅਤੇ ਅਖਾਉਤਾਂ (Idioms & Proverbs)

ਡਾ. ਦਲੀਪ ਸਿੰਘ ਦੀਪ ਦੇ ਕਥਨ ਅਨੁਸਾਰ, "ਮੁਹਾਵਰਿਆਂ ਜਾਂ ਅਖਾਉਤਾਂ ਵਿਚ ਆਮ ਤੌਰ ਤੇ ਬਿੰਬਮਈ ਵਿਅੰਜਨਾ ਹੀ ਹੁੰਦੀ ਹੈ। ਇਨ੍ਹਾਂ ਪਿੱਛੇ ਜੀਵਨ ਦਾ ਲੰਮੇਰਾ ਤਜ਼ਰਬਾ ਹੁੰਦਾ ਹੈ, ਜਿਨ੍ਹਾਂ ਨੂੰ ਤੱਤ ਰੂਪ ਵਿਚ ਬਿਆਨਿਆ ਜਾਂਦਾ ਹੈ।"[13] ਬਾਬਾ ਫ਼ਰੀਦ ਦਾ ਜੀਵਨ-ਅਨੁਭਵ ਬੜਾ ਡੂੰਘਾ ਅਤੇ ਵਿਸ਼ਾਲ ਸੀ ਜਿਸ ਕਰਕੇ ਉਨ੍ਹਾਂ ਦੇ ਤਜਰਬੇ ਭਰਪੂਰ ਸੰਜਮਮਈ ਕਥਨ ਮੁਹਾਵਰੇ ਤੇ ਅਖਾਉਤਾਂ ਦਾ ਰੂਪ ਧਾਰਨ ਕਰ ਗਏ ਹਨ। ਇਹ ਮੁਹਾਵਰੇ ਤੇ ਅਖਾਉਤਾਂ ਵਿਅੰਜਕ ਹੋਣ ਕਰਕੇ ਸਫ਼ਲ ਬਿੰਬਾਂ ਦਾ ਮਾਧਿਅਮ ਵੀ ਹੋ ਨਿਬੜੇ ਹਨ ਜਿਵੇਂ :

1. ਫਰੀਦਾ ਜੇ ਤੂੰ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ ॥
ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾ ਕਰ ਦੇਖੁ ॥

(ਆਦਿ ਗ੍ਰੰਥ, ਪੰਨਾ 1378)

2. ਫਰੀਦਾ ਲੋੜੈ ਦਾਖ ਬਿਜਉਰੀਆ ਕਿਕਰਿ ਬੀਜੈ ਜਟੁ ॥
ਹੰਢੈ ਉਨ ਕਤਾਇਦਾ ਪੈਧਾ ਲੋੜੈ ਪਟੁ ॥

3. ਰੁਖੀ ਸੁਖੀ ਖਾਇਕੈ ਠੰਡਾ ਪਾਣੀ ਪੀਉ ॥
ਫਰੀਦਾ ਦੇਖਿ ਪਰਾਈ ਚੋਪੜੀ ਨ ਤਰਸਾਇ ਜੀਉ ॥

(ਆਦਿ ਗ੍ਰੰਥ, ਪੰਨਾ 1379)

4. ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ ॥
ਉਚੇ ਚੜਿ ਕੈ ਦੇਖਿਆ ਘਰਿ ਘਰਿ ਏਹਾ ਅਗਿ ॥

(ਆਦਿ ਗ੍ਰੰਥ, ਪੰਨਾ 1382)



Marfat.com

5. ਜਾਂ ਕੁਆਰੀ ਤਾ ਚਾਉ ਵੀਵਾਹੀ ਤਾ ਮਾਮਲੇ ॥
ਫਰੀਦਾ ਏਹੋ ਪਛੋਤਾਉ ਵਤਿ ਕੁਆਰੀ ਨ ਥੀਐ ॥

(ਆਦਿ ਗ੍ਰੰਥ, ਪੰਨਾ 1381)

ਖ) ਬਿਰਤਾਂਤ (Description)

ਕਈ ਵਾਰ ਕਵਿਤਾ ਵਿਚ ਨਿਰਾ ਬਿਰਤਾਂਤ ਵੀ ਬਿੰਬ ਦਾ ਨਿਰਮਾਣ ਕਰ ਸਕਦਾ ਹੈ।[14] ਇਸ ਕਥਨ ਦੀ ਪੁਸ਼ਟੀ ਬਾਬਾ ਫਰੀਦ ਦੀ ਬਾਣੀ ਵਿਚੋਂ ਵੀ ਹੋ ਜਾਂਦੀ ਹੈ। ਨਿਮਨ-ਲਿਖਤ ਸ਼ਲੋਕ ਦਾ ਵਿਅੰਜਨਾ ਭਰਪੂਰ ਬਿਰਤਾਂਤ ਨਿਸ਼ਚੇ ਹੀ ਸਫਲ ਬਿੰਬ ਦਾ ਨਿਰਮਾਣ ਕਰ ਗਿਆ ਹੈ :

ਸਾਢੇ ਤ੍ਰੈ ਮਣ ਦੇਹੁਰੀ ਚਲੈ ਪਾਣੀ ਅੰਨਿ ॥
ਆਇਓ ਬੰਦਾ ਦੁਨੀ ਵਿਚ ਵਤਿ ਆਸੂਣੀ ਬੰਨਿ ॥
ਮਲਕੁਲ ਮਉਤ ਜਾਂ ਆਵਸੀ ਸਭ ਦਰਵਾਜੇ ਭੰਨਿ ॥
ਤਿਨਾ ਪਿਆਰਿਆ ਭਾਈਆਂ ਅਗੈ ਦਿਤਾ ਬੰਨਿ ॥
ਵੇਖਹੁ ਬੰਦਾ ਚਲਿਆ ਚਹੁ ਜਣਿਆ ਦੈ ਕੰਨਿ ॥
ਫਰੀਦਾ ਅਮਲ ਜਿ ਕੀਤੇ ਦੁਨੀ ਵਿਚ ਦਰਗਹ ਆਏ ਕੰਮਿ ॥

(ਆਦਿ ਗ੍ਰੰਥ, ਪੰਨਾ 1383)

ਉਪਰੋਕਤ ਵਿਸ਼ਲੇਸ਼ਣ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਬਾਬਾ ਫ਼ਰੀਦ ਨੇ ਉਪਮਾ, ਰੂਪਕ, ਦ੍ਰਿਸ਼ਟਾਂਤ, ਪ੍ਰਤੀਕ, ਮਾਨਵੀਕਰਣ, ਮੁਹਾਵਰੇ ਤੇ ਅਖਾਣਾਂ ਅਤੇ ਬਿਰਤਾਂਤ ਦੇ ਮਾਧਿਅਮ ਰਾਹੀਂ ਸਫਲ ਬਿੰਬਾਂ ਦਾ ਨਿਰਮਾਣ ਕਰਕੇ ਆਪਣੀ ਅਭਿਵਿਅਕਤੀ ਨੂੰ ਪ੍ਰਭਾਵਸ਼ਾਲੀ ਬਣਾਇਆ ਹੈ।

## 3. ਬਿੰਬਾਵਲੀ ਦਾ ਕਾਰਜ ਤੇ ਉਪਯੋਗਤਾ

ਬਾਬਾ ਫ਼ਰੀਦ ਨੇ ਬਿੰਬਾਵਲੀ ਦੇ ਮਾਧਿਅਮ ਰਾਹੀਂ ਆਪਣੀ ਕਾਵਿ-ਕਲਾ ਨੂੰ ਨਿਖਾਰਨ ਤੇ ਆਪਣੀ ਅਭਿਵਿਅਕਤੀ ਨੂੰ ਪ੍ਰਭਾਵਸ਼ਾਲੀ ਬਣਾਉਣ ਵਿਚ ਸਫਲਤਾ ਪ੍ਰਾਪਤ ਕੀਤੀ ਹੈ। ਉਨ੍ਹਾਂ ਦੀ ਬਿੰਬਾਵਲੀ ਦੇ ਕਾਰਜ ਤੇ ਉਪਯੋਗਤਾ ਦਾ ਅਧਿਐਨ ਨਿਮਨ-ਅੰਕਿਤ ਵਿਭਿੰਨ ਪੱਖਾਂ ਤੋਂ ਕੀਤਾ ਜਾ ਸਕਦਾ ਹੈ।

### ੳ) ਸੰਵੇਦਨਾ ਪ੍ਰਦਾਨ ਕਰਨਾ

ਬਿੰਬ ਦੇ ਕਾਰਜ ਬਾਬਤ ਚਰਚਾ ਕਰਦਿਆਂ ਬਲਿਸ ਪੈਰੀ ਨੇ ਲਿਖਿਆ ਹੈ, "ਕਵਿਤਾ ਦਾ ਕਾਰਜ ਕੇਵਲ ਕਿਸੇ ਵਸਤੂ ਦਾ ਗਿਆਨ ਕਰਵਾਉਣਾ ਹੀ ਨਹੀਂ ਸਗੋਂ ਉਸ ਵਸਤੂ ਦਾ ਇੰਦਰਿਆਵੀ ਬੋਧ ਕਰਵਾਉਣਾ ਹੈ ਅਤੇ ਬਿੰਬ ਨਿਰੇ ਸ਼ਬਦਾਂ ਦੀ ਘਾੜਤ ਹੀ ਨਹੀਂ ਹੁੰਦੇ ਸਗੋਂ ਇਹ ਨਗਨ ਸੰਵੇਦਨਾ ਹੁੰਦੇ ਹਨ।"[15] ਰੌਬਿਨ ਸਕੇਲਟਨ ਦੇ ਕਥਨ ਅਨੁਸਾਰ, "ਬਿੰਬ ਉਹ ਸ਼ਬਦ ਹਨ ਜੋ ਸਰੀਰਕ ਸੰਵੇਦਨਾ ਪ੍ਰਦਾਨ ਕਰਦੇ ਹਨ ਅਤੇ ਇਨ੍ਹਾਂ ਦਾ ਵਰਗੀਕਰਣ ਗਿਆਨ ਇੰਦਰੀਆਂ ਅਨੁਸਾਰ ਕੀਤਾ ਜਾ ਸਕਦਾ ਹੈ।"[16] ਸੋ ਸੰਵੇਦਨਾ ਪ੍ਰਦਾਨ ਕਰਨਾ



Marfat.com

ਬਿੰਬ ਦਾ ਪ੍ਰਮੁੱਖ ਕਾਰਜ ਹੈ। ਬਾਬਾ ਫ਼ਰੀਦ ਦੇ ਬਿੰਬ ਇਸ ਪੱਖੋਂ ਪੂਰੀ ਤਰ੍ਹਾਂ ਸਫ਼ਲ ਹਨ। ਸੰਵੇਦਨਾ ਪ੍ਰਦਾਨ ਕਰਨ ਦੀ ਕਾਰਜ-ਯੋਗਤਾ ਦੇ ਆਧਾਰ ਉੱਤੇ ਫ਼ਰੀਦ-ਬਿੰਬਾਵਲੀ ਦਾ ਵਰਗੀਕਰਣ ਹੇਠ ਲਿਖੇ ਅਨੁਸਾਰ ਕੀਤਾ ਜਾ ਸਕਦਾ ਹੈ :

1. ਦ੍ਰਿਸ਼-ਬਿੰਬ
2. ਨਾਦ-ਬਿੰਬ
3. ਰਸ-ਬਿੰਬ ਜਾਂ ਸਵਾਦ-ਬਿੰਬ
4. ਗੰਧ-ਬਿੰਬ
5. ਸਪਰਸ਼-ਬਿੰਬ

## 1. ਦ੍ਰਿਸ਼-ਬਿੰਬ

ਦ੍ਰਿਸ਼ ਬਿੰਬਾਂ ਦਾ ਸੰਬੰਧ ਸਾਡੀ ਦ੍ਰਿਸ਼ਟੀ ਨਾਲ ਹੁੰਦਾ ਹੈ। ਇਹ ਬਿੰਬ ਪਾਠਕ ਜਾਂ ਸ੍ਰੋਤੇ ਦੇ ਮਨ ਵਿਚ ਆਪਣੇ ਜਿਹਾ ਇਕ ਚਿੱਤਰ ਉਲੀਕ ਦਿੰਦੇ ਹਨ ਜੋ ਪਾਠਕ ਜਾਂ ਸ੍ਰੋਤੇ ਦੇ ਆਪਣੇ ਅਨੁਭਵ ਅਨੁਸਾਰ ਹੁੰਦਾ ਹੈ।[17] ਲੀਵਿਸ ਅਨੁਸਾਰ, "ਬਿੰਬਾਂ ਦੀ ਸਭ ਤੋਂ ਸਾਧਾਰਣ ਜਾਂ ਆਮ ਕਿਸਮ ਦ੍ਰਿਸ਼ ਬਿੰਬਾਂ ਦੀ ਹੈ"।[18] ਬਾਬਾ ਫ਼ਰੀਦ ਨੇ ਵੀ ਆਪਣੇ ਭਾਵਾਂ ਤੇ ਵਿਚਾਰਾਂ ਦੇ ਪ੍ਰਕਾਸ਼ਨ ਵਾਸਤੇ ਬੜੇ ਸਫਲ ਤੇ ਪ੍ਰਭਾਵਸ਼ਾਲੀ ਦ੍ਰਿਸ਼ ਬਿੰਬਾਂ ਦੀ ਸਿਰਜਣਾ ਕੀਤੀ ਹੈ। ਬੁਢਾਪੇ ਦੀ ਅਵਸਥਾ ਨੂੰ ਰੂਪਮਾਨ ਕਰਨ ਲਈ ਬਾਬਾ ਫ਼ਰੀਦ ਨੇ ਰੁੱਤ ਦੇ ਬਦਲਣ ਤੇ ਪਤਝੜ ਦਾ ਕਿੰਨਾ ਖ਼ੂਬਸੂਰਤ ਚਿੱਤਰ ਸਾਡੀਆਂ ਅੱਖਾਂ ਅੱਗੇ ਲਟਕਾ ਦਿੱਤਾ ਹੈ :

ਫਰੀਦਾ ਰੁਤਿ ਫਿਰੀ ਵਣੁ ਕੰਬਿਆ ਪਤ ਝੜੇ ਝੜਿ ਪਾਹਿ ॥
ਚਾਰੇ ਕੁੰਡਾ ਢੂੰਢੀਆ ਰਹਣੁ ਕਿਥਾਊ ਨਾਹਿ ॥

(ਆਦਿ ਗ੍ਰੰਥ, ਪੰਨਾ 1383)

ਇਸੇ ਤਰ੍ਹਾਂ ਫ਼ਰੀਦ-ਬਾਣੀ ਵਿਚ ਹੋਰ ਵੀ ਬੜੇ ਪ੍ਰਭਾਵਸ਼ਾਲੀ ਦ੍ਰਿਸ਼ ਬਿੰਬਾਂ ਦੀ ਸਿਰਜਣਾ ਹੋਈ ਮਿਲਦੀ ਹੈ, ਜਿਵੇਂ :

ੳ. ਕੰਧਿ ਕੁਹਾੜਾ ਸਿਰਿ ਘੜਾ ਵਣਿ ਕੈ ਸਰੁ ਲੋਹਾਰ ॥
ਫਰੀਦਾ ਹਉ ਲੋੜੀ ਸਹੁ ਆਪਣਾ ਤੂ ਲੋੜਹਿ ਅੰਗਿਆਰ ॥

(ਆਦਿ ਗ੍ਰੰਥ, ਪੰਨਾ 1380)

ਅ. ਕੰਧੀ ਉਤੈ ਰੁਖੜਾ ਕਿਚਰਕੁ ਬੰਨੈ ਧੀਰ ॥
ਫਰੀਦਾ ਕਚੈ ਭਾਂਡੈ ਰਖੀਐ ਕਿਚਰੁ ਤਾਈ ਨੀਰੁ ॥

(ਆਦਿ ਗ੍ਰੰਥ, ਪੰਨਾ 1382)

ੲ. ਫਰੀਦਾ ਕਾਲੇ ਮੈਡੇ ਕਪੜੇ ਕਾਲਾ ਮੈਡਾ ਵੇਸੁ ॥
ਗੁਨਹੀ ਭਰਿਆ ਮੈ ਫਿਰਾ ਲੋਕੁ ਕਹੈ ਦਰਵੇਸੁ ॥

(ਆਦਿ ਗ੍ਰੰਥ, ਪੰਨਾ 1381)



Marfat.com

## 2. ਨਾਦ ਬਿੰਬ

ਨਾਦ ਬਿੰਬ ਦਾ ਸੰਬੰਧ ਦਾ ਜਾਂ ਸ੍ਰੋਤੇ ਦੀਆਂ ਸੁਣਨ-ਇੰਦਰੀਆਂ ਜਾਂ ਕੰਨਾਂ ਨਾਲ ਹੈ। ਜਦੋਂ ਕਿਸੇ ਕਵੀ ਦੇ ਸ਼ਬਦਾਂ ਵਿਚੋਂ ਪਾਠਕ ਜਾਂ ਸ੍ਰੋਤੇ ਨੂੰ ਕੋਈ ਵਿਸ਼ੇਸ਼ ਕਿਸਮ ਦੀ ਧੁਨੀ ਜਾਂ ਨਾਦ ਸੁਣਾਈ ਦੇਵੇ ਅਤੇ ਇਹ ਧੁਨੀ ਜਾਂ ਨਾਦ ਉਸ ਦੀਆਂ ਸੁਣਨ-ਇੰਦਰੀਆਂ ਰਾਹੀਂ ਉਸ ਨੂੰ ਸੰਵੇਦਨਾ ਪ੍ਰਦਾਨ ਕਰੇ ਤਾਂ ਨਾਦ ਬਿੰਬ ਪ੍ਰਗਟ ਹੁੰਦਾ ਹੈ। ਫ਼ਰੀਦ-ਬਾਣੀ ਵਿਚ ਨਾਦ ਬਿੰਬਾਂ ਦੀਆਂ ਸਫਲ ਉਦਾਹਰਣਾਂ ਉਪਲਬਧ ਹਨ ਜਿਵੇਂ :

ਪਾਸਿ ਦਮਾਮੇ ਛਤੁ ਸਿਰਿ ਭੇਰੀ ਸਡੋ ਰਡ ॥
ਜਾਇ ਸੁਤੇ ਜੀਰਾਣਿ ਮਹਿ ਥੀਏ ਅਤੀਮਾ ਗਡ ॥

(ਆਦਿ ਗ੍ਰੰਥ, ਪੰਨਾ 1380)

ਨਾਦ ਬਿੰਬ ਦੀ ਉਸਾਰੀ ਦਾ ਇਕ ਹੋਰ ਢੰਗ ਵੀ ਹੈ —'ਅਨੁਪ੍ਰਾਸ', ਜੋ ਅੱਖਰਾਂ ਜਾਂ ਸ਼ਬਦਾਂ ਦੇ ਵਾਰ ਵਾਰ ਦੁਹਰਾਉਣ ਨਾਲ ਪ੍ਰਗਟ ਹੁੰਦਾ ਹੈ। ਫ਼ਰੀਦ-ਬਾਣੀ ਵਿਚ ਇਸ ਦੀ ਉਦਾਹਰਣ ਵੀ ਮਿਲ ਜਾਂਦੀ ਹੈ, ਜਿਵੇਂ :

ਕਵਣੁ ਸੁ ਅਖਰੁ ਕਵਣੁ ਗੁਣੁ ਕਵਣੁ ਸੁ ਮਣੀਆ ਮੰਤੁ ॥
ਕਵਣੁ ਸੁ ਵੇਸੋ ਹਉ ਕਰੀ ਜਿਤੁ ਵਸਿ ਆਵੈ ਕੰਤੁ ॥

(ਆਦਿ ਗ੍ਰੰਥ, ਪੰਨਾ 1384)

## 3. ਰਸ ਬਿੰਬ ਜਾਂ ਸਵਾਦ ਬਿੰਬ

ਰਸ-ਬਿੰਬ ਜਾਂ ਸਵਾਦ-ਬਿੰਬ ਦਾ ਸੰਬੰਧ ਜੀਭ ਨਾਲ ਹੁੰਦਾ ਹੈ ਕਿਉਂ ਜੋ ਜੀਭ ਹੀ ਹੈ ਜੋ ਖੱਟੇ, ਮਿੱਠੇ, ਕੌੜੇ ਆਦਿ ਸਵਾਦਾਂ ਦਾ ਅਨੁਭਵ ਕਰਦੀ ਹੈ। ਜਦੋਂ ਕਵੀ ਸ਼ਬਦਾਂ ਦੇ ਮਾਧਿਅਮ ਰਾਹੀਂ ਪਾਠਕ ਦੀ ਜੀਭ-ਇੰਦਰੀ ਨੂੰ ਕਿਸੇ ਸਵਾਦ ਦਾ ਬੋਧ ਕਰਵਾ ਕੇ ਉਸ ਨੂੰ ਸੰਵੇਦਨਾ ਪ੍ਰਦਾਨ ਕਰਦਾ ਹੈ ਤਾਂ ਸਵਾਦ-ਬਿੰਬ ਹੋਂਦ ਵਿਚ ਆਉਂਦਾ ਹੈ। ਬਾਬਾ ਫ਼ਰੀਦ ਨੇ ਰੱਬੀ ਪ੍ਰੇਮ ਦੀ ਮਿਠਾਸ ਨੂੰ ਦੁਨਿਆਵੀ ਮਿੱਠੀਆਂ ਵਸਤਾਂ ਦੀ ਤੁਲਨਾ ਵਿਚ ਇਉਂ ਪੇਸ਼ ਕੀਤਾ ਹੈ :

ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉ ਮਾਝਾ ਦੁਧੁ ॥
ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ ॥

(ਆਦਿ ਗ੍ਰੰਥ, ਪੰਨਾ 1379)

ਬਾਬਾ ਫ਼ਰੀਦ ਅਨੁਸਾਰ ਦੁਨਿਆਵੀ ਭੋਗ ਜੋ ਜਵਾਨੀ ਵੇਲੇ ਸ਼ੱਕਰ ਵਾਂਗ ਮਿੱਠੇ ਤੇ ਸਵਾਦਲੇ ਪ੍ਰਤੀਤ ਹੁੰਦੇ ਹਨ, ਉਨ੍ਹਾਂ ਦਾ ਅਸਰ ਬੁਢਾਪੇ ਵਿਚ ਜ਼ਹਿਰ ਵਾਂਗ ਕੌੜਾ ਤੇ ਜਾਨ-ਲੇਵਾ ਹੋ ਨਿਬੜਦਾ ਹੈ। ਇਸ ਭਾਵ ਨੂੰ ਬਾਬਾ ਫ਼ਰੀਦ ਨੇ ਸ਼ੱਕਰ ਅਤੇ ਵਿਸ ਦੀ ਮਦਦ ਨਾਲ ਉਸਾਰੇ ਸਵਾਦ-ਬਿੰਬ ਰਾਹੀਂ ਇਉਂ ਰੂਪਮਾਨ ਕੀਤਾ ਹੈ :

ਦੇਖੁ ਫਰੀਦਾ ਜਿ ਥੀਆ ਸਕਰ ਹੋਈ ਵਿਸੁ ॥
ਸਾਂਈ ਬਾਝਹੁ ਆਪਣੇ ਵੇਦਣ ਕਹੀਐ ਕਿਸੁ ॥

(ਆਦਿ ਗ੍ਰੰਥ, ਪੰਨਾ 1378)



Marfat.com

### 4. ਗੰਧ-ਬਿੰਬ

ਗੰਧ ਬਿੰਬ ਦਾ ਸੰਬੰਧ ਸਾਡੀ ਸੁੰਘਣ-ਇੰਦਰੀ ਅਰਥਾਤ ਨੱਕ ਨਾਲ ਹੁੰਦਾ ਹੈ। ਜਦ ਕਵੀ ਪਾਠਕ ਜਾਂ ਸ੍ਰੋਤੇ ਦੀ ਸੁੰਘਣ-ਇੰਦਰੀ ਨੂੰ ਕਿਸੇ ਭਾਂਤ ਦੀ ਸੁਗੰਧ ਜਾਂ ਦੁਰਗੰਧ ਦੀ ਅਨੁਭੂਤੀ ਕਰਵਾ ਕੇ ਉਸ ਨੂੰ ਸੰਵੇਦਨਾ ਪ੍ਰਦਾਨ ਕਰੇ ਤਾਂ ਗੰਧ-ਬਿੰਬ ਪ੍ਰਗਟ ਹੁੰਦਾ ਹੈ। ਬਾਬਾ ਫ਼ਰੀਦ ਨੇ ਆਪਣੇ ਭਾਵਾਂ ਨੂੰ ਮੂਰਤੀਮਾਨ ਕਰਨ ਲਈ ਸਫਲ ਗੰਧ-ਬਿੰਬ ਸਿਰਜਣ ਦੀ ਸਮਰਥਾ ਵੀ ਵਿਖਾਈ ਹੈ ਜਿਵੇਂ :

ਨਾਤੀ ਧੋਤੀ ਸੰਬਹੀ ਸੁਤੀ ਆਇ ਨਚਿੰਦੁ ॥
ਫਰੀਦਾ ਰਹੀ ਸੁ ਬੇੜੀ ਹਿੰਙੁ ਦੀ ਗਈ ਕਥੂਰੀ ਗੰਧੁ ॥

(ਆਦਿ ਗ੍ਰੰਥ, ਪੰਨਾ 1379)

### 5. ਸਪਰਸ਼ ਬਿੰਬ

ਸਪਰਸ਼ ਬਿੰਬ ਦਾ ਸੰਬੰਧ ਚਮੜੀ ਨਾਲ ਹੁੰਦਾ ਹੈ। ਸਪਰਸ਼-ਬਿੰਬ ਬਾਬਤ ਚਰਚਾ ਕਰਦਿਆਂ ਡਾ. ਦਲੀਪ ਸਿੰਘ ਦੀਪ ਨੇ ਲਿਖਿਆ ਹੈ, "ਇਸ ਦਾ ਇੰਦਰਿਆਵੀ ਬੋਧ ਸਭ ਤੋਂ ਅਧਿਕ ਪ੍ਰਤੱਖ ਅਤੇ ਸਥੂਲ ਹੁੰਦਾ ਹੈ। ਤਪਸ਼, ਨਿੱਘ, ਠੰਡ, ਤਲਖ਼ੀ, ਝਰਨਾਟ, ਕੰਬਣੀ, ਲੂੰ ਕੰਡੇ ਖੜੇ ਹੋਣੇ ਆਦਿ ਸਪਰਸ਼-ਬਿੰਬਾਂ ਦੇ ਅੰਤਰਗਤ ਆਉਂਦੇ ਹਨ"।[19] ਫ਼ਰੀਦ-ਬਾਣੀ ਵਿਚ ਬੜੇ ਪ੍ਰਭਾਵਸ਼ਾਲੀ ਸਪਰਸ਼-ਬਿੰਬਾਂ ਦੀ ਸਿਰਜਣਾ ਹੋਈ ਹੈ, ਜਿਵੇਂ :

ੳ. ਫਰੀਦਾ ਰਾਤੀ ਵਡੀਆਂ ਧੁਖਿ ਧੁਖਿ ਉਠਨਿ ਪਾਸ ॥
ਧਿਗੁ ਤਿਨਾ ਦਾ ਜੀਵਿਆ ਜਿਨਾ ਵਿਡਾਣੀ ਆਸ ॥

(ਆਦਿ ਗ੍ਰੰਥ, ਪੰਨਾ 1378-79)

ਅ. ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ ॥
ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ ॥

(ਆਦਿ ਗ੍ਰੰਥ, ਪੰਨਾ 1379)

ਬਾਬਾ ਫ਼ਰੀਦ ਨੇ ਸਪਰਸ਼-ਬਿੰਬਾਂ ਦੀ ਸਿਰਜਣਾ ਵਧੇਰੇ ਕਰ ਕੇ ਪ੍ਰਭੂ-ਪਤੀ ਤੋਂ ਵਿਛੜੀ ਹੋਈ ਜੀਵ-ਇਸਤ੍ਰੀ ਦੀ ਸਰੀਰਕ ਤੇ ਮਾਨਸਿਕ ਅਵਸਥਾ ਨੂੰ ਮੂਰਤੀਮਾਨ ਕਰਨ ਲਈ ਕੀਤੀ ਹੈ। ਰਾਗ ਸੂਹੀ ਵਿਚ ਵੀ ਬਾਬਾ ਫ਼ਰੀਦ ਨੇ ਪ੍ਰਭੂ-ਪਤੀ ਤੋਂ ਵਿਛੜੀ ਜੀਵ-ਇਸਤ੍ਰੀ ਦੀ ਤੜਪ ਅਤੇ ਬਿਹਬਲਤਾ ਨੂੰ ਬੜੇ ਪ੍ਰਭਾਵਸ਼ਾਲੀ ਸਪਰਸ਼-ਬਿੰਬਾਂ ਰਾਹੀਂ ਰੂਪਮਾਨ ਕੀਤਾ ਹੈ :

ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ ॥
ਬਾਵਲਿ ਹੋਈ ਸੋ ਸਹੁ ਲੋਰਉ ॥

(ਰਾਗ ਸੂਹੀ, ਆਦਿ ਗ੍ਰੰਥ, ਪੰਨਾ 794)

ਉਪਰੋਕਤ ਵਿਸ਼ਲੇਸ਼ਣ ਤੋਂ ਸਪਸ਼ਟ ਹੈ ਕਿ ਬਾਬਾ ਫ਼ਰੀਦ ਨੇ ਦ੍ਰਿਸ਼-ਬਿੰਬ, ਨਾਦ-ਬਿੰਬ, ਰਸ-ਬਿੰਬ, ਗੰਧ-ਬਿੰਬ ਅਤੇ ਸਪਰਸ਼-ਬਿੰਬ ਸਿਰਜ ਕੇ ਪਾਠਕਾਂ ਨੂੰ ਸੰਵੇਦਨਾ ਪ੍ਰਦਾਨ ਕਰਨ ਵਿਚ ਸਫਲਤਾ ਪ੍ਰਾਪਤ ਕੀਤੀ ਹੈ। ਧਿਆਨ ਵਿਚ ਰਹੇ ਕਿ ਬਿੰਬਾਂ ਦਾ ਉਪਰੋਕਤ



Marfat.com

ਵਰਗੀਕਰਣ ਇਨ੍ਹਾਂ ਬਿੰਬਾਂ ਦਰਮਿਆਨ ਕੋਈ ਸਥਾਈ ਰੇਖਾ ਨਹੀਂ ਖਿੱਚਦਾ। ਕਈ ਵਾਰ ਇਕੋ ਬਿੰਬ ਪਾਠਕ ਜਾਂ ਸ੍ਰੋਤੇ ਦੀਆਂ ਇਕ ਤੋਂ ਵਧੇਰੇ ਗਿਆਨ-ਇੰਦਰੀਆਂ ਨੂੰ ਵੀ ਟੁੰਬਣ ਦੇ ਸਮਰਥ ਹੁੰਦਾ ਹੈ, ਜਿਵੇਂ :

ਕਤਿਕਿ ਕੂੰਜਾਂ ਚੇਤਿ ਡਉ ਸਾਵਣਿ ਬਿਜਲੀਆਂ ॥
ਸੀਆਲੇ ਸੋਹੰਦੀਆਂ ਪਿਰ ਗਲਿ ਬਾਹੜੀਆਂ ॥

(ਰਾਗ ਆਸਾ, ਆਦਿ ਗ੍ਰੰਥ, ਪੰਨਾ 488)

ਇਨ੍ਹਾਂ ਪੰਕਤੀਆਂ ਵਿਚ ਕੱਤਕ ਦੇ ਮਹੀਨੇ ਅਸਮਾਨ ਵਿਚ ਕੂੰਜਾਂ ਦੀਆਂ ਡਾਰਾਂ ਦਾ ਉਡਣਾ, ਚੇਤ ਦੇ ਮਹੀਨੇ ਝੱਲਾਂ ਨੂੰ ਅੱਗਾਂ ਲਗਣਾ ਤੇ ਸਾਵਣ ਦੇ ਮਹੀਨੇ ਅਸਮਾਨ ਵਿਚ ਬਿਜਲੀਆਂ ਦਾ ਚਮਕਣਾ ਆਦਿ ਇਕ ਸਫਲ ਦ੍ਰਿਸ਼-ਬਿੰਬ ਦੀ ਸਿਰਜਣਾ ਕਰਦਾ ਹੈ ਪਰ ਨਾਲ ਹੀ ਸਿਆਲ ਮਹੀਨੇ ਪ੍ਰੀਤਮ ਦੇ ਗਲ ਵਿਚ ਪਈਆਂ ਹੋਈਆਂ ਬਾਹਾਂ ਸਪਰਸ਼-ਬਿੰਬ ਦੀ ਸਿਰਜਣਾ ਕਰਦੀਆਂ ਹਨ। ਇਸ ਤਰ੍ਹਾਂ ਇਨ੍ਹਾਂ ਪੰਕਤੀਆਂ ਵਿਚ ਦ੍ਰਿਸ਼-ਬਿੰਬ ਤੇ ਸਪਰਸ਼-ਬਿੰਬ ਦੋਵੇਂ ਸਮਾਏ ਹੋਏ ਹਨ। ਏਸੇ ਤਰ੍ਹਾਂ ਨਿਮਨ-ਲਿਖਤ ਸ਼ਲੋਕ ਵਿਚ ਦ੍ਰਿਸ਼-ਬਿੰਬ ਤੇ ਨਾਦ-ਬਿੰਬ ਮਿਸ਼ਰਤ ਰੂਪ ਵਿਚ ਵਿਦਮਾਨ ਹਨ :

ਫਰੀਦਾ ਮਉਤੈ ਦਾ ਬੰਨਾ ਏਵੈ ਦਿਸੈ ਜਿਉ ਦਰੀਆਵੈ ਢਾਹਾ ॥
ਅਗੈ ਦੋਜਕ ਤਪਿਆ ਸੁਣੀਐ ਹੂਲ ਪਵੈ ਕਾਹਾਹਾ ॥

(ਆਦਿ ਗ੍ਰੰਥ, ਪੰਨਾ 1383)

ਸੋ ਸਪਸ਼ਟ ਹੈ ਕਿ ਬਿੰਬਾਂ ਦੇ ਉਪਰੋਕਤ ਵਰਗੀਕਰਣ ਵਿਚ ਕੋਈ ਸਥਾਈ ਸੀਮਾ ਨਿਸ਼ਚਿਤ ਨਹੀਂ ਕੀਤੀ ਜਾ ਸਕਦੀ। ਇਕੋ ਬਿੰਬ ਇਕ ਤੋਂ ਵੱਧ ਗਿਆਨ-ਇੰਦਰੀਆਂ ਨੂੰ ਵੀ ਟੁੰਬ ਸਕਦਾ ਹੈ। ਹਾਂ, ਇਹ ਗੱਲ ਨਿਸ਼ਚਿਤ ਹੈ ਕਿ ਹਰੇਕ ਬਿੰਬ ਵੱਧ ਜਾਂ ਘੱਟ ਸੰਵੇਦਨਾ ਜ਼ਰੂਰ ਪ੍ਰਦਾਨ ਕਰਦਾ ਹੈ। ਇਸ ਦੀ ਮਾਤਰਾ ਦਾ ਵੱਧ ਘੱਟ ਹੋਣਾ ਪਾਠਕ ਜਾਂ ਸ੍ਰੋਤੇ ਦੀ ਸੰਵੇਦਨਸ਼ੀਲਤਾ ਉਪਰ ਵੀ ਨਿਰਭਰ ਕਰਦਾ ਹੈ। ਇਕ ਬਿੰਬ ਵਧੇਰੇ ਸੰਵੇਦਨਾਸ਼ੀਲ ਪਾਠਕ ਜਾਂ ਸ੍ਰੋਤੇ ਨੂੰ ਵਧੇਰੇ ਟੁੰਬ ਸਕਦਾ ਹੈ ਜਦ ਕਿ ਘੱਟ ਸੰਵੇਦਨਾਸ਼ੀਲ ਪਾਠਕ ਜਾਂ ਸ੍ਰੋਤੇ ਨੂੰ ਉਹੀ ਬਿੰਬ ਘੱਟ ਜਾਂ ਬਹੁਤ ਘੱਟ ਟੁੰਬੇਗਾ।

### ਅ) ਅਮੂਰਤ ਭਾਵਾਂ ਦਾ ਮੂਰਤੀਕਰਣ

ਬਿੰਬ ਦਾ ਅਗਲਾ ਵਿਸ਼ੇਸ਼ ਕਾਰਜ ਅਮੂਰਤ ਅਤੇ ਸੂਖਮ ਭਾਵਾਂ ਨੂੰ ਸਮੂਰਤ ਅਤੇ ਸਥੂਲ ਰੂਪ ਪ੍ਰਦਾਨ ਕਰਨਾ ਹੈ। "ਬਿੰਬਾਵਲੀ ਦਾ ਮੁਖ ਉੱਦੇਸ਼ ਸ਼ੈਲੀ ਨੂੰ ਵਧੇਰੇ ਸਥੂਲ ਤੇ ਨਿਸ਼ਚਿਤ ਬਨਾਉਣਾ ਹੈ ਅਤੇ ਇਹ ਗੱਲ ਬੜੀ ਦਿਲਚਸਪ ਹੈ ਕਿ ਅਜਿਹਾ ਕਰਨ ਨਾਲ ਬਿੰਬਾਵਲੀ ਵੀ ਹੋਰ ਵਧੇਰੇ ਸਥੂਲ ਤੇ ਨਿਸ਼ਚਿਤ ਬਣ ਜਾਂਦੀ ਹੈ"।[20] ਪਿਆਰ, ਬਿਰਹਾ, ਕਰੁਣਾ, ਦੁੱਖ, ਨਾਸ਼ਮਾਨਤਾ ਆਦਿ ਜਿਹੇ ਸੂਖਮ ਤੇ ਅਮੂਰਤ ਭਾਵ ਸਥੂਲ ਬਿੰਬਾਂ ਦੇ ਮਾਧਿਅਮ ਰਾਹੀਂ ਹੀ ਮੂਰਤੀਮਾਨ ਹੁੰਦੇ ਹਨ। ਬਾਬਾ ਫ਼ਰੀਦ ਦੇ ਬਿੰਬ ਇਹ ਕਾਰਜ ਕਰਨ ਵਿਚ ਵੀ ਪੂਰਨਭਾਂਤ ਉਪਯੋਗੀ ਸਿੱਧ ਹੋਏ ਹਨ। ਲਾਲਚ ਦੀ ਭਾਵਨਾ ਵਾਲੇ



Marfat.com

ਪਿਆਰ ਨੂੰ ਬਾਬਾ ਫ਼ਰੀਦ ਨੇ ਕਿੰਨੇ ਸਥੂਲ ਤੇ ਪ੍ਰਭਾਵਸ਼ਾਲੀ ਬਿੰਬ ਰਾਹੀਂ ਮੂਰਤੀਮਾਨ ਕੀਤਾ ਹੈ :

ਫਰੀਦਾ ਜਾ ਲਬੁ ਤਾ ਨੇਹੁ ਕਿਆ ਲਬ ਤ ਕੂੜਾ ਨੇਹੁ ॥
ਕਿਚਰੁ ਝਤਿ ਲਘਾਈਐ ਛਪਰਿ ਤੁਟੈ ਮੇਹੁ ॥

(ਆਦਿ ਗ੍ਰੰਥ, ਪੰਨਾ 1378)

ਮਨੁੱਖ ਦੀ ਅੰਤਿਮ ਹੋਣੀ ਬੜੀ ਕਰੁਣਾਮਈ ਹੈ। ਮਨੁੱਖੀ ਜੀਵਨ ਦੀ ਨਾਸ਼ਮਾਨਤਾ ਦੇ ਖਿਆਲ ਨੂੰ ਮੂਰਤੀਮਾਨ ਕਰਦਾ ਹੋਇਆ ਬਾਬਾ ਫ਼ਰੀਦ ਦਾ ਇਹ ਸਥੂਲ ਬਿੰਬ ਵੀ ਵੇਖਣਯੋਗ ਹੈ :

ਫਰੀਦਾ ਜਿਨ ਲੋਇਣ ਜਗੁ ਮੋਹਿਆ ਸੇ ਲੋਇਣ ਮੈ ਡਿਠੁ ॥
ਕਜਲ ਰੇਖ ਨ ਸਹਦਿਆ ਸੇ ਪੰਖੀ ਸੂਇ ਬਹਿਠੁ ॥

(ਆਦਿ ਗ੍ਰੰਥ, ਪੰਨਾ 1378)

ਰੱਬ ਜਾਂ ਰੱਬ ਪ੍ਰੇਮ ਦੀ ਮਿੱਠਤ ਦਾ ਸੂਖ਼ਮ ਭਾਵ ਵੀ ਬਾਬਾ ਫ਼ਰੀਦ ਨੇ ਬੜੇ ਸਥੂਲ ਬਿੰਬਾਂ ਰਾਹੀਂ ਰੂਪਮਾਨ ਕੀਤਾ ਹੈ :

ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉ ਮਾਞਾ ਦੁਧੁ ॥
ਸਭੇ ਵਸਤੂ ਮਿਠੀਆਂ ਰਬ ਨਾ ਪੁਜਨਿ ਤੁਧੁ ॥ (ਆਦਿ ਗ੍ਰੰਥ, ਪੰਨਾ 1379)

ਇਸ ਤਰ੍ਹਾਂ ਸਪਸ਼ਟ ਹੋ ਜਾਂਦਾ ਹੈ ਕਿ ਅਮੂਰਤ ਭਾਵਾਂ ਦਾ ਮੂਰਤੀਕਰਣ ਕਰਨ ਵਿਚ ਬਾਬਾ ਫ਼ਰੀਦ ਦੀ ਬਿੰਬਾਵਲੀ ਪੂਰੀ ਤਰ੍ਹਾਂ ਉਪਯੋਗੀ ਸਿੱਧ ਹੋਈ ਹੈ।

## ੲ) ਭਾਵਾਂ ਦੀ ਸੁਹਜ-ਭਰਪੂਰ ਅਭਿੱਵਿਅਕਤੀ

ਬਿੰਬਾਵਲੀ ਦੇ ਮਾਧਿਅਮ ਰਾਹੀਂ ਕਵੀ ਆਪਣੇ ਭਾਵਾਂ ਅਤੇ ਵਿਚਾਰਾਂ ਨੂੰ ਤਾਂ ਰੂਪਮਾਨ ਕਰਦਾ ਹੀ ਹੈ, ਨਾਲ ਹੀ ਉਹ ਆਪਣੀ ਕਾਵਿ ਸ਼ੈਲੀ ਨੂੰ ਵੀ ਸੁਹਜ ਪ੍ਰਦਾਨ ਕਰਦਾ ਹੈ। ਇਹ ਤਦ ਹੀ ਸੰਭਵ ਹੈ ਜੇਕਰ ਬਿੰਬ ਖ਼ੂਬਸੂਰਤ ਅਤੇ ਢੁੱਕਵੇਂ ਹੋਣ। ਮੈਕਲੀਸ਼ ਦਾ ਕਥਨ ਹੈ "ਬਿੰਬ ਕਵਿਤਾ ਦਾ ਸ਼ਿੰਗਾਰ ਹਨ, ਇਸ ਲਈ ਇਹ ਖ਼ੂਬਸੂਰਤ ਹੋਣੇ ਚਾਹੀਦੇ ਹਨ"।[21] ਸੋ ਬਿੰਬ ਕਵੀ ਦੀ ਅਭਿਵਿਅਕਤੀ ਨੂੰ ਸੁਹਜ-ਭਰਪੂਰ ਬਣਾ ਕੇ ਕਵਿਤਾ ਦੇ ਸੁਹਜ ਵਿਚ ਵਾਧਾ ਕਰਨ ਦਾ ਕਾਰਜ ਵੀ ਕਰਦੇ ਹਨ। ਬਾਬਾ ਫ਼ਰੀਦ ਨੇ ਵੀ ਖ਼ੂਬਸੂਰਤ ਬਿੰਬਾਂ ਦੀ ਸਿਰਜਣਾ ਕਰਕੇ ਆਪਣੀ ਅਭਿਵਿਅਕਤੀ ਨੂੰ ਸੁਹਜ-ਭਰਪੂਰ ਬਣਾਇਆ ਹੈ। ਪਿਆਰ ਬਿਨਾ ਜੋਬਨ ਤੇ ਜਵਾਨੀ ਕਿਸੇ ਕੰਮ ਨਹੀਂ। ਇਸ ਖਿਆਲ ਨੂੰ ਬਾਬਾ ਫ਼ਰੀਦ ਨੇ ਬੜੇ ਖ਼ੂਬਸੂਰਤ ਬਿੰਬ ਰਾਹੀਂ ਮੂਰਤੀਮਾਨ ਕਰਦਿਆਂ ਆਪਣੀ ਅਭਿਵਿਅਕਤੀ ਵਿਚ ਅੰਤਾਂ ਦਾ ਸੁਹਜ ਭਰ ਦਿੱਤਾ ਹੈ। ਜੋਬਨ ਉਹ ਹਰੀ ਭਰੀ ਸ਼ਾਖ ਹੈ ਜੋ ਪਿਆਰ ਬਿਨਾ ਕੁਮਲਾ ਅਤੇ ਸੁੱਕ ਦੇ ਰਹਿ ਜਾਂਦੀ ਹੈ :

ਜੋਬਨ ਜਾਂਦੇ ਨਾ ਡਰਾਂ ਜੇ ਸਹ ਪ੍ਰੀਤਿ ਨ ਜਾਇ ॥
ਫਰੀਦਾ ਕਿਤੀ ਜੋਬਨ ਪ੍ਰੀਤਿ ਬਿਨੁ ਸੁਕਿ ਗਏ ਕੁਮਲਾਇ ॥

(ਆਦਿ ਗ੍ਰੰਥ, ਪੰਨਾ 1379)



Marfat.com

'ਕਰਮ-ਫਲ' ਦੇ ਸਿੱਧਾਂਤ ਨੂੰ ਰੂਪਮਾਨ ਕਰਮ ਲਈ ਬਾਬਾ ਫ਼ਰੀਦ ਨੇ ਜੋ ਬਿੰਬ ਸਿਰਜੇ ਹਨ ਉਨ੍ਹਾਂ ਨਾਲ ਨਿਸ਼ਚੇ ਹੀ ਕਾਵਿ-ਸ਼ੈਲੀ ਸੁਹਜ-ਭਰਪੂਰ ਹੋ ਨਿਬੜੀ ਹੈ :

ਫਰੀਦਾ ਲੋੜੈ ਦਾਖ ਬਿਜਉਰੀਆ ਕਿਕਰਿ ਬੀਜੈ ਜਟੁ ॥
ਹੰਢੈ ਉਨ ਕਤਾਇਦਾ ਪੈਧਾ ਲੋੜੈ ਪਟੁ ॥

(ਆਦਿ ਗ੍ਰੰਥ, ਪੰਨਾ 1379)

ਇਸ ਦੁਨੀਆਂ ਵਿਚ ਜੋ ਜੀਵ ਵੀ ਆਉਂਦਾ ਹੈ ਉਸ ਨੇ ਇਕ ਨਾ ਇਕ ਦਿਨ ਇਥੋਂ ਹਰ ਹਾਲਤ ਵਿਚ ਕੂਚ ਕਰ ਜਾਣਾ ਹੁੰਦਾ ਹੈ। ਜੀਵਨ ਦੀ ਇਸ ਅਟੱਲ ਸਚਾਈ ਨੂੰ ਮੂਰਤੀਮਾਨ ਕਰਨ ਲਈ ਬਾਬਾ ਫ਼ਰੀਦ ਨੇ ਦੁਨੀਆਂ ਲਈ ਸੁੰਦਰ ਬਾਗ, ਮਨੁੱਖ ਲਈ ਪੰਛੀ ਤੇ ਪ੍ਰਾਹੁਣੇ ਦੇ ਜੋ ਖ਼ੂਬਸੂਰਤ ਤੇ ਢੁੱਕਵੇਂ ਬਿੰਬ ਪ੍ਰਯੁਕਤ ਕੀਤੇ ਹਨ ਉਨ੍ਹਾਂ ਨਾਲ ਅਭਿਵਿਅਕਤੀ ਦੇ ਸੁਹਜ ਨੂੰ ਚਾਰ ਚੰਨ ਹੀ ਤਾਂ ਲੱਗ ਗਏ ਹਨ :

ਫਰੀਦਾ ਪੰਖ ਪਰਾਹੁਣੀ ਦੁਨੀ ਸੁਹਾਵਾ ਬਾਗੁ ॥
ਨਉਬਤਿ ਵਜੀ ਸੁਬਹ ਸਿਉ ਚਲਣ ਕਾ ਕਰਿ ਸਾਜੁ ॥

(ਆਦਿ ਗ੍ਰੰਥ, ਪੰਨਾ 1382)

ਏਸੇ ਤਰ੍ਹਾਂ ਪ੍ਰਭੂ ਦੇ ਭਗਤਾਂ ਦੀ ਇਸ ਵਿਸ਼ੇ ਵਿਕਾਰਾਂ ਨਾਲ ਭਰੀ ਹੋਈ ਦੁਨੀਆਂ ਅਤੇ ਦੁਨੀਆਂ ਦੇ ਕੂੜੇ ਪਦਾਰਥਾਂ ਤੋਂ ਨਿਰਲੇਪਤਾ ਦੀ ਭਾਵਨਾ ਜਿਸ ਸੁਹਜ-ਭਰਪੂਰ ਅੰਦਾਜ਼ ਵਿਚ ਪ੍ਰਗਟ ਹੋਈ ਹੈ ਉਸ ਦਾ ਉਲੇਖ ਕਰਨਾ ਵੀ ਜ਼ਰੂਰੀ ਜਾਪਦਾ ਹੈ :

ਕਲਰ ਕੇਰੀ ਛਪੜੀ ਆਇ ਉਲਥੇ ਹੰਝ ।
ਚਿੰਜੂ ਬੋੜਨਿ ਨਾ ਪੀਵਹਿ ਉਡਣ ਸੰਦੀ ਡੰਝ ॥

(ਆਦਿ ਗ੍ਰੰਥ, ਪੰਨਾ 1381)

ਉਪਰੋਕਤ ਵਿਸ਼ਲੇਸ਼ਣ ਤੋਂ ਸਪਸ਼ਟ ਹੈ ਕਿ ਬਾਬਾ ਫ਼ਰੀਦ ਦੇ ਬਿੰਬ ਭਾਵਾਂ ਤੇ ਵਿਚਾਰਾਂ ਨੂੰ ਰੂਪਮਾਨ ਕਰਨ ਦੇ ਨਾਲ ਨਾਲ ਕਵੀ ਦੀ ਅਭਿਵਿਅਕਤੀ ਵਿਚ ਸੁਹਜ ਭਰਨ ਦਾ ਸੁੰਦਰ ਕਾਰਜ ਕਰਨ ਵਿਚ ਵੀ ਸਫ਼ਲ ਹਨ।

## ਸ) ਮਾਰਮਿਕ ਭਾਵਾਂ ਦੀ ਸਫ਼ਲ ਅਭਿਵਿਅਕਤੀ

ਦਿਲ-ਚੀਰਵੇਂ ਮਾਰਮਿਕ ਭਾਵਾਂ ਨੂੰ ਪ੍ਰਗਟਾਉਣ ਦਾ ਕਾਰਜ ਨਿਰੇ ਸ਼ਬਦਾਂ ਦੇ ਵੱਸ ਦਾ ਰੋਗ ਨਹੀਂ ਹੁੰਦਾ। ਇਸ ਕਾਰਜ ਨੂੰ ਵੀ ਬਿੰਬ ਹੀ ਨੇਪਰੇ ਚਾੜ੍ਹਦੇ ਹਨ। ਬਾਬਾ ਫ਼ਰੀਦ ਦੀ ਬਿੰਬਾਵਲੀ ਇਸ ਪੱਖੋਂ ਵੀ ਸਫ਼ਲ ਹੈ। ਮਨੁੱਖ ਦੀਆਂ ਅੱਖਾਂ, ਕੰਨ, ਲੱਤਾਂ-ਪੈਰ ਤੇ ਦੰਦ ਉਸ ਦੇ ਹਰ ਵਕਤ ਦੇ ਸਾਥੀ ਤੇ ਮਿੱਤਰ ਹਨ। ਪਰ ਬਾਬਾ ਫ਼ਰੀਦ ਅਨੁਸਾਰ ਇਕ ਸਮਾਂ ਅਜਿਹਾ ਵੀ ਆਉਂਦਾ ਹੈ ਕਿ ਮਨੁੱਖ ਦੇ ਇਹ ਸਭ ਤੋਂ ਨਜ਼ਦੀਕੀ ਜਾਨੀ ਦੋਸਤ ਵੀ ਉਸ ਦਾ ਸਾਥ ਛੱਡ ਜਾਂਦੇ ਹਨ। ਕਿੰਨੀ ਮਾਰਮਿਕ ਸਥਿਤੀ ਹੁੰਦੀ ਹੈ ਉਹ ! ਇਸ ਦਿਲ-ਚੀਰਵੀਂ ਸਥਿਤੀ ਵਿਚ ਮਨੁੱਖ ਦਾ ਦਿਲ ਧਾਹ ਮਾਰ ਕੇ ਨਹੀਂ ਰਹਿ ਜਾਵੇਗਾ ਤਾਂ ਹੋਰ ਕੀ ਕਰੇਗਾ :



Marfat.com

ਚਬਣ ਚਲਣ ਰਤੰਨ ਸੇ ਸੁਣੀਅਰ ਬਹਿ ਗਏ ॥
ਹੇੜੇ ਮੁਤੀ ਧਾਹ ਸੇ ਜਾਨੀ ਚਲਿ ਗਏ ॥

(ਆਦਿ ਗ੍ਰੰਥ, ਪੰਨਾ 1381)

ਦੁਨਿਆਵੀ ਵਿਸ਼ੇ-ਵਿਕਾਰਾਂ ਲਈ ਕਾਂ ਦਾ ਬਿੰਬ ਪ੍ਰਯੁਕਤ ਕਰਕੇ ਬਾਬਾ ਫ਼ਰੀਦ ਦੱਸਦਾ ਹੈ ਕਿ ਇਹ ਕਾਂ ਮਨੁੱਖੀ ਸਰੀਰ ਨੂੰ ਚੂੰਡ ਚੂੰਡ ਕੇ ਖਾ ਜਾਂਦੇ ਹਨ ਪਰ ਜੀਵ-ਇਸਤ੍ਰੀ ਦੀ ਪ੍ਰਭੂ-ਪ੍ਰੀਤਮ ਨੂੰ ਵੇਖਣ ਦੀ ਤਾਂਘ ਅਜੇ ਵੀ ਕਾਇਮ ਰਹਿੰਦੀ ਹੈ। ਇਸ ਮਾਰਮਿਕ ਭਾਵ ਦੀ ਇਕ ਤਰਲੇ ਦੇ ਰੂਪ ਵਿਚ ਹੋਈ ਅਭਿਵਿਅਕਤੀ ਵੇਖੋ :

ਕਾਗਾ ਕਰੰਗ ਢਢੋਲਿਆ ਸਗਲਾ ਖਾਇਆ ਮਾਸੁ ॥
ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ ॥

(ਆਦਿ ਗ੍ਰੰਥ, ਪੰਨਾ 1382)

ਇਸ ਤਰ੍ਹਾਂ ਬਾਬਾ ਫ਼ਰੀਦ ਦੇ ਬਿੰਬ ਮਾਰਮਿਕ ਭਾਵਾਂ ਨੂੰ ਅਭਿਵਿਅਕਤ ਕਰਨ ਵਿਚ ਵੀ ਪੂਰੀ ਤਰ੍ਹਾਂ ਸਫ਼ਲ ਹਨ।

## ਹ) ਕਾਵਿ ਵਿਚ ਸਜੀਵਤਾ ਲਿਆਉਣੀ

ਬਿੰਬ ਕਵਿਤਾ ਦੇ ਬਾਹਰਲੇ ਰੂਪ ਨੂੰ ਹੀ ਨਹੀਂ ਸ਼ਿੰਗਾਰਦੇ ਸਗੋਂ ਕਵਿਤਾ ਦੇ ਅੰਦਰ ਨਵੀਂ ਰੂਹ ਫੂਕ ਕੇ ਉਸ ਨੂੰ ਸਜੀਵਤਾ ਵੀ ਪ੍ਰਦਾਨ ਕਰਦੇ ਹਨ। ਲੀਵਸ ਅਨੁਸਾਰ, "ਬਿੰਬ, ਕਵਿਤਾ ਵਿਚ ਵੱਖ ਵੱਖ ਕੋਣਾਂ ਉੱਤੇ ਜੜੇ ਸ਼ੀਸ਼ਿਆਂ ਵਾਂਗ ਹੁੰਦੇ ਹਨ ਜੋ ਕਵਿਤਾ ਦੇ ਵਿਸ਼ੇ-ਵਸਤੂ ਦੇ ਵਿਭਿੰਨ ਪਹਿਲੂਆਂ ਨੂੰ ਪ੍ਰਤਿਬਿੰਬਤ ਕਰਦੇ ਹਨ ਪਰ ਇਹ ਉਹ ਜਾਦੂ ਦੇ ਸ਼ੀਸ਼ੇ ਹਨ ਜੋ ਵਿਸ਼ੇ-ਵਸਤੂ ਨੂੰ ਹੀ ਪ੍ਰਤਿਬਿੰਬਤ ਨਹੀਂ ਕਰਦੇ ਸਗੋਂ ਉਸ ਨੂੰ ਜੀਵਨ ਤੇ ਰੂਪ ਪ੍ਰਦਾਨ ਕਰਕੇ ਉਸ ਦੀ ਆਤਮਾ ਨੂੰ ਦ੍ਰਿਸ਼ਟੀਗੋਚਰ ਬਣਾ ਦਿੰਦੇ ਹਨ"।[22]

ਬਾਬਾ ਫ਼ਰੀਦ ਦੇ ਬਿੰਬ ਵੀ ਕਵਿਤਾ ਅੰਦਰ ਨਵੀਂ ਰੂਹ ਦਾ ਸੰਚਾਰ ਕਰਕੇ ਉਸ ਨੂੰ ਸਜੀਵਤਾ ਪ੍ਰਦਾਨ ਕਰਦੇ ਹਨ। ਉਦਾਹਰਣ ਵਜੋਂ ਨਿਮਨ-ਲਿਖਤ ਸ਼ਲੋਕ ਵੇਖੋ :

ਫਰੀਦਾ ਥੀਉ ਪਵਾਹੀ ਦਭੁ ਜੇ ਸਾਂਈ ਲੋੜਹਿ ਸਭੁ ॥
ਇਕੁ ਛਿਜਹਿ ਬਿਆ ਲਤਾੜੀਅਹਿ
ਤਾ ਸਾਈ ਦੈ ਦਰਿ ਵਾੜੀਅਹਿ ॥

(ਆਦਿ ਗ੍ਰੰਥ, ਪੰਨਾ 1378)

ਇਸ ਸ਼ਲੋਕ ਵਿਚ ਨਿਮਰਤਾ ਅਤੇ ਸਹਿਣਸ਼ੀਲਾ ਲਈ ਪ੍ਰਯੁਕਤ ਕੀਤਾ ਘਾਹ (ਦਭੁ) ਦਾ ਬਿੰਬ ਕੇਵਲ ਭਾਵ ਨੂੰ ਮੂਰਤੀਮਾਨ ਕਰਨ ਤਕ ਹੀ ਸੀਮਿਤ ਨਹੀਂ ਸਗੋਂ ਇਹ ਇਸ ਸ਼ਲੋਕ ਦੀ ਆਤਮਾ ਬਣ ਕੇ ਇਸ ਵਿਚ ਸਮਾਇਆ ਹੋਇਆ ਹੈ। ਇਸ ਸ਼ਲੋਕ ਵਿਚੋਂ ਜੇਕਰ ਘਾਹ ਦਾ ਬਿੰਬ ਕੱਢ ਦਿੱਤਾ ਜਾਵੇ ਤਾਂ ਪੂਰਾ ਸ਼ਲੋਕ ਨਿਰਜਿੰਦ ਬਣ ਕੇ ਰਹਿ ਜਾਵੇਗਾ।

ਸੋ ਬਾਬਾ ਫ਼ਰੀਦ ਦੇ ਬਿੰਬ ਉਨ੍ਹਾਂ ਦੀ ਕਵਿਤਾ ਅਤੇ ਕਾਵਿ-ਸ਼ੈਲੀ ਦੀ ਰੂਹ ਹਨ।



Marfat.com

ਉਨ੍ਹਾਂ ਦੇ ਬਿੰਬਾਂ ਨੂੰ ਕਵਿਤਾ ਦੇ ਵਿਸ਼ੇ-ਵਸਤੂ ਅਤੇ ਰੂਪ ਦੋਹਾਂ ਤੋਂ ਅਲੱਗ ਨਹੀਂ ਕੀਤਾ ਜਾ ਸਕਦਾ।

## ੳ) ਪ੍ਰਭਾਵ ਦੀ ਉਤਪਤੀ

ਕਵਿਤਾ ਦੇ ਵਿਸ਼ੇ-ਵਸਤੂ ਅਤੇ ਉਸ ਦੀ ਅਭਿਵਿਅਕਤੀ ਨੂੰ ਪ੍ਰਭਾਵਸ਼ਾਲੀ ਬਣਾਉਣਾ ਵੀ ਬਿੰਬ ਦਾ ਇਕ ਮਹੱਤਵਪੂਰਣ ਕਾਰਜ ਹੈ। ਸਾਧਾਰਣ ਕਥਨ-ਮਈ ਸ਼ੈਲੀ ਪਾਠਕ ਦੇ ਮਨ ਉਪਰ ਉਨਾ ਪ੍ਰਭਾਵ ਨਹੀਂ ਪਾਉਂਦੀ ਜਿੰਨਾ ਕਿ ਬਿੰਬਮਈ ਸ਼ੈਲੀ। ਇਹੀ ਕਾਰਣ ਹੈ ਕਿ ਕਵੀ ਬਿੰਬ ਦੇ ਮਾਧਿਅਮ ਰਾਹੀਂ ਆਪਣੀ ਗੱਲ ਨੂੰ ਵਧੇਰੇ ਅਸਰ ਭਰਪੂਰ ਬਣਾਉਂਦੇ ਹਨ। ਬਾਬਾ ਫ਼ਰੀਦ ਨੇ ਆਪਣੇ ਬਹੁਤੇ ਭਾਵ ਤੇ ਵਿਚਾਰ ਬਿੰਬਮਈ ਭਾਸ਼ਾ ਵਿਚ ਪ੍ਰਗਟਾਏ ਹਨ। ਇਸੇ ਕਰਕੇ ਸਦੀਆਂ ਬੀਤ ਜਾਣ ਉਪਰੰਤ ਵੀ ਉਨ੍ਹਾਂ ਦੇ ਸ਼ਲੋਕ ਪਾਠਕਾਂ ਤੇ ਸ੍ਰੋਤਿਆਂ ਦੇ ਮਨ ਉਪਰ ਬੜਾ ਡੂੰਘਾ ਪ੍ਰਭਾਵ ਪਾਉਂਦੇ ਹਨ। ਇਹ ਗੱਲ ਬੜੀ ਆਮ ਹੈ ਤੇ ਹਰ ਇਕ ਬੰਦਾ ਜਾਣਦਾ ਹੈ ਕਿ ਮੌਤ ਅਚਾਨਕ ਬੰਦੇ ਨੂੰ ਆ ਘੇਰਦੀ ਹੈ। ਪਰ ਜਦੋਂ ਬਾਬਾ ਫ਼ਰੀਦ ਜੀ ਇਸੇ ਗੱਲ ਨੂੰ ਆਪਣੀ ਬਿੰਬਮਈ ਸ਼ੈਲੀ ਵਿਚ ਵਿਅਕਤ ਕਰਦੇ ਹਨ ਤਾਂ ਇਸ ਦਾ ਪ੍ਰਭਾਵ ਕਈ ਗੁਣਾਂ ਵਧੇਰੇ ਹੋ ਜਾਂਦਾ ਹੈ :

ਫਰੀਦਾ ਦਰੀਆਵੈ ਕੰਨ੍ਹੈ ਬਗੁਲਾ ਬੈਠਾ ਕੇਲ ਕਰੇ।
ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ ॥
ਬਾਜ ਪਏ ਤਿਸੁ ਰਬ ਦੇ ਕੇਲਾਂ ਵਿਸਰੀਆਂ ॥
ਜੋ ਮਨਿ ਚਿਤਿ ਨ ਚੇਤੇ ਸਨਿ ਸੋ ਗਾਲੀ ਰਬ ਕੀਆਂ।

(ਆਦਿ ਗ੍ਰੰਥ, ਪੰਨਾ 1383)

ਇਸੇ ਤਰ੍ਹਾਂ ਸਾਧਾਰਣ ਸ਼ਬਦਾਂ ਵਿਚ ਇਹ ਕਹਿਣਾ ਕਿ 'ਮਨੁੱਖਾ ਜੀਵਨ ਅਸਥਿਰ ਹੈ'—ਮਨ ਉਪਰ ਏਨਾ ਪ੍ਰਭਾਵ ਨਹੀਂ ਪਾਉਂਦਾ। ਪਰ ਜਦੋਂ ਇਹੀ ਭਾਵ ਬਾਬਾ ਫ਼ਰੀਦ ਬਿੰਬਾਂ ਦੀ ਮਦਦ ਨਾਲ ਰੂਪਮਾਨ ਕਰਦਾ ਹੈ ਤਾਂ ਇਹ ਮਨ ਦੀ ਗਹਿਰਾਈ ਤਕ ਉਤਰ ਜਾਂਦਾ ਹੈ :

ਕੰਧੀ ਉਤੈ ਰੁਖੜਾ ਕਿਚਰਕੁ ਬੰਨੈ ਧੀਰ ॥
ਫਰੀਦਾ ਕਚੈ ਭਾਂਡੈ ਰਖੀਐ ਕਿਚਰੁ ਤਾਈ ਨੀਰ ॥

(ਆਦਿ ਗ੍ਰੰਥ, ਪੰਨਾ 1382)

ਸੋ ਬਾਬਾ ਫ਼ਰੀਦ ਦੇ ਬਿੰਬ ਪ੍ਰਭਾਵ ਦੀ ਉਤਪਤੀ ਦਾ ਉਪਯੋਗੀ ਕਾਰਜ ਬੜੀ ਸਫ਼ਲਤਾ ਸਹਿਤ ਨਿਭਾਉਂਦੇ ਹਨ।

## ਅ) ਕ੍ਰਮਬੱਧਤਾ ਲਿਆਉਣਾ

ਬਿੰਬਾਂ ਦਾ ਇਕ ਵਿਸ਼ੇਸ਼ ਕਾਰਜ ਕਵਿਤਾ ਵਿਚ ਪ੍ਰਸਤੁਤ ਭਾਵਾਂ ਤੇ ਵਿਚਾਰਾਂ ਵਿਚ ਇਕ ਵਿਸ਼ੇਸ਼ ਕ੍ਰਮਬੱਧਤਾ ਲਿਆਉਣਾ ਵੀ ਹੈ। ਕਾਵਿ-ਅਨੁਭਵ ਦੀ ਖੰਡਿਤ ਰੂਪ ਵਿਚ ਪੇਸ਼ਕਾਰੀ ਪਾਠਕ ਜਾਂ ਸ੍ਰੋਤੇ ਉਪਰ ਬੱਝਵਾਂ ਪ੍ਰਭਾਵ ਨਹੀਂ ਪਾਉਂਦੀ। ਇਸ ਲਈ ਕਾਵਿ-



Marfat.com

ਅਨੁਭਵ ਅਤੇ ਉਸ ਦੀ ਅਭਿ-ਵਿਅਕਤੀ ਦਾ ਇਕ ਲੜੀ ਵਿਚ ਪਰੋਏ ਜਾਣਾ ਬੜਾ ਆਵੱਸ਼ਕ ਹੈ। ਬਾਬਾ ਫ਼ਰੀਦ ਦੀ ਬਿੰਬਾਵਲੀ ਇਹ ਕ੍ਰਮਬੱਧਤਾ ਲਿਆਉਣ ਵਿਚ ਵੀ ਪੂਰੀ ਤਰ੍ਹਾਂ ਕਾਮਯਾਬ ਹੈ । ਉਦਾਹਰਣ ਵਜੋਂ ਬਾਬਾ ਫ਼ਰੀਦ ਦਾ ਪਹਿਲਾ ਸ਼ਲੋਕ ਹੀ ਪ੍ਰਸਤੁਤ ਹੈ :

ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ ॥
ਮਲਕੁ ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ ॥
ਜਿੰਦੁ ਨਿਮਾਣੀ ਕਢੀਐ ਹਡਾ ਕੂ ਕੜਕਾਇ ॥
ਸਾਹੇ ਲਿਖੇ ਨ ਚਲਨੀ ਜਿੰਦੂ ਕੂੰ ਸਮਝਾਇ ॥
ਜਿੰਦੁ ਵਹੁਟੀ ਮਰਣੁ ਵਰ ਲੈ ਜਾਸੀ ਪਰਣਾਇ ॥
ਆਪਣ ਹਥੀ ਜੋਲਿ ਕੈ ਕੈ ਗਲਿ ਲਗੈ ਧਾਇ ॥
ਵਾਲਹੁ ਨਿਕੀ ਪੁਰਸਲਾਤ ਕੰਨੀ ਨ ਸੁਣੀਆਇ ॥
ਫਰੀਦਾ ਕਿੜੀ ਪਵੰਦੀਈ ਖੜਾ ਨ ਆਪੁ ਮੁਹਾਇ ॥

(ਆਦਿ ਗ੍ਰੰਥ, ਪੰਨਾ 1377)

ਇਸ ਸ਼ਲੋਕ ਵਿਚ ਜੀਵ-ਇਸਤ੍ਰੀ ਰੂਪੀ ਵਹੁਟੀ ਦੇ ਮੌਤ ਰੂਪੀ ਲਾੜੇ ਨਾਲ ਵਿਆਹੇ ਜਾਣ, ਤੇ ਉਪਰੰਤ ਵਾਲ ਦੀ ਧਾਰ ਤੋਂ ਵੀ ਤਿੱਖੇ ਸਿਰਾਤ ਨਾਮਕ ਪੁਲ ਉਪਰੋਂ ਗੁਜ਼ਰਨ ਦੀ ਕਹਾਣੀ ਜਾਂ ਮਨੁੱਖ ਦੀ ਅੰਤਿਮ ਹੋਣੀ ਦੇ ਦ੍ਰਿਸ਼ ਨੂੰ ਵਿਭਿੰਨ ਬਿੰਬਾਂ ਦੇ ਮਾਧਿਅਮ ਰਾਹੀਂ ਇਕ ਲੜੀ ਵਿਚ ਪਰੋ ਕੇ ਪੇਸ਼ ਕੀਤਾ ਗਿਆ ਹੈ । ਸਮੁੱਚੇ ਸ਼ਲੋਕ ਵਿਚ ਕਵੀ ਦਾ ਮੌਤ ਬਾਰੇ ਅਨੁਭਵ ਢੁੱਕਵੀਂ ਬਿੰਬ ਲੜੀ ਵਿਚ ਪੂਰੀ ਕ੍ਰਮਬੱਧਤਾ ਸਹਿਤ ਅਭਿਵਿਅਕਤ ਹੋਇਆ ਹੈ ।

ਇਸ ਤਰ੍ਹਾਂ ਸਪਸ਼ਟ ਹੈ ਕਿ ਬਾਬਾ ਫ਼ਰੀਦ ਦੀ ਬਿੰਬਾਵਲੀ, ਕਾਵਿ-ਅਨੁਭਵ ਤੇ ਉਸ ਦੀ ਅਭਿਵਿਅਕਤੀ ਵਿਚ ਕ੍ਰਮਬੱਧਤਾ ਲਿਆਉਣ ਦਾ ਕਾਰਜ ਕਰਨ ਵਿਚ ਵੀ ਪੂਰੀ ਤਰ੍ਹਾਂ ਕ੍ਰਿਆਸ਼ੀਲ ਹੈ ।

ਉਪਰੋਕਤ ਵਿਸ਼ਲੇਸ਼ਣ ਦਾ ਸਾਰਾਂਸ਼ ਇਹ ਹੈ ਕਿ ਬਾਬਾ ਫ਼ਰੀਦ ਦੀ ਬਿੰਬਾਵਲੀ ਸੰਵੇਦਨਾ ਪ੍ਰਦਾਨ ਕਰਨ, ਸੂਖਮ ਤੇ ਅਮੂਰਤ ਭਾਵਾਂ ਦਾ ਮੂਰਤੀ-ਕਰਣ ਕਰਨ, ਭਾਵਾਂ ਦੀ ਅਭਿਵਿਅਕਤੀ ਨੂੰ ਸੁਹਜ-ਭਰਪੂਰ ਬਣਾਉਣ, ਮਾਰਮਿਕ ਭਾਵਾਂ ਦੀ ਸਫ਼ਲ ਅਭਿਵਿਅਕਤੀ ਕਰਨ, ਕਾਵਿ ਵਿਚ ਸਜੀਵਤਾ ਲਿਆਉਣ, ਪ੍ਰਭਾਵ ਦੀ ਉਤਪਤੀ ਕਰਨ ਅਤੇ ਕ੍ਰਮਬੱਧਤਾ ਲਿਆਉਣ ਦੇ ਕਾਰਜ ਕਰਨ ਵਿਚ ਪੂਰੀ ਤਰ੍ਹਾਂ ਸਫ਼ਲ ਹੈ ।

## 4. ਕਵਿਤਾ ਵਿਚ ਬਿੰਬ ਦੀ ਸਥਿਤੀ

ਕਵਿਤਾ ਵਿਚ ਬਿੰਬ ਦੀ ਸਥਿਤੀ ਬੜੀ ਦਿਲਚਸਪ ਹੈ । "ਬਿੰਬ ਕਵਿਤਾ ਦਾ ਉਹ ਜੁਜ਼ ਹੈ ਜਿਹੜਾ ਭਾਵ ਤੋਂ ਲੈ ਕੇ ਸ਼ੈਲੀ ਤਕ ਅਤੇ ਵਸਤੂ ਤੋਂ ਲੈ ਕੇ ਰੂਪ ਤਕ ਪਸਰਿਆ ਹੁੰਦਾ ਹੈ ।"[23] ਸੋ ਕਵਿਤਾ ਵਿਚ ਬਿੰਬ ਦੀ ਸਥਿਤੀ ਨਿਸ਼ਚਿਤ ਨਹੀਂ ਆਖੀ ਜਾ ਸਕਦੀ। ਕਿਸੇ ਕਵਿਤਾ ਵਿਚਲਾ ਇਕ ਸ਼ਬਦ ਵੀ ਬਿੰਬ ਪ੍ਰਸਤੁਤ ਕਰ ਸਕਦਾ ਹੈ ਤੇ ਪੂਰੀ ਕਵਿਤਾ ਵੀ ਇਕ ਸੰਪੂਰਣ ਬਿੰਬ ਹੋ ਸਕਦੀ ਹੈ।[24] ਬਾਬਾ ਫ਼ਰੀਦ ਦੀ ਸਮੁੱਚੀ ਰਚਨਾ ਦਾ ਅਧਿਐਨ



Marfat.com

ਕੀਤਿਆਂ ਉਨ੍ਹਾਂ ਦੀ ਕਾਵਿ-ਰਚਨਾ ਵਿਚ ਬਿੰਬ ਦੀ ਸਥਿਤੀ ਹੇਠਾਂ ਲਿਖੇ ਅਨੁਸਾਰ ਦ੍ਰਿਸ਼ਟੀ-ਗੋਚਰ ਹੁੰਦੀ ਹੈ :

ੳ) ਇਕ ਸ਼ਬਦ ਵਿਚ ਬਿੰਬ
ਅ) ਵਾਕੰਸ਼ ਵਿਚ ਬਿੰਬ
ੲ) ਵਾਕ ਵਿਚ ਬਿੰਬ
ਸ) ਵਾਕ-ਸਮੂਹ ਜਾਂ ਕੁਝ ਵਾਕਾਂ ਵਿਚ ਬਿੰਬ
ਹ) ਸ਼ਲੋਕ ਵਿਚ ਬਿੰਬ
ਕ) ਦੋ ਜਾਂ ਇਕ ਤੋਂ ਵੱਧ ਸ਼ਲੋਕਾਂ ਵਿਚ ਬਿੰਬ

## ੳ) ਸ਼ਬਦ (Word) ਵਿਚ ਬਿੰਬ

ਕਈ ਵਾਰ ਕਵਿਤਾ ਵਿਚ ਇਕ ਸ਼ਬਦ ਹੀ ਬਿੰਬ ਦੀ ਸਿਰਜਣਾ ਕਰ ਦਿੰਦਾ ਹੈ। ਅਜਿਹੇ ਸ਼ਬਦ ਦੀ ਪ੍ਰਕ੍ਰਿਤੀ ਪ੍ਰਤੀਕਾਤਮਕ ਹੁੰਦੀ ਹੈ ਅਤੇ ਉਹ ਇਕੱਲਾ ਹੀ ਕਿਸੇ ਭਾਵ ਜਾਂ ਵਸਤੂ ਦਾ ਵਿਅੰਜਕ ਹੁੰਦਾ ਹੈ। ਬਾਬਾ ਫ਼ਰੀਦ ਦੀ ਬਾਣੀ ਵਿਚ ਅਜਿਹੇ ਕਈ ਸ਼ਬਦ ਹਨ ਜਿਹੜੇ ਇਕੱਲੇ ਹੀ ਬਿੰਬ ਦੀ ਸਿਰਜਣਾ ਕਰਦੇ ਹਨ, ਜਿਵੇਂ ਕੰਤ, ਸਹੁ, ਸੋਹਾਗਣ, ਡੋਹਾਗਣ, ਸਹੁਰੇ, ਪੇਕੇ, ਹੰਸ, ਬਗਲਾ, ਕਾਂ ਆਦਿ। ਅਧਿਆਤਮਕ ਕਾਵਿ ਵਿਚ ਕੰਤ, ਸਹੁ ਸਾਂਈ, ਪਿਰ ਆਦਿ ਸ਼ਬਦ ਪਰਮਾਤਮਾ ਲਈ ਵਰਤੇ ਜਾਂਦੇ ਹਨ। ਬਾਬਾ ਫ਼ਰੀਦ ਨੇ ਵੀ ਇਨ੍ਹਾਂ ਸ਼ਬਦਾਂ ਰਾਹੀਂ ਪਰਮਾਤਮਾ ਦਾ ਬਿੰਬ ਪ੍ਰਸਤੁਤ ਕੀਤਾ ਹੈ। ਇਸੇ ਤਰ੍ਹਾਂ ਪ੍ਰਭੂ-ਪਤੀ ਦੇ ਪਿਆਰ ਵਿਚ ਰੱਤੀ ਹੋਈ ਜੀਵ-ਇਸਤ੍ਰੀ ਲਈ ਸੋਹਾਗਣ ਤੇ ਪ੍ਰਭੂ-ਪਤੀ ਤੋਂ ਬੇਮੁੱਖ ਹੋਈ ਜੀਵ-ਇਸਤ੍ਰੀ ਲਈ ਡੋਹਾਗਣ ਸ਼ਬਦ ਪ੍ਰਯੁਕਤ ਕੀਤੇ ਗਏ ਹਨ। ਇਸੇ ਤਰ੍ਹਾਂ ਸਹੁਰੇ ਸ਼ਬਦ ਰਾਹੀਂ ਪਰਲੋਕ, ਪੇਕੇ ਰਾਹੀਂ ਇਸ ਦੁਨੀਆਂ ਹੰਸ ਰਾਹੀਂ ਪ੍ਰਭੂ ਦੇ ਸੱਚੇ ਭਗਤਾਂ, ਬਗਲੇ ਰਾਹੀਂ ਭੇਖੀ ਮਨੁੱਖ ਤੇ ਕਾਂ ਸ਼ਬਦ ਰਾਹੀਂ ਦੁਨਿਆਵੀ ਵਿਸ਼ੇ-ਵਿਕਾਰਾਂ ਦੇ ਬਿੰਬ ਪ੍ਰਸਤੁਤ ਕੀਤੇ ਗਏ ਹਨ। ਪਰ ਇਥੇ ਇਹ ਗੱਲ ਵੀ ਉਲੇਖਨੀਯ ਹੈ ਕਿ ਭਾਵੇਂ ਕੋਈ ਇਕੱਲਾ ਸ਼ਬਦ ਵੀ ਇਕ ਬਿੰਬ ਸਿਰਜ ਸਕਦਾ ਹੈ ਪਰ ਫਿਰ ਵੀ ਉਸ ਨੂੰ ਉਸ ਦੇ ਅਪਣੇ ਸਮੁੱਚੇ ਪ੍ਰਸੰਗ ਤੋਂ ਅਲੱਗ ਨਹੀਂ ਕੀਤਾ ਜਾ ਸਕਦਾ। ਉਸ ਦੇ ਸੰਪੂਰਣ ਅਰਥ ਆਪਣੇ ਪ੍ਰਸੰਗ ਵਿਚ ਰਹਿ ਕੇ ਹੀ ਉਜਾਗਰ ਹੁੰਦੇ ਹਨ।

## ਅ) ਵਾਕੰਸ਼ ਵਿਚ ਬਿੰਬ

ਕਈ ਵਾਰ ਬਿੰਬ, ਵਾਕੰਸ਼ ਅਰਥਾਤ ਵਾਕ ਜਾਂ ਕਾਵਿ-ਪੰਕਤੀ ਦੇ ਕਿਸੇ ਵਿਸ਼ੇਸ਼ ਹਿੱਸੇ ਵਿਚੋਂ ਵੀ ਪ੍ਰਗਟ ਹੁੰਦਾ ਹੈ। ਉਦਾਹਰਣ ਵਜੋਂ ਬਾਬਾ ਫ਼ਰੀਦ ਦੀਆਂ ਹੇਠ ਲਿਖੀਆਂ ਪੰਕਤੀਆਂ ਦੇ ਪਿਛਲੇ ਅੱਧ ਵਿਚੋਂ ਬਿੰਬ ਪ੍ਰਗਟ ਹੁੰਦਾ ਹੈ :

1. ਕਿਝੁ ਨ ਬੁਝੈ, ਕਿਝੁ ਨ ਸੁਝੈ, ਦੁਨੀਆ ਗੁਝੀ ਭਾਹਿ ॥



Marfat.com

2. ਦੇਖੁ ਫਰੀਦਾ ਜਿ ਥੀਆ, ਸਕਰ ਹੋਈ ਵਿਸੁ ॥

(ਆਦਿ ਗ੍ਰੰਥ ਪੰਨਾ 1378)

3. ਬਿਰਹਾ ਬਿਰਹਾ ਆਖੀਐ, ਬਿਰਹਾ ਤੂੰ ਸੁਲਤਾਨ ॥

(ਆਦਿ ਗ੍ਰੰਥ, ਪੰਨਾ 1379)

4. ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ ॥

(ਆਦਿ ਗ੍ਰੰਥ, ਪੰਨਾ 1381)

ਨਿਮਨ-ਲਿਖਤ ਸਤਰਾਂ ਦੇ ਪਹਿਲੇ ਅੱਧ ਵਿਚੋਂ ਪ੍ਰਗਟ ਹੁੰਦਾ ਹੈ :

1. ਫਰੀਦਾ ਬੇਨਿਵਾਜਾ ਕੁਤਿਆ, ਏਹ ਨ ਭਲੀ ਰੀਤਿ ॥

(ਆਦਿ ਗ੍ਰੰਥ, ਪੰਨਾ 1381)

2. ਫਰੀਦਾ ਰਾਤਿ ਕਥੂਰੀ ਵੰਡੀਐ ਸੁਤਿਆ ਮਿਲੈ ਨ ਭਾਉ ॥

(ਆਦਿ ਗ੍ਰੰਥ, ਪੰਨਾ 1382)

## ੲ) ਵਾਕ ਵਿਚ ਬਿੰਬ

ਬਿੰਬ ਦੀ ਸਥਿਤੀ ਕਈ ਵਾਰ ਕਿਸੇ ਸ਼ਬਦ ਜਾਂ ਵਾਕੰਸ਼ ਵਿਚ ਨਾ ਹੋ ਕੇ ਪੂਰੇ ਵਾਕ ਜਾਂ ਪੰਕਤੀ ਵਿਚ ਹੁੰਦੀ ਹੈ ਅਤੇ ਵਾਕ ਦਾ ਹਰ ਸ਼ਬਦ ਬਿੰਬ ਸਿਰਜਣ ਵਿਚ ਸਹਾਈ ਹੁੰਦਾ ਹੈ, ਜਿਵੇਂ :

1. ਹਥੁ ਨ ਲਾਇ ਕਸੁੰਭੜੈ ਜਲਿ ਜਾਸੀ ਢੋਲਾ ॥

(ਰਾਗ ਸੂਹੀ, ਆਦਿ ਗ੍ਰੰਥ, ਪੰਨਾ 794)

2. ਜਿੰਦੁ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ ॥

(ਆਦਿ ਗ੍ਰੰਥ, ਪੰਨਾ 1377)

3. ਫਰੀਦਾ ਜੇ ਜਾਣਾ ਤਿਲ ਥੋੜੜੇ ਸੰਮਲਿ ਬੁਕੁ ਭਰੀ ॥

(ਆਦਿ ਗ੍ਰੰਥ, ਪੰਨਾ 1378)

4. ਫਰੀਦਾ ਜਿਤੁ ਤਨਿ ਬਿਰਹੁ ਉਪਜੈ ਸੋ ਤਨੁ ਜਾਣੁ ਮਸਾਨ ॥

(ਆਦਿ ਗ੍ਰੰਥ, ਪੰਨਾ 1379)

5. ਫਰੀਦਾ ਭੰਨੀ ਘੜੀ ਸਵੰਨਵੀ ਟੂਟੀ ਨਾਗਰ ਲਜੁ ॥

(ਆਦਿ ਗ੍ਰੰਥ, ਪੰਨਾ 1381)

6. ਫਰੀਦਾ ਪੰਖ ਪਰਾਹੁਣੀ ਦੁਨੀ ਸੁਹਾਵਾ ਬਾਗੁ ॥

(ਆਦਿ ਗ੍ਰੰਥ, ਪੰਨਾ 1382)

7. ਫਰੀਦਾ ਮਉਤੈ ਦਾ ਬੰਨਾ ਏਵੈ ਦਿਸੈ ਜਿਉ ਦਰੀਆਵੈ ਢਾਹਾ ।

(ਆਦਿ ਗ੍ਰੰਥ, ਪੰਨਾ 1383)



Marfat.com

8. ਫਰੀਦਾ ਕਚੈ ਭਾਂਡੈ ਰਖੀਐ ਕਿਚਰੁ ਤਾਂਈ ਨੀਰੁ ॥

(ਆਦਿ ਗ੍ਰੰਥ, ਪੰਨਾ 1382)

## ਸ) ਵਾਕ-ਸਮੂਹ ਜਾਂ ਕੁਝ ਵਾਕਾਂ ਵਿਚ ਬਿੰਬ

ਕਵਿਤਾ ਵਿਚ ਬਿੰਬ ਕਈ ਵਾਰ ਇਕ ਤੋਂ ਵਧੇਰੇ ਵਾਕਾਂ ਜਾਂ ਵਾਕ-ਸਮੂਹ ਵਿਚ ਵੀ ਪਸਰਿਆ ਹੁੰਦਾ ਹੈ। ਬਾਬਾ ਫ਼ਰੀਦ ਦੀ ਕਵਿਤਾ ਵਿਚ ਇਸ ਦੀਆਂ ਉਦਾਹਰਣਾਂ ਵੀ ਉਪਲਬਧ ਹਨ, ਜਿਵੇਂ :

1. ਸਾਢੇ ਤ੍ਰੈ ਮਣ ਦੇਹੁਰੀ ਚਲੈ ਪਾਣੀ ਅੰਨਿ ॥
ਆਇਓ ਬੰਦਾ ਦੁਨੀ ਵਿਚਿ ਵਤਿ ਆਸੂਣੀ ਬੰਨਿ ॥
ਮਲਕਲ ਮਉਤ ਜਾਂ ਆਵਸੀ ਸਭ ਦਰਵਾਜੇ ਭੰਨਿ ॥
ਤਿਨ੍ਹਾ ਪਿਆਰਿਆ ਭਾਈਆ ਅਗੈ ਦਿਤਾ ਬੰਨਿ ॥
ਵੇਖਹੁ ਬੰਦਾ ਚਲਿਆ ਚਹੁ ਜਣਿਆ ਦੈ ਕੰਨ ॥

(ਆਦਿ ਗ੍ਰੰਥ, ਪੰਨਾ 1383)

2. ਬੇੜਾ ਬੰਧਿ ਨ ਸਕਿਓ, ਬੰਧਨ ਕੀ ਵੇਲਾ ॥
ਭਰਿ ਸਰਵਰੁ ਜਬ ਊਛਲੈ, ਤਬ ਤਰਣੁ ਦੁਹੇਲਾ ॥

(ਰਾਗ ਸੂਹੀ, ਆਦਿ ਗ੍ਰੰਥ, ਪੰਨਾ 794)

## ਹ) ਸ਼ਲੋਕ ਵਿਚ ਬਿੰਬ

ਬਿੰਬ ਦੀ ਸਥਿਤੀ ਕਿਸੇ ਕਵੀ ਦੀ ਪੂਰੀ ਕਵਿਤਾ ਵਿਚ ਵੀ ਹੋ ਸਕਦੀ ਹੈ। ਬਾਬਾ ਫ਼ਰੀਦ ਦੀ ਬਹੁਤੀ ਰਚਨਾ ਸ਼ਲੋਕਾਂ ਵਿਚ ਹੀ ਹੈ ਤੇ ਸ਼ਲੋਕ ਵੀ ਜ਼ਿਆਦਾਤਰ ਦੋ ਸਤਰਾਂ ਦੇ ਹੀ ਹਨ। ਸੋ ਬਾਬਾ ਫ਼ਰੀਦ ਦੇ ਹਰ ਸ਼ਲੋਕ ਨੂੰ ਕਵਿਤਾ ਦੀ ਇਕ ਇਕਾਈ ਮੰਨਿਆ ਗਿਆ ਹੈ। ਬਾਬਾ ਫ਼ਰੀਦ ਦੇ ਬਹੁਤ ਸਾਰੇ ਸ਼ਲੋਕ ਅਜਿਹੇ ਹਨ ਜਿਨ੍ਹਾਂ ਵਿਚ ਪੂਰੇ ਦੇ ਪੂਰੇ ਸ਼ਲੋਕ ਵਿਚ ਬਿੰਬ ਪਸਰਿਆ ਹੋਇਆ ਹੈ। ਮਿਸਾਲ ਵਜੋਂ ਹੇਠ ਲਿਖੇ ਸ਼ਲੋਕ ਵੇਖੋ :

1. ਫਰੀਦਾ ਜਿਨ ਲੋਇਣ ਜਗੁ ਮੋਹਿਆ ਸੇ ਲੋਇਣ ਮੈ ਡਿਠੁ ॥
ਕਜਲ ਰੇਖ ਨ ਸਹਿਦਿਆ ਸੇ ਪੰਖੀ ਸੂਇ ਬਹਿਠ ॥

2. ਫਰੀਦਾ ਥੀਉ ਪਵਾਹੀ ਦਭੁ ਜੇ ਸਾਈ ਲੋੜਹਿ ਸਭੁ ॥
ਇਕੁ ਛਿਜਹਿ ਬਿਆ ਲਤਾੜੀਅਹਿ ਤਾਂ ਸਾਂਈ ਦੈ ਦਰ ਵਾੜੀਅਹਿ ॥

(ਆਦਿ ਗ੍ਰੰਥ, ਪੰਨਾ 1378)

3. ਫਰੀਦਾ ਦਰਿ ਦਰਵਾਜੈ ਜਾਇ ਕੈ ਕਿਉ ਡਿਠੋ ਘੜੀਆਲੁ ॥
ਏਹੁ ਨਿਦੋਸਾ ਮਾਰੀਐ ਹਮ ਦੋਸਾਂ ਦਾ ਕਿਆ ਹਾਲ ॥

(ਆਦਿ ਗ੍ਰੰਥ, ਪੰਨਾ 1379)

4. ਹੰਸ ਉਡਰਿ ਕੋਧ੍ਰੈ ਪਾਇਆ ਲੋਕ ਵਿਡਾਰਣਿ ਜਾਇ ॥
ਗਹਿਲਾ ਲੋਕੁ ਨ ਜਾਣਦਾ ਹੰਸੁ ਨ ਕੋਧ੍ਰਾ ਖਾਇ ॥

(ਆਦਿ ਗ੍ਰੰਥ, ਪੰਨਾ 1381)



Marfat.com

5. ਫਰੀਦਾ ਹਉ ਬਲਿਹਾਰੀ ਤਿਨ ਪੰਖੀਆ ਜੰਗਲਿ ਜਿੰਨਾ ਵਾਸੁ ॥
ਕਕਰ ਚੁਗਨਿ ਥਲ ਵਸਨਿ ਰਬ ਨ ਛੋਡਨਿ ਪਾਸੁ ॥

(ਆਦਿ ਗ੍ਰੰਥ, ਪੰਨਾ 1383)

### ਕ) ਦੋ ਸ਼ਲੋਕਾਂ ਵਿਚ ਇਕ ਬਿੰਬ

ਫ਼ਰੀਦ ਬਾਣੀ ਵਿਚ ਕੁਝ ਅਜਿਹੇ ਬਿੰਬ ਵੀ ਹਨ ਜੋ ਦੋ ਜਾਂ ਇਕ ਤੋਂ ਵੱਧ ਸ਼ਲੋਕਾਂ ਵਿਚ ਪਸਰੇ ਹੋਏ ਹਨ, ਜਿਵੇਂ ਪ੍ਰਭੂ-ਪ੍ਰੀਤਮ ਨੂੰ ਮਿਲਣ ਜਾ ਰਹੇ ਪ੍ਰਭੂ-ਪ੍ਰੇਮੀ ਦੇ ਰਸਤੇ ਵਿਚ ਆਉਣ ਵਾਲੀਆਂ ਕਠਿਨਾਈਆਂ ਲਈ ਪ੍ਰਯੁਕਤ ਬਾਰਿਸ਼ ਤੇ ਚਿਕੜ ਦਾ ਬਿੰਬ ਲਗਾਤਾਰ ਦੋ ਸ਼ਲੋਕਾਂ ਵਿਚ ਵਿਦਮਾਨ ਮਿਲਦਾ ਹੈ :

1. ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ ॥
ਚਲਾ ਤ ਭਿਜੈ ਕੰਬਲੀ ਰਹਾ ਤ ਤੁਟੈ ਨੇਹੁ ॥
2. ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ ॥
ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ ॥

(ਆਦਿ ਗ੍ਰੰਥ, ਪੰਨਾ 1379)

ਏਸੇ ਤਰ੍ਹਾਂ ਦੋਸ਼ੀਆਂ ਨੂੰ ਮਿਲਣ ਵਾਲੀ ਸਜ਼ਾ ਦਾ ਡਰ ਮੂਰਤੀਮਾਨ ਕਰਨ ਲਈ ਕੁੱਟੇ ਜਾਂਦੇ ਘੜਿਆਲ ਦੇ ਬਿੰਬ ਦੀ ਸਥਿਤੀ ਵੀ ਦੋ ਸ਼ਲੋਕਾਂ (ਸ਼ਲੋਕ ਨੰ. 37 ਅਤੇ 38) ਵਿਚ ਬਣੀ ਰਹਿੰਦੀ ਹੈ ।

### 5. ਬਿੰਬ ਦੀ ਪ੍ਰਕ੍ਰਿਤੀ

ਬਿੰਬ ਦੀ ਸਥਿਤੀ ਵਾਂਗ ਬਾਬਾ ਫ਼ਰੀਦ ਦੀ ਬਿੰਬਾਵਲੀ ਵਿਚ ਬਿੰਬ ਦੀ ਮੂਲ ਪ੍ਰਕ੍ਰਿਤੀ ਵੀ ਬੜੀ ਦਿਲਚਸਪ ਹੈ । ਉਨ੍ਹਾਂ ਦੇ ਬਿੰਬਾਂ ਦੀ ਪ੍ਰਕ੍ਰਿਤੀ ਵਿਚ ਬੜੀ ਵੰਨ ਸੁਵੰਨਤਾ ਹੈ ਜੋ ਹੇਠਾਂ ਲਿਖੇ ਅਨੁਸਾਰ ਦ੍ਰਿਸ਼ਟੀਗੋਚਰ ਹੁੰਦੀ ਹੈ :

ੳ) ਅਖੰਡਿਤ ਤੇ ਖੰਡਿਤ ਬਿੰਬ
ਅ) ਪ੍ਰਧਾਨ ਬਿੰਬ ਤੇ ਲਘੂ ਬਿੰਬ
ੲ) ਸੰਯੁਕਤ ਬਿੰਬ
ਸ) ਇਕੋ ਵਿਸ਼ੇ ਲਈ ਵਿਰੋਧੀ ਪ੍ਰਕ੍ਰਿਤੀ ਵਾਲੇ ਬਿੰਬ

### ੳ) ਅਖੰਡਿਤ ਤੇ ਖੰਡਿਤ ਬਿੰਬ

ਫ਼ਰੀਦ-ਬਾਣੀ ਵਿਚ ਅਖੰਡਿਤ ਤੇ ਖੰਡਿਤ ਦੋਹਾਂ ਕਿਸਮਾਂ ਦੇ ਬਿੰਬ ਉਪਲਬਧ ਹਨ । ਜਦੋਂ ਕਵੀ ਆਪਣੇ ਅਨੁਭਵ ਨੂੰ ਇਕੋ ਬਿੰਬ ਦੀ ਮਦਦ ਨਾਲ ਬੱਝਵੇਂ ਰੂਪ ਵਿਚ ਮੂਰਤੀਮਾਨ ਕਰਦਾ ਹੈ ਤਾਂ ਉਸ ਦਾ ਉਹ ਵਿਸ਼ੇਸ਼ ਅਨੁਭਵ ਅਖੰਡਿਤ ਬਿੰਬ ਦੇ ਰੂਪ ਵਿਚ ਰੂਪਮਾਨ ਹੋ ਜਾਂਦਾ ਹੈ । ਇਥੇ ਇਹ ਗੱਲ ਉਲੇਖਨੀਯ ਹੈ ਕਿ ਅਖੰਡਿਤ ਬਿੰਬ ਦੀ ਸਿਰਜਣਾ ਲਈ ਅਨੁਭਵ ਜਾਂ ਅਨੁਭੂਤੀ ਵੀ ਅਖੰਡਿਤ ਹੋਣੀ ਚਾਹੀਦੀ ਹੈ । ਬਾਬਾ ਫ਼ਰੀਦ ਦੀ ਰਚਨਾ ਵਿਚ ਅਖੰਡਿਤ ਬਿੰਬਾਂ ਦੀਆਂ ਕਾਫ਼ੀ ਉਦਾਹਰਣਾਂ ਮਿਲ ਜਾਂਦੀਆਂ ਹਨ, ਜਿਵੇਂ :



Marfat.com

ਹੰਸ ਉਡਰਿ ਕੋਧ੍ਰੈ ਪਾਇਆ ਲੋਕੁ ਵਿਡਾਰਣਿ ਜਾਇ ॥
ਗਹਿਲਾ ਲੋਕੁ ਨ ਜਾਣਦਾ ਹੰਸੁ ਨ ਕੋਧ੍ਰਾ ਖਾਇ ॥

(ਆਦਿ ਗ੍ਰੰਥ, ਪੰਨਾ 1381)

ਇਸ ਸ਼ਲੋਕ ਵਿਚ ਕਵੀ ਨੇ ਪ੍ਰਭੂ ਦੇ ਭਗਤਾਂ ਦੀ ਦੁਨਿਆਵੀ ਪਦਾਰਥਾਂ ਤੋਂ ਨਿਰਲੇਪਤਾ ਦੀ ਬਿਰਤੀ ਨੂੰ ਹੰਸ ਦੇ ਅਖੰਡਿਤ ਬਿੰਬ ਰਾਹੀਂ ਪੂਰੀ ਸਫਲਤਾ ਸਹਿਤ ਮੂਰਤੀਮਾਨ ਕੀਤਾ ਹੈ। ਇਸੇ ਤਰ੍ਹਾਂ ਬਾਬਾ ਫ਼ਰੀਦ ਨੇ ਮਹਿਸੂਸ ਕੀਤਾ ਕਿ ਇਕੱਲਾ ਮੈਂ ਹੀ ਦੁਖੀ ਨਹੀਂ ਸਗੋਂ ਸਾਰੀ ਦੁਨੀਆਂ ਦੁਖੀ ਹੈ। ਇਸ ਅਖੰਡਿਤ ਅਨੁਭਵ ਨੂੰ ਬਾਬਾ ਫ਼ਰੀਦ ਨੇ ਅੱਗ ਦੇ ਅਖੰਡਿਤ ਬਿੰਬ ਰਾਹੀਂ ਸਫ਼ਲਤਾ ਪੂਰਵਕ ਰੂਪਮਾਨ ਕੀਤਾ ਹੈ ਤੇ ਦਸਿਆ ਹੈ ਕਿ ਦੁਖਾਂ ਦੀ ਅੱਗ ਘਰ ਘਰ ਬਲ ਰਹੀ ਹੈ :

ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ ॥
ਊਚੇ ਚੜਿ ਕੈ ਦੇਖਿਆ ਤਾ ਘਰਿ ਘਰਿ ਏਹਾ ਅਗਿ ॥

(ਆਦਿ ਗ੍ਰੰਥ, ਪੰਨਾ 1382)

ਕਵੀ ਕਈ ਵਾਰ ਕਿਸੇ ਵਿਚਾਰ ਜਾਂ ਵਸਤੂ ਨੂੰ ਕਈ ਕੋਨਾਂ ਤੋਂ ਵੇਖਦਾ ਤੇ ਵਿਚਾਰਦਾ ਹੈ। ਅਜਿਹੇ ਸਮੇਂ ਉਸ ਦਾ ਅਨੁਭਵ ਕਈ ਟੁਕੜਿਆਂ ਜਾਂ ਚਿੱਤਰਾਂ ਵਿਚ ਖੰਡਿਤ ਹੋ ਕੇ ਪ੍ਰਗਟ ਹੁੰਦਾ ਹੈ। ਸਤਹੀ ਪੱਧਰ ਉੱਤੇ ਕਵਿਤਾ ਵਿਚ ਉਹ ਚਿੱਤਰ ਇਕ ਦੂਜੇ ਤੋਂ ਅਲੱਗ ਜਾਪਦੇ ਹਨ ਪਰ ਕਵਿਤਾ ਦੇ ਸਿਖਰ ਤਕ ਪੁਜਦਿਆਂ ਇਹ ਸਾਰੇ ਚਿੱਤਰ ਇਕ ਥਾਂ ਕੇਂਦ੍ਰਿਤ ਹੋ ਕੇ ਕਵਿਤਾ ਦੇ ਸਮੁੱਚੇ ਬਿੰਬ ਨੂੰ ਮੂਰਤੀਮਾਨ ਕਰ ਦਿੰਦੇ ਹਨ। ਕਵਿਤਾ ਦੇ ਸਮੁੱਚੇ ਬਿੰਬ ਨੂੰ ਰੂਪਮਾਨ ਕਰਨ ਲਈ ਇਨ੍ਹਾਂ ਖੰਡਿਤ ਬਿੰਬਾਂ ਦਾ ਇਕ ਨੁਕਤੇ ਉਪਰ ਕੇਂਦ੍ਰਿਤ ਹੋਣਾ ਜ਼ਰੂਰੀ ਹੁੰਦਾ ਹੈ। ਬਾਬਾ ਫ਼ਰੀਦ ਦੀ ਰਚਨਾ ਵਿਚ ਅਜਿਹੇ ਖੰਡਿਤ ਬਿੰਬਾਂ ਦੀਆਂ ਵੀ ਕਾਫ਼ੀ ਉਦਾਹਰਣਾਂ ਵੇਖੀਆਂ ਜਾ ਸਕਦੀਆਂ ਹਨ, ਜਿਵੇਂ :

ਫਰੀਦਾ ਵੇਖੁ ਕਪਾਹੈ ਜਿ ਥੀਆ ਜਿ ਸਿਰਿ ਥੀਆ ਤਿਲਾਹ ॥
ਕਮਾਦੈ ਅਰ ਕਾਗਦੈ ਕੁੰਨੇ ਕੋਇਲਿਆਹ ॥
ਮੰਦੇ ਅਮਲ ਕਰੇਦਿਆ ਏਹ ਸਜਾਇ ਤਿਨਾਹ ॥

(ਆਦਿ ਗ੍ਰੰਥ, ਪੰਨਾ 1380)

ਇਸ ਸ਼ਲੋਕ ਵਿਚ ਕਪਾਹ, ਤਿਲ, ਕਮਾਦ, ਕਾਗਜ਼ ਤੇ ਹਾਂਡੀ ਵਿਚ ਤਪਦੇ ਕੋਲੇ— ਸਾਰੇ ਬਿੰਬ ਸਤਹੀ ਪੱਧਰ ਉੱਤੇ ਖੰਡਿਤ ਰੂਪ ਵਿਚ ਪ੍ਰਗਟ ਹੋਏ ਹਨ ਪਰ ਜਦੋਂ ਕਵਿਤਾ ਦਾ ਸਿਖਰ ਆਉਂਦਾ ਹੈ ਤਾਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਇਹ ਸਾਰੇ ਬਿੰਬ ਇਕ ਨੁਕਤੇ ਉਪਰ ਕੇਂਦ੍ਰਿਤ ਹੋ ਕੇ ਬੁਰੇ ਕਰਮ ਕਰਨ ਵਾਲਿਆਂ ਨੂੰ ਮਿਲਣ ਵਾਲੀ ਸਜ਼ਾ ਨੂੰ ਹੀ ਮੂਰਤੀਮਾਨ ਕਰਨ ਵਿਚ ਕ੍ਰਿਆਸ਼ੀਲ ਹਨ।

### ਅ) ਪ੍ਰਧਾਨ ਬਿੰਬ ਤੇ ਲਘੂ ਬਿੰਬ

ਲੀਵਸ ਦੇ ਕਥਨ ਅਨੁਸਾਰ "ਕੋਈ ਕਵਿਤਾ ਲਘੂ ਬਿੰਬਾਂ ਦੇ ਸਮੂਹ ਨਾਲ ਉਸਰੀ



Marfat.com

ਇਕ ਸੰਪੂਰਨ ਬਿੰਬ ਵੀ ਹੋ ਸਕਦੀ ਹੈ" ।[26] ਅਰਥਾਤ ਕੋਈ ਕਵਿਤਾ ਅਜਿਹੀ ਵੀ ਹੋ ਸਕਦੀ ਹੈ ਜਿਸ ਵਿਚ ਹੋਰ ਕਈ ਲਘੂ ਬਿੰਬਾਂ ਦੀ ਮਦਦ ਨਾਲ ਉਸਰਿਆ ਇਕ ਕੇਂਦਰੀ ਜਾਂ ਪ੍ਰਧਾਨ ਬਿੰਬ ਹੋਵੇ । ਬਾਬਾ ਫ਼ਰੀਦ ਦੀ ਰਚਨਾ ਵਿਚ ਬਹੁਤ ਸਾਰੇ ਸ਼ਲੋਕ ਅਜਿਹੇ ਹਨ ਜਿਨ੍ਹਾਂ ਵਿਚ ਇਕ ਪ੍ਰਧਾਨ ਬਿੰਬ ਦੀ ਸਿਰਜਣਾ ਵਿਚ ਕਈ ਅਧੀਨ ਬਿੰਬ ਕ੍ਰਿਆਸ਼ੀਲ ਵਿਖਾਈ ਦਿੰਦੇ ਹਨ । ਪੁਸ਼ਟੀ ਲਈ ਹੇਠ ਲਿਖਿਆ ਸਲੋਕ ਵੇਖੋ :

ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ ॥
ਮਲਕੁ ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ ॥
ਜਿੰਦੁ ਨਿਮਾਣੀ ਕਢੀਐ ਹਡਾ ਕੂ ਕੜਕਾਇ ॥
ਸਾਹੇ ਲਿਖੇ ਨ ਚਲਨੀ ਜਿੰਦੂ ਕੂੰ ਸਮਝਾਇ ॥
ਜਿੰਦੁ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ ॥
ਆਪਣ ਹਥੀ ਜੋਲਿ ਕੈ ਕੈ ਗਲਿ ਲਗੈ ਧਾਇ ॥
ਵਾਲਹੁ ਨਿਕੀ ਪੁਰਸਲਾਤ ਕੰਨੀ ਨ ਸੁਣੀਆਇ ॥
ਫਰੀਦਾ ਕਿੜੀ ਪਵੰਦੀਈ ਖੜਾ ਨ ਆਪ ਮੁਹਾਇ ॥

(ਆਦਿ ਗ੍ਰੰਥ, ਪੰਨਾ 1377)

ਇਸ ਸ਼ਲੋਕ ਵਿਚ ਇਕ ਪ੍ਰਧਾਨ ਬਿੰਬ ਹੈ, 'ਮੌਤ' ਜਾਂ ਮੌਤ ਦਾ ਦਿਨ ਜਿਸ ਨੂੰ ਸਾਹੇ ਦੇ ਦਿਨ ਦੇ ਬਿੰਬ ਨਾਲ ਰੂਪਮਾਨ ਕੀਤਾ ਗਿਆ ਹੈ । ਬਾਬਾ ਫ਼ਰੀਦ ਨੇ ਇਸ਼ ਪ੍ਰਧਾਨ ਬਿੰਬ ਦੀ ਉਸਾਰੀ ਵਹੁਟੀ, ਲਾੜਾ (ਵਰੁ), ਪੁਲਸਿਰਾਤ ਆਦਿ ਲਘੂ ਬਿੰਬਾਂ ਦੀ ਸਹਾਇਤਾ ਨਾਲ ਕੀਤੀ ਹੈ । ਇਸੇ ਤਰ੍ਹਾਂ ਨਿਮਨ ਅੰਕਿਤ ਸ਼ਲੋਕ ਵੇਖੋ :

ਲੰਮੀ ਲੰਮੀ ਨਦੀ ਵਹੈ ਕੰਧੀ ਕੇਰੈ ਹੇਤਿ ॥
ਬੇੜੇ ਨੋ ਕਪਰੁ ਕਿਆ ਕਰੇ ਜੇ ਪਾਤਣ ਰਹੈ ਸੁਚੇਤਿ ॥

(ਆਦਿ ਗ੍ਰੰਥ, ਪੰਨਾ 1382)

ਇਸ ਸ਼ਲੋਕ ਵਿਚ ਪ੍ਰਧਾਨ ਬਿੰਬ ਸਲਾਹ (ਪਾਤਣ) ਹੈ ਜਿਸ ਨੂੰ ਨਦੀ, ਕਿਨਾਰੇ, ਬੇੜਾ, ਛੱਲਾਂ (ਕਪੁਰ) ਦੇ ਲਘੂ ਬਿੰਬਾਂ ਦੀ ਮਦਦ ਨਾਲ ਉਸਾਰਿਆ ਗਿਆ ਹੈ । ਬਾਬਾ ਫ਼ਰੀਦ ਨੇ ਪਾਤਣੀ ਜਾਂ ਮਲਾਹ ਦਾ ਬਿੰਬ ਗੁਰੂ ਜਾਂ ਮੁਰਸ਼ਦ ਲਈ ਪ੍ਰਯੁਕਤ ਕੀਤਾ ਹੈ । ਉਨ੍ਹਾਂ ਅਨੁਸਾਰ ਜੇਕਰ ਗੁਰੂ ਰੂਪੀ ਮਲਾਹ ਸੁਚੇਤ ਰਹੇ ਤਾਂ ਦੁਨਿਆਵੀ ਦੁਖਾਂ ਰੂਪੀ ਲਹਿਰਾਂ ਮਨੁੱਖੀ-ਜੀਵਨ ਰੂਪੀ ਬੇੜੇ ਦਾ ਕੁਝ ਨਹੀਂ ਵਿਗਾੜ ਸਕਦੀਆਂ ।

## ੲ) ਸੰਯੁਕਤ ਬਿੰਬ

ਕਈ ਵਾਰ ਜਟਿਲ ਜਾਂ ਵਿਆਪਕ ਜਾਂ ਸੂਖਮ ਵਿਸ਼ੇ ਨੂੰ ਉਜਾਗਰ ਕਰਨ ਲਈ ਇਕਹਿਰਾ ਬਿੰਬ ਕਾਫ਼ੀ ਨਹੀਂ ਹੁੰਦਾ, ਇਸ ਲਈ ਕਵੀ ਨੂੰ ਸੰਯੁਕਤ ਬਿੰਬਾਂ ਦੀ ਵਰਤੋਂ ਕਰਨੀ ਪੈਂਦੀ ਹੈ ।[26] ਫ਼ਰੀਦ-ਬਾਣੀ ਵਿਚ ਸੰਯੁਕਤ ਬਿੰਬਾਂ ਦਾ ਵੀ ਕਾਫ਼ੀ ਪ੍ਰਯੋਗ ਹੋਇਆ ਹੈ ਜਿਨ੍ਹਾਂ ਦੀ ਪ੍ਰਕ੍ਰਿਤੀ ਸਹਿਚਾਰੀ ਤੇ ਵਿਰੋਧੀ ਦੋਹਾਂ ਤਰ੍ਹਾਂ ਦੀ ਹੈ । ਸਹਿਚਾਰੀ ਪ੍ਰਕ੍ਰਿਤੀ ਵਾਲੇ ਸੰਯੁਕਤ ਬਿੰਬ ਦੀ ਉਦਾਹਰਣ ਪੇਸ਼ ਹੈ :



Marfat.com

ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉ ਮਾਝਾ ਦੁਧੁ ॥
ਸਭੇ ਵਸਤੂ ਮਿਠੀਆ ਰਬ ਨ ਪੁਜਨਿ ਤੁਧੁ ॥

(ਆਦਿ ਗ੍ਰੰਥ, ਪੰਨਾ 1379)

ਇਥੇ ਰੱਬ ਦੀ ਸਰਬ-ਵਿਆਪਕ ਹੋਂਦ ਦੀ ਮਿੱਠਤ ਨੂੰ ਰੂਪਮਾਨ ਕਰਨ ਲਈ ਸ਼ੱਕਰ, ਖੰਡ, ਮਿਸ਼ਰੀ, ਗੁੜ, ਸ਼ਹਿਦ ਆਦਿ ਦਾ ਸੰਯੁਕਤ ਬਿੰਬ ਸਿਰਜਿਆ ਗਿਆ ਹੈ। ਇਸੇ ਤਰ੍ਹਾਂ ਨਿਮਨ ਲਿਖਤ ਸ਼ਲੋਕ ਵਿਚ ਬੁਢਾਪੇ ਦੀ ਅਵਸਥਾ ਨੂੰ ਰੂਪਮਾਨ ਕਰਨ ਲਈ ਬਾਬਾ ਫਰੀਦ ਨੇ ਕਮਜ਼ੋਰ ਹੋਈਆਂ ਅੱਖਾਂ, ਬੋਲੇ ਹੋਏ ਕੰਨ ਤੇ ਪੱਕ ਚੁੱਕੀ ਟਾਹਣੀ ਦਾ ਸੰਯੁਕਤ ਬਿੰਬ ਸਿਰਜਿਆ ਹੈ :

ਫਰੀਦਾ ਅਖੀ ਦੇਖਿ ਪਤੀਣੀਆਂ ਸੁਣਿ ਸੁਣਿ ਰੀਣੇ ਕੰਨ ॥
ਸਾਖ ਪਕੰਦੀ ਆਈਆ ਹੋਰ ਕਰੇਂਦੀ ਵੰਨ ॥

(ਆਦਿ ਗ੍ਰੰਥ, ਪੰਨਾ 1378)

ਫਰੀਦ-ਬਾਣੀ ਵਿਚ ਵਿਰੋਧੀ ਪ੍ਰਕ੍ਰਿਤੀ ਵਾਲੇ ਸੰਯੁਕਤ ਬਿੰਬਾਂ ਦੀ ਸਿਰਜਣਾ ਵੀ ਹੋਈ ਹੈ। ਉਦਾਹਰਣ ਵਜੋਂ ਹੇਠਲੇ ਸ਼ਲੋਕ ਵਿਚ ਸ਼ੱਕਰ ਤੇ ਵਿਸ ਵਿਰੋਧੀ ਪ੍ਰਕ੍ਰਿਤੀ ਵਾਲੇ ਬਿੰਬ ਹਨ ਜੋ ਸੰਯੁਕਤ ਰੂਪ ਵਿਚ ਪ੍ਰਯੁਕਤ ਕੀਤੇ ਗਏ ਹਨ :

ਦੇਖੁ ਫਰੀਦਾ ਜਿ ਥੀਆ ਸਕਰ ਹੋਈ ਵਿਸੁ ॥
ਸਾਂਈ ਬਾਝਹੁ ਆਪਣੇ ਵੇਦਣ ਕਹੀਐ ਕਿਸੁ ॥

(ਆਦਿ ਗ੍ਰੰਥ, ਪੰਨਾ 1378)

ਇਸੇ ਤਰ੍ਹਾਂ ਹੇਠ ਲਿਖੇ ਸ਼ਲੋਕ ਵਿਚ ਵੀ ਦੋ ਵਿਰੋਧੀ ਪ੍ਰਕ੍ਰਿਤੀ ਵਾਲੇ ਬਿੰਬ —ਹਿੰਙ ਤੇ ਕਸਤੂਰੀ, ਸੰਯੁਕਤ ਰੂਪ ਵਿਚ ਪੇਸ਼ ਹੋਏ ਮਿਲਦੇ ਹਨ :

ਨਾਤੀ ਧੋਤੀ ਸੰਬਹੀ ਸੁਤੀ ਆਇ ਨਚਿੰਦੁ ॥
ਫਰੀਦਾ ਰਹੀ ਸੁ ਬੇੜੀ ਹਿੰਙੁ ਦੀ ਗਈ ਕਥੂਰੀ ਗੰਧੁ ॥

(ਆਦਿ ਗ੍ਰੰਥ, ਪੰਨਾ 1379)

### ਸ) ਇਕੋ ਵਿਸ਼ੇ ਲਈ ਵਿਰੋਧੀ ਪ੍ਰਕ੍ਰਿਤੀ ਵਾਲੇ ਬਿੰਬ

ਕਵੀ ਦੀ ਬਹੁਰੰਗੀ ਕਲਪਨਾ ਅਨੇਕਾਂ ਰੰਗ ਵਟਾਉਂਦੀ ਹੈ। ਉਹ ਇਕੋ ਵਸਤੂ ਜਾਂ ਭਾਵ ਨੂੰ ਵੱਖ ਵੱਖ ਬਿੰਬਾਂ ਰਾਹੀਂ ਤਾਂ ਅਕਸਰ ਹੀ ਪ੍ਰਗਟ ਕਰਦਾ ਹੈ। ਪਰ ਕਈ ਵਾਰ ਉਹ ਇਕੋ ਵਸਤੂ ਨੂੰ ਅਜਿਹੇ ਵਿਭਿੰਨ ਬਿੰਬਾਂ ਰਾਹੀਂ ਵੀ ਮੂਰਤੀਮਾਨ ਕਰਦਾ ਹੈ ਜੋ ਆਪਣੀ ਮੂਲ ਪ੍ਰਕ੍ਰਿਤੀ ਵਿਚ ਇਕ ਦੂਜੇ ਦੇ ਵਿਰੋਧੀ ਹੁੰਦੇ ਹਨ। ਬਾਬਾ ਫ਼ਰੀਦ ਨੇ ਵੀ ਇਕੋ ਵਿਸ਼ੇ ਨੂੰ ਇਕ ਦੂਜੇ ਦੇ ਵਿਰੋਧੀ ਦਿਸਣ ਵਾਲੇ ਬਿੰਬਾਂ ਰਾਹੀਂ ਰੂਪਮਾਨ ਕੀਤਾ ਹੈ। ਦੁਨੀਆਂ ਲਈ ਬਾਬਾ ਫ਼ਰੀਦ ਨੇ 'ਗੁਝੀ ਭਾਹਿ', 'ਸੁਹਾਵਾ ਬਾਗ' ਅਤੇ 'ਕਲਰ ਕੇਰੀ ਛਪੜੀ' ਦੇ ਵੱਖ ਵੱਖ-ਵੱਖ ਬਿੰਬ ਪ੍ਰਯੁਕਤ ਕੀਤੇ ਹਨ ਜੋ ਪ੍ਰਕ੍ਰਿਤੀ ਵਿਚ ਇਕ ਦੂਜੇ ਦੇ ਵਿਰੋਧੀ ਹਨ, ਜਿਵੇਂ :



Marfat.com

ੳ) ਕਿਝੁ ਨ ਬੁਝੈ ਕਿਝੁ ਨ ਸੁਝੈ ਦੁਨੀਆਂ ਗੁਝੀ ਭਾਹਿ ॥

(ਆਦਿ ਗ੍ਰੰਥ, ਪੰਨਾ 1378)

ਅ) ਫਰੀਦਾ ਪੰਖ ਪਰਾਹੁਣੀ ਦੁਨੀ ਸੁਹਾਵਾ ਬਾਗੁ ॥

(ਆਦਿ ਗ੍ਰੰਥ, 1382)

ੲ) ਕਲਰ ਕੇਰੀ ਛਪੜੀ ਆਇ ਉਲਥੇ ਹੰਝ ॥

(ਆਦਿ ਗ੍ਰੰਥ, ਪੰਨਾ 1381)

ਬਾਬਾ ਫ਼ਰੀਦ ਨੇ ਜਿਥੇ ਇਕੋ ਵਿਸ਼ੇ ਲਈ ਵੱਖ ਵੱਖ ਬਿੰਬ ਸਿਰਜੇ ਹਨ ਉਥੇ ਵੱਖ ਵੱਖ ਵਿਸ਼ਿਆਂ ਲਈ ਇਕੋ ਬਿੰਬ ਵੀ ਪ੍ਰਯੁਕਤ ਕੀਤਾ ਹੈ, ਜਿਵੇਂ :

ੳ) ਹੰਸੁ ਚਲਸੀ ਡੁੰਮਣਾ, ਅਹਿ ਤਨੁ ਢੇਰੀ ਥੀਸੀ ॥

(ਰਾਗ ਸੂਹੀ, ਆਦਿ ਗ੍ਰੰਥ, ਪੰਨਾ 794)

ਅ) ਹੰਸ ਉਡਰਿ ਕੋਧ੍ਰੈ ਪਇਆ ਲੋਕੁ ਵਿਡਾਰਣਿ ਜਾਇ ॥
ਗਹਿਲਾ ਲੋਕੁ ਨ ਜਾਣਦਾ ਹੰਸੁ ਨ ਕੋਧ੍ਰਾ ਖਾਇ ॥

(ਆਦਿ ਗ੍ਰੰਥ, ਪੰਨਾ 80)

ਉਪਰੋਕਤ ਪਹਿਲੀ ਪੰਕਤੀ ਵਿਚ ਹੰਸ ਦਾ ਬਿੰਬ ਮਨੁੱਖੀ ਆਤਮਾ ਲਈ ਹੈ। ਦੂਜੇ ਸ਼ਲੋਕ ਵਿਚ ਹੰਸੁ ਦਾ ਬਿੰਬ ਪ੍ਰਭੂ ਦੇ ਭਗਤਾਂ ਲਈ ਪ੍ਰਯੁਕਤ ਕੀਤਾ ਗਿਆ ਹੈ। ਇਸੇ ਤਰ੍ਹਾਂ ਸਰੋਵਰ ਦਾ ਬਿੰਬ ਬਾਬਾ ਫ਼ਰੀਦ ਨੇ ਚੰਗੀ ਸੰਗਤ ਜਾਂ ਗੁਰੂ ਲਈ ਵੀ ਪ੍ਰਯੁਕਤ ਕੀਤਾ ਹੈ ਅਤੇ ਸਰੋਵਰ ਦਾ ਬਿੰਬ ਇਸ ਦੁਨੀਆਂ ਜਾਂ ਸੰਸਾਰ ਲਈ ਵੀ ਸਿਰਜਿਆ ਗਿਆ ਹੈ। ਪੁਸ਼ਟੀ ਲਈ ਨਿਮਨ-ਲਿਖਤ ਕਾਵਿ-ਪੰਕਤੀਆਂ ਵੇਖੀਆਂ ਜਾ ਸਕਦੀਆਂ ਹਨ :

ੳ) ਫਰੀਦਾ ਸੋਈ ਸਰਵਰੁ ਢੂਢਿ ਲਹੁ ਜਿਥਹੁ ਲਭੀ ਵਥੁ ॥

(ਆਦਿ ਗ੍ਰੰਥ, ਪੰਨਾ 1380)

ਅ) ਸਰਵਰ ਪੰਖੀ ਹੇਕੜੋ ਫਾਹੀਵਾਲ ਪਚਾਸ ॥

(ਆਦਿ ਗ੍ਰੰਥ, ਪੰਨਾ 1384)

ਉਪਰੋਕਤ ਵਿਸ਼ਲੇਸ਼ਣ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਬਾਬਾ ਫ਼ਰੀਦ ਨੇ ਅਖੰਡਿਤ ਤੇ ਖੰਡਿਤ ਬਿੰਬ, ਪ੍ਰਧਾਨ ਬਿੰਬ ਤੇ ਲਘੂ ਬਿੰਬ, ਸੰਯੁਕਤ ਬਿੰਬ, ਇਕੋ ਵਿਸ਼ੇ ਲਈ ਵੱਖ ਵੱਖ ਬਿੰਬ ਅਤੇ ਵੱਖ ਵੱਖ ਵਿਸ਼ਿਆਂ ਲਈ ਇਕੋ ਬਿੰਬ ਸਿਰਜ ਕੇ ਆਪਣੀ ਬਹੁਰੰਗੀ ਕਲਪਨਾ ਦਾ ਸਬੂਤ ਦਿੱਤਾ ਹੈ ਜਿਸ ਕਰ ਕੇ ਉਨ੍ਹਾਂ ਦੇ ਬਿੰਬਾਂ ਦੀ ਪ੍ਰਕ੍ਰਿਤੀ ਬੜੀ ਵੰਨ-ਸੁਵੰਨੀ ਹੋ ਗਈ ਹੈ।

## 6. ਬਾਬਾ ਫ਼ਰੀਦ ਦੀ ਬਿੰਬਾਵਲੀ ਅਤੇ ਗੁਰਬਾਣੀ

ਮਹਾਨ ਕਵੀ ਦੀ ਬਿੰਬਾਵਲੀ ਹਮੇਸ਼ਾਂ ਉਸ ਦੇ ਸਮਕਾਲੀ ਅਤੇ ਪਿਛੋਂ ਹੋਣ ਵਾਲੇ ਕਵੀਆਂ ਉਪਰ ਆਪਣਾ ਪ੍ਰਭਾਵ ਪਾਉਂਦੀ ਹੈ। ਇਹ ਗੱਲ ਬਾਬਾ ਫ਼ਰੀਦ ਦੀ ਬਿੰਬਾਵਲੀ ਉਪਰ ਪੂਰੀ ਤਰ੍ਹਾਂ ਢੁਕਦੀ ਹੈ। ਬਾਬਾ ਫ਼ਰੀਦ ਦੀ ਮ੍ਰਿਤੂ ਤੋਂ ਲਗਪਗ ਦੋ ਸੌ ਸਾਲ ਪਿਛੋਂ ਗੁਰਬਾਣੀ ਦੀ ਰਚਨਾ ਸ਼ੁਰੂ ਹੋਈ। ਇੰਨੇ ਲੰਮੇ ਅਰਸੇ ਪਿਛੋਂ ਵੀ ਗੁਰਬਾਣੀ ਦੇ ਰਚਨਹਾਰਿਆਂ



Marfat.com

ਨੇ ਬਾਬਾ ਫ਼ਰੀਦ ਦੀ ਬਿੰਬਾਵਲੀ ਦਾ ਪ੍ਰਭਾਵ ਪ੍ਰਤੱਖ ਰੂਪ ਵਿਚ ਕਬੂਲ ਕੀਤਾ ਹੈ। ਡਾ. ਤਾਰਨ ਸਿੰਘ ਦੇ ਕਥਨ ਅਨੁਸਾਰ ਵੀ ਗੁਰੂ ਕਵੀਆਂ ਨੇ ਬਾਬਾ ਫ਼ਰੀਦ ਦੀ ਬਿੰਬਾਵਲੀ ਨੂੰ ਕਾਇਮ ਰੱਖਿਆ ਹੈ ਅਤੇ ਉਨ੍ਹਾਂ ਨੇ ਬਾਬਾ ਫ਼ਰੀਦ ਦੇ ਬਹੁਤ ਸਾਰੇ ਬਿੰਬ ਉਨ੍ਹਾਂ ਪ੍ਰਸੰਗਾਂ ਤੇ ਅਰਥਾਂ ਵਿਚ ਹੀ ਵਰਤੇ ਹਨ ਜਿਨ੍ਹਾਂ ਪ੍ਰਸੰਗਾਂ ਤੇ ਅਰਥਾਂ ਵਿਚ ਬਾਬਾ ਫ਼ਰੀਦ ਨੇ ਵਰਤੇ ਹਨ।[27] ਸੋ ਨਿਰਸੰਦੇਹ ਬਾਬਾ ਫ਼ਰੀਦ ਦੀ ਬਿੰਬਾਵਲੀ ਨੇ ਗੁਰਬਾਣੀ ਦੀ ਬਿੰਬਾਵਲੀ ਨੂੰ ਪ੍ਰਭਾਵਿਤ ਕੀਤਾ ਹੈ। ਫ਼ਰੀਦ-ਬਾਣੀ ਅਤੇ ਗੁਰਬਾਣੀ ਵਿਚੋਂ ਹੇਠਾ ਦਿੱਤੀਆਂ ਕੁਝ ਇਕ ਉਦਾਹਰਣਾਂ ਤੋਂ ਇਸ ਗੱਲ ਦੀ ਭਲੀਭਾਂਤ ਪੁਸ਼ਟੀ ਹੋ ਜਾਂਦੀ ਹੈ :

**ੳ) ਅਜ਼ਰਾਈਲ**

ਅਜ਼ਰਾਈਲ ਫਰੇਸਤਾ ਕੈ ਘਰਿ ਨਾਠੀ ਅਜ ॥

(ਬਾਬਾ ਫ਼ਰੀਦ, ਆਦਿ ਗ੍ਰੰਥ, ਪੰਨਾ 1381)

ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ[28] ॥ (ਗੁਰਬਾਣੀ)

**ਅ) ਸਰਵਰੁ**

ਫਰੀਦਾ ਸੋਈ ਸਰਵਰੁ ਢੂਢਿ ਲਹੁ ਜਿਥਹੁ ਲਭੀ ਵਥੁ ।

(ਬਾਬਾ ਫ਼ਰੀਦ, ਆਦਿ ਗ੍ਰੰਥ, ਪੰਨਾ 1380)

ਗੁਰ ਸਰਵਰੁ ਮਾਨਸਰੋਵਰੁ ਹੈ ਵਡਭਾਗੀ ਪੁਰਖ ਲਹੰਨਿ[28] ॥ (ਗੁਰਬਾਣੀ)

**ੲ) ਸੋਹਾਗਣ**

ਜਿਨ੍ਹਾਂ ਨਾਉ ਸੁਹਾਗਣੀ ਤਿਨ੍ਹਾ ਝਾਕ ਨ ਹੋਰ ॥

(ਬਾਬਾ ਫ਼ਰੀਦ, ਆਦਿ ਗ੍ਰੰਥ, ਪੰਨਾ 1384)

ਸਹੀਆ ਸੇ ਸੋਹਾਗਣੀ ਜਿਨ ਸਹ ਨਾਲਿ ਪਿਆਰ[30] ॥ (ਗੁਰਬਾਣੀ)

**ਸ) ਸਹੁਰਾ, ਪੇਕਾ**

ਸਾਹੁਰੈ ਢੋਈ ਨ ਲਹੈ ਪੇਈਐ ਨਾਹੀ ਥਾਉ ॥
ਪਿਰ ਵਾਤੜੀ ਨ ਪੁਛਈ ਧਨ ਸੋਹਾਗਣਿ ਨਾਉ ॥

(ਬਾਬਾ ਫ਼ਰੀਦ, ਆਦਿ ਗ੍ਰੰਥ, ਪੰਨਾ 1379)

ਲਗੀ ਆਵਹਿ ਸਾਹੁਰੈ ਨਿਤ ਨ ਪੇਈਐ ਹੋਇ[31] ॥ (ਗੁਰਬਾਣੀ)

**ਹ) ਹੰਸ**

ਹੰਸ ਚਲਸੀ ਡੁੰਮਣਾ ਅਹਿ ਤਨੁ ਢੇਰੀ ਥੀਸੀ ॥

(ਬਾਬਾ ਫ਼ਰੀਦ, ਰਾਗ ਸੂਹੀ, ਆਦਿ ਗ੍ਰੰਥ, ਪੰਨਾ 794)

ਹੰਸ ਚਲਿਆ ਤੂੰ ਪਿਛੈ ਰਹੀਏਹਿ ਛੁਟੜਿ ਹੋਈਅਹਿ ਨਾਹਿ[32] ॥ (ਗੁਰਬਾਣੀ)



Marfat.com

ਕ) ਕਸੁੰਭੜਾ

ਹਥੁ ਨ ਲਾਇ ਕਸੁੰਭੜੈ ਜਲਿ ਜਾਸੀ ਢੋਲਾ ॥

(ਬਾਬਾ ਫ਼ਰੀਦ, ਰਾਗ ਸੂਹੀ, ਆਦਿ ਗ੍ਰੰਥ, ਪੰਨਾ 794)

ਕਚਾ ਰੰਗੁ ਕਸੁੰਭ ਕਾ ਥੋੜੜਿਆ ਦਿਨ ਚਾਰ ਜੀਉ[33] ॥ (ਗੁਰਬਾਣੀ)

ਖ) ਕੰਤ

ਅਜੁ ਨ ਸੁਤੀ ਕੰਤ ਸਿਉ ਅੰਗ ਮੁੜੇ ਮੁੜਿ ਜਾਇ ॥

(ਬਾਬਾ ਫ਼ਰੀਦ, ਆਦਿ ਗ੍ਰੰਥ, ਪੰਨਾ 1379)

ਕੰਤ ਪਕਰਿ ਹਮ ਕੀਨੀ ਰਾਨੀ[34] ॥ (ਗੁਰਬਾਣੀ)

ਗ) ਛਪੜੀ

ਕਲਰ ਕੇਰੀ ਛਪੜੀ ਆਇ ਉਲਥੇ ਹੰਝ ॥

(ਆਦਿ ਗ੍ਰੰਥ, ਪੰਨਾ 1381)

ਕਲਰ ਕੇਰੀ ਛਪੜੀ ਕਊਆ ਮਲਿ ਮਲਿ ਨਾਇ[35] ॥ (ਗੁਰਬਾਣੀ)

ਘ) ਦੋਹਾਗਣ

ਫਰੀਦਾ ਜੋ ਡੋਹਾਗਣਿ ਰੱਬ ਦੀ ਝੂਰੇਦੀ ਝੂਰੇਇ ॥

(ਬਾਬਾ ਫ਼ਰੀਦ, ਆਦਿ ਗ੍ਰੰਥ, ਪੰਨਾ 1381)

ਦੋਹਾਗਣੀ ਕਿਆ ਨੀਸਾਣੀਆ ॥
ਖਸਮਹੁ ਘੁਥੀਆ ਫਿਰਹਿ ਨਿਮਾਣੀਆ[36] ॥ (ਗੁਰਬਾਣੀ)

ਙ) ਦਰਬਾਰ

ਮਤੁ ਸਰਮਿੰਦਾ ਥੀਵਹੀ ਸਾਂਈ ਦੇ ਦਰਬਾਰਿ ॥

(ਬਾਬਾ ਫਰੀਦ, ਆਦਿ ਗ੍ਰੰਥ, ਪੰਨਾ 1381)

ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ[37] ॥ (ਗੁਰਬਾਣੀ)

ਚ) ਦਰਗਾਹ

ਫਰੀਦਾ ਅਮਲ ਜਿ ਕੀਤੇ ਦੁਨੀ ਵਿਚ ਦਰਗਹ ਆਏ ਕੰਮਿ ॥

(ਬਾਬਾ ਫ਼ਰੀਦ, ਆਦਿ ਗ੍ਰੰਥ, ਪੰਨਾ 1383)

ਵਾਟ ਨ ਪਾਵਉ ਵੀਗਾ ਜਾਉ ॥
ਦਰਗਹ ਬੈਸਣ ਨਾਹੀ ਥਾਉ[38] ॥ (ਗੁਰਬਾਣੀ)

ਛ) ਧਨ, ਪਿਰ

ਪਿਰ ਵਾਤੜੀ ਨ ਪੁਛਈ ਧਨ ਸੋਹਾਗਣਿ ਨਾਉ ॥

(ਬਾਬਾ ਫ਼ਰੀਦ, ਆਦਿ ਗ੍ਰੰਥ, ਪੰਨਾ 1379)

ਧਨ ਪਿਰ ਏਕੇ ਸੰਗਿ ਬਸੇਰਾ[39] ॥ (ਗੁਰਬਾਣੀ)



Marfat.com

ਉਪਰੋਕਤ ਵਿਸ਼ਲੇਸ਼ਣ ਤੋਂ ਸ਼ਪਸ਼ਟ ਹੋ ਜਾਂਦਾ ਹੈ ਕਿ ਬਾਬਾ ਫ਼ਰੀਦ ਦੀ ਬਿੰਬਾਵਲੀ ਦੀ ਗੁਰਬਾਣੀ ਉਪਰ ਅਮਿਟ ਛਾਪ ਲੱਗੀ ਹੋਈ ਹੈ। ਗੁਰੂ ਕਵੀਆਂ ਨੇ ਫ਼ਰੀਦ-ਬਿੰਬਾਵਲੀ ਦਾ ਪ੍ਰਭਾਵ ਕਬੂਲਦਿਆਂ ਬਾਬਾ ਫ਼ਰੀਦ ਦੇ ਬਹੁਤ ਸਾਰੇ ਬਿੰਬਾਂ ਨੂੰ ਉਨ੍ਹਾਂ ਹੀ ਅਰਥਾਂ ਵਿਚ ਵਰਤਿਆ ਹੈ ਜਿਨ੍ਹਾਂ ਅਰਥਾਂ ਵਿਚ ਉਹ ਬਿੰਬ ਬਾਬਾ ਫ਼ਰੀਦ ਨੇ ਵਰਤੇ ਹਨ। ਇਹ ਸਾਂਝ ਜਿਥੇ ਬਾਬਾ ਫ਼ਰੀਦ ਦੀ ਬਿੰਬਾਵਲੀ ਦੀ ਸਾਰਥਕਤਾ ਨੂੰ ਦ੍ਰਿੜ੍ਹ ਕਰਵਾਉਂਦੀ ਹੈ ਉਥੇ ਫ਼ਰੀਦ-ਬਿੰਬਾਵਲੀ ਦੀ ਸਦੀਵੀ ਅਪੀਲ ਦੀ ਵੀ ਸੂਚਕ ਹੈ।

## ਹਵਾਲੇ ਤੇ ਟਿੱਪਣੀਆਂ

1. "The images of a poem is a part of a living growth, even decorative or conventional images can hardly be detached for examination, without loosing some of their sparkle"—C D. Lewis, *The Poetic Image*, p. 40,
2. *Ibid.*
3. *Ibid.*
4. 'ਕਾਵਿ ਦੇ ਤੱਤ', ਪੰਨਾ 118.
5. *The Poetic Image*, p. 40.
6. 'ਕਾਵਿ ਬਿੰਬ' ਪੰਨਾ 13.
7. *The Poetic Image*, p. 40.
8. ਦਲੀਪ ਸਿੰਘ ਦੀਪ, 'ਕਾਵਿ ਬਿੰਬ', ਪੰਨਾ 16.
9. C. D. Lewis, *The Poetic Image*, p. 45.
10. ਕ੍ਰਿਸ਼ਨ ਦੇਵ ਸ਼ਰਮਾ, 'ਪਾਸ਼ਚਾਤਯ ਕਾਵਯ ਸ਼ਾਸਤਰ', ਪੰਨਾ 126.
11. 'ਜਾਯਸੀ ਕੀ ਬਿੰਬ ਯੋਜਨਾ', ਪੰਨਾ 49.
12. "If there is essential in imagery, it is not boldness or intensity, but congruity — that the image should be congruous with the passionate argument and also with the form of the poem".—*The Poetic Image*, p 46.
13. ਦਲੀਪ ਸਿੰਘ ਦੀਪ, 'ਬਾਬਾ ਫ਼ਰੀਦ ਦੇ ਕਾਵਿ-ਬਿੰਬ', 'ਖੋਜ ਪਤ੍ਰਿਕਾ' (ਬਾਬਾ ਫ਼ਰੀਦ ਅੰਕ), ਪੰਨਾ 160.
14. "...an image may be presented to us in a phrase or passage on the face of it purely descriptive".—C. D. Lewis, *The Poetic Image*, p. 18.
15. *The Study of Poetry* : pp. 94-96, as quoted by Dr. Sudha Sexena, *Jayasi Ki Bimb Yojna*, p. 55.
16. *The Practice of Poetry*, p. 20.



Marfat.com

17. "Visual imagery—imagery, that is, which appeals mainly to the eye, both have the power to call up in the reader's mind similar pictures from his own experience".—James Reaves, *The Critical Sense*, p 111.
18. *The Poetic Image*, p. 18.
19. 'ਕਾਵਿ ਬਿੰਬ' ਪੰਨਾ 65.
20 F.L. Lucas, *Style*, p. 198
21. *Poetry and Experience*, p. 55.
22. *The Poetic Image*, p. 80
23. ਪ੍ਰੇਮ ਪ੍ਰਕਾਸ਼ ਸਿੰਘ, 'ਕਾਵਿ ਦੇ ਤੱਤ', ਪੰਨਾ 100.
24. "Images are not apart or completed, except in the sense that a whole poem may be a complete image".—C.D. Lewis, *The Poetic Image*, p. 45.
25, "A poem may be a total image composite of many subsidiary images".—*The Poetie Image*, p 137.
26. "At times they have to convey something so complex that no single image is enough and something like mixed metaphor is needed because the situation which demands it is also mixed".—C.M. Bowra, *The Creative Experiment*, p. 10.
27. "ਸ਼ੇਖ ਫ਼ਰੀਦ : ਰਚਨਾ, ਬਿੰਬਾਵਲੀ ਤੇ ਚਿੰਤਨ" 'ਖੋਜ ਪਤ੍ਰਿਕਾ', (ਬਾਬਾ ਫ਼ਰੀਦ ਵਿਸ਼ੇਸ਼ ਅੰਕ), ਪੰਨਾ 72.
28. ਵਾਰ ਗਉੜੀ ਮਹਲਾ 4, 'ਆਦਿ ਗ੍ਰੰਥ' ਪੰਨਾ 315.
29. ਸੂਹੀ ਮਹਲਾ 3, ਉਹੀ, ਪੰਨਾ 756.
30. ਸਿਰੀ ਰਾਗ, ਮਹਲਾ 1, ਉਹੀ, ਪੰਨਾ 172.
31. ਉਹੀ, ਪੰਨਾ 23.
32. ਗਉੜੀ ਮਹਲਾ 1, ਉਹੀ, ਪੰਨਾ 155.
33. ਸੂਹੀ, ਮਹਲਾ 1, ਉਹੀ, ਪੰਨਾ 751.
34. ਆਸਾ, ਮਹਲਾ 5, ਉਹੀ, ਪੰਨਾ 470.
35. ਸ਼ਲੋਕ ਵਾਰਾਂ ਤੋਂ ਵਧੀਕ, ਮਹਲਾ 1, ਉਹੀ, ਪੰਨਾ 1411.
36. ਸਿਰੀ ਰਾਗ ਮਹਲਾ 1, ਉਹੀ, ਪੰਨਾ 172.
37. ਜਪੁਜੀ ਮਹਲਾ 1, ਉਹੀ, ਪੰਨਾ 2.
38. ਆਸਾ ਮਹਲਾ 1, ਉਹੀ, ਪੰਨਾ 354.
39. ਆਸਾ, ਕਬੀਰ, ਉਹੀ, ਪੰਨਾ 493.



Marfat.com

# ਪੁਸਤਕ ਸੂਚੀ


**ਪੰਜਾਬੀ ,**

ਓਮ ਪ੍ਰਕਾਸ਼ (ਡਾ.), 'ਅਲੰਕਾਰ ਵਿਧਾਨ', ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁਕ ਬੋਰਡ, ਚੰਡੀਗੜ੍ਹ, 1979.

ਅਤਰ ਸਿੰਘ (ਡਾ.), 'ਸਮਦਰਸ਼ਨ' ਰਘਬੀਰ ਰਚਨਾ ਪ੍ਰਕਾਸ਼ਨ, ਅੰਮ੍ਰਿਤਸਰ, 1975.

'ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ, ਪੁਸਤਕਾਂ ਵਾਲੇ, ਅੰਮ੍ਰਿਤਸਰ, 1975.

'ਅੰਗਰੇਜ਼ੀ-ਪੰਜਾਬੀ ਕੋਸ਼' (ਸੰਪ. ਡਾ. ਅਤਰ ਸਿੰਘ ਤੇ ਹੋਰ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1968.

ਸਤਿੰਦਰ ਸਿੰਘ (ਡਾ.), 'ਗੁਰੂ ਨਾਨਕ ਕਾਵਿ-ਅਧਿਐਨ', ਬੂਟਾ ਸਿੰਘ ਪ੍ਰਤਾਪ ਸਿੰਘ, ਅੰਮ੍ਰਿਤਸਰ, 1969.

ਕਸੇਲ, ਕ੍ਰਿਪਾਲ ਸਿੰਘ (ਪ੍ਰੋ.), 'ਬਾਬਾ ਫ਼ਰੀਦ ਦੀ ਸਾਹਿਤਿਕ ਪ੍ਰਤਿਭਾ', ਅਮਰਜੀਤ ਸਾਹਿਤ ਪ੍ਰਕਾਸ਼ਨ, ਪਟਿਆਲਾ, 1981.

ਕਾਨ੍ਹ ਸਿੰਘ, ਨਾਭਾ, 'ਗੁਰਸ਼ਬਦ ਰਤਨਾਕਰ, ਮਹਾਨਕੋਸ਼', ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥਾ ਐਡੀਸ਼ਨ, 1970.

ਕੋਮਲ, ਹਰਨੇਕ ਸਿੰਘ (ਡਾ.), 'ਭਾਈ ਗੁਰਦਾਸ ਦੀ ਕਵਿਤਾ ਦੇ ਬਿੰਬ ਵਿਧਾਨ ਦਾ ਅਧਿਐਨ' ਅਪ੍ਰਕਾਸਿਤ ਸ਼ੋਧ ਪ੍ਰਬੰਧ), ਗੁ. ਨਾ. ਦੇਵ. ਯੂਨੀ. ਲਾਇਬਰੇਰੀ, ਅੰਮ੍ਰਿਤਸਰ, 1975.

'ਗੁਰੂ ਨਾਨਕ ਸੰਬੰਧੀ ਤਿੰਨ ਖੋਜ ਪੱਤਰ', (ਸੰਪ. ਗੁਰਬਚਨ ਸਿੰਘ ਤਾਲਿਬ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1970.

ਜਗਜੀਤ ਸਿੰਘ (ਡਾ.), 'ਸ਼ਲੋਕ ਤਥਾ ਬਾਣੀ ਸ਼ੇਖ ਫਰੀਦ : ਇਕ ਅਧਿਐਨ', ਪੈਪਸੂ ਬੁਕ ਡਿਪੂ, ਪਟਿਆਲਾ, ਜਨਵਰੀ 1974.

ਢਿੱਲੋਂ, ਹਰਜਿੰਦਰ ਸਿੰਘ (ਡਾ.), 'ਪੰਜਾਬੀ ਸੂਫ਼ੀ ਕਾਵਿ ਅਤੇ ਸ਼ਰੀਅਤ', ਨਾਨਕ ਸਿੰਘ




Marfat.com

ਪੁਸਤਕ ਮਾਲਾ, ਅੰਮ੍ਰਿਤਸਰ, ਜਨਵਰੀ, 1980.

ਦੀਪ, ਦਲੀਪ ਸਿੰਘ (ਡਾ.), 'ਕਾਵਿ ਬਿੰਬ', ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁਕ ਬੋਰਡ, ਚੰਡੀਗੜ੍ਹ, 1976.

ਦੀਵਾਨ ਸਿੰਘ (ਡਾ.), 'ਫ਼ਰੀਦ ਦਰਸ਼ਨ', ਲਾਹੌਰ ਬੁਕ ਸ਼ਾਪ, ਲੁਧਿਆਣਾ, ਚੌਥੀ ਵਾਰ, 1973.

ਪ੍ਰੀਤਮ ਸਿੰਘ, 'ਵਾਦ ਵਿਵਾਦ', ਬਿਸ਼ਨ ਚੰਦ ਐਂਡ ਸਨਜ਼, ਦਿੱਲੀ, ਦੂਜੀ ਵਾਰ, 1970.

ਪ੍ਰੇਮ ਪ੍ਰਕਾਸ਼ ਸਿੰਘ (ਡਾ.), 'ਕਾਵਿ ਦੇ ਤੱਤ', ਲਾਹੌਰ ਬੁਕ ਸ਼ਾਪ ਲੁਧਿਆਣਾ, 1970.

——, 'ਮੋਹਨ ਸਿੰਘ ਦਾ ਕਾਵਿ ਲੋਕ', ਨਿਊ ਬੁਕ ਕੰਪਨੀ, ਜਲੰਧਰ, 1969.

ਬੇਦੀ, ਕਾਲਾ ਸਿੰਘ (ਡਾ.), 'ਗੁਰੂ ਨਾਨਕ ਕਾਵਿ ਚਿੱਤਰਣ', ਪੰਜਾਬੀ ਬੁਕ ਸਟੋਰ, ਦਿੱਲੀ, ਮਿਤੀਹੀਣ।

ਭੋਗਲ, ਪਿਆਰਾ ਸਿੰਘ (ਪ੍ਰੋ.), 'ਮਹਾਂ ਕਵੀ ਫ਼ਰੀਦ', ਹਿਰਦੇਜੀਤ ਪ੍ਰਕਾਸ਼ਨ, ਜਲੰਧਰ, 1970.

'ਮਾਨਵਤਾ ਦਾ ਪ੍ਰਤੀਕ ਬਾਬਾ ਫ਼ਰੀਦ', (ਸੰਪ. ਡਾ. ਹਰਮੰਦਰ ਸਿੰਘ ਦਿਓਲ ਤੇ ਹੋਰ), ਸਾਹਿਤ ਸੰਮੇਲਨ, ਫ਼ਰੀਦਕੋਟ, 1984.

ਵਜ਼ੀਰ ਸਿੰਘ (ਡਾ.), 'ਨੈਤਿਕ ਨਿਯਮ', ਪੰਜਾਬੀ ਯੂਨੀਵਰਸਿਟੀ, ਪਟਿਆਲਾ.

ਵੋਹਰਾ, ਆਸਾ ਨੰਦ (ਡਾ.), 'ਕਾਵਿ-ਸ੍ਰਿਜਨ ਪ੍ਰਕ੍ਰਿਆ', ਗਿਆਨ ਜਯੋਤੀ ਪ੍ਰਕਾਸ਼ਨ, ਪਟਿਆਲਾ, 1972.

## ਹਿੰਦੀ :

ਅਖੌਰੀ, ਬ੍ਰਜਨੰਦਨ ਪ੍ਰਸਾਦ, 'ਕਾਵਯਾਤਮਕ ਬਿੰਬ', ਗਿਆਨ ਲੋਕ, ਪਟਨਾ, 1965.

ਸਕਸੈਨਾ, ਸੁਧਾ (ਡਾ.), 'ਜਾਯਸੀ ਕੀ ਬਿੰਬ ਯੋਜਨਾ', ਆਸ਼ੋਕ ਪ੍ਰਕਾਸ਼ਨ, ਦਿੱਲੀ, 1966.

ਸੁਧੀਂਦ੍ਰ (ਡਾ.), 'ਹਿੰਦੀ ਕਵਿਤਾ ਮੇਂ ਯੁਗਾਂਤਰ', ਆਤਮਾ ਰਾਮ ਐਂਡ ਸਨਜ਼, ਦਿੱਲੀ, ਦੂਸਰਾ ਸੰਸਕਰਣ, 1957.

ਸ਼ਰਮਾ, ਕ੍ਰਿਸ਼ਨ ਦੇਵ (ਡਾ.), ਪਾਸ਼ਚਾਤਯ ਕਾਵਯ ਸ਼ਾਸਤ੍ਰ', ਵਿਨੋਦ ਪੁਸਤਕ ਮੰਦਿਰ, ਆਗਰਾ, 1972.

ਸ਼ਰਮਾ, ਨਿਤਯ ਨੰਦ (ਡਾ.), 'ਆਧੁਨਿਕ ਹਿੰਦੀ ਕਾਵਯ ਮੇਂ ਬਿੰਬ ਵਿਧਾਨ', ਸਾਹਿਤਯ ਸਦਨ, ਡੇਹਰਾਦੂਨ, 2023 ਬਿ.

ਸ਼ੁਕਲ, ਰਾਮ ਚੰਦਰ, 'ਚਿੰਤਾਮਣੀ', ਨਾਗਰੀ ਪ੍ਰਚਾਰਿਣੀ ਸਭਾ, ਵਾਰਾਣਸੀ, ਨਵੀਨ ਸਭਾ, ਸੰਸਕਰਣ, 2027 ਬਿ.

ਕੁਮਾਰ ਵਿਮਲ (ਡਾ.), 'ਸੌਂਦਰਯ ਸ਼ਾਸਤ੍ਰ ਕੇ ਤੱਤਵ', ਰਾਜਕਮਲ ਪ੍ਰਕਾਸ਼ਨ, ਦਿੱਲੀ, 1967.



Marfat.com

ਕੇਦਾਰਨਾਥ ਸਿੰਘ (ਡਾ.), 'ਆਧੁਨਿਕ ਹਿੰਦੀ ਕਵਿਤਾ ਮੇਂ ਬਿੰਬ-ਵਿਧਾਨ ਕਾ ਵਿਕਾਸ', ਭਾਰਤੀਯ ਗਿਆਨ ਪਾਠ ਪ੍ਰਕਾਸ਼ਨ, ਦਿੱਲੀ, 19/1).

ਗੁਪਤ ਸ਼ਾਂਤੀ ਸਵਰੂਪ (ਡਾ.), 'ਸਾਹਿਤਿਯਕ ਨਿਬੰਧ', ਅਸ਼ੋਕ ਪ੍ਰਕਾਸ਼ਨ, ਨਈ ਸੜਕ, ਦਿੱਲੀ, 1969.

ਗੁਪਤ, ਜਗਦੀਸ਼ (ਡਾ.), 'ਨਯੀ ਕਵਿਤਾ-ਸਵਰੂਪ ਔਰ ਸਮੱਸਿਆਏਂ', ਭਾਰਤੀਯ ਗਿਆਨ ਪੀਠ ਪ੍ਰਕਾਸ਼ਨ, ਵਾਰਾਣਸੀ, 1969.

ਨਗੇਂਦ੍ਰ (ਡਾ.) 'ਕਾਵਯ-ਬਿੰਬ' ਨੈਸ਼ਨਲ ਪਬਲਿਸ਼ਿੰਗ ਹਾਊਸ, ਦਿੱਲੀ, 1967.

ਭ੍ਰਮਰ, ਰਾਮਯਤਨ ਸਿੰਘ (ਡਾ.), 'ਆਧੁਨਿਕ ਹਿੰਦੀ ਕਵਿਤਾ ਮੇਂ ਚਿਤ੍ਰ-ਵਿਧਾਨ, ਨੈਸ਼ਨਲ ਪਬਲਿਸ਼ਿੰਗ ਹਾਊਸ, ਦਿੱਲੀ, 1965.

## ENGLISH :

Abrams, M. H., *The Mirror and the Lamp*, Oxford University Press, London, 1971.

*Absurd Drama* (ed. Martin Esslin), Penguin Books Ltd., Harmondsworth, Reprinted 1962.

Bowra, C. M., *The Creative Experiment*, Macmillan and Co Ltd., London, Reprinted 1967.

Cleman, W. H., *The Development of Shakespear's Imagery*, Methuen and Co. Ltd., London, Reprinted 1967.

*Dictionary of World Literature* (ed. Joseph T. Shipley), Little Field, Adams & Co , Totowa New Jersey, New Revised Edition, 1968.

*Encyclopaedia of Britanica*, Encyclopaedia Britanica Ltd., London, 1962.

*Encyclopaedia of Religion and Ethics* (ed. Hastings J ), Charles Seribners Sons, New York, 1955.

Gurrey, P., *The Appreciation of Poetry*, Oxford University Press, London, 1955.

Hudson, William Henry, *An Introduction to the Study of Literature*, George G. Harrap & Co Ltd , London, 1958.

Herbert Read, *Art Now*, Pitman, New York, 1960.

Joseph Chiary, *Realism and Imagination*, Barri and Rockliff, London, 1960.



Marfat.com

Lewis, C. D., *The Poetic Image*, Jonathan Cape, London, Reprinted 1958.

Lucas, F. L., *Style*, Cassell & Co. Ltd., London, 5th Edition, 1960

*Literary Essays of Ezra Pound* (ed. T. S. Eliot), Faber & Faber Ltd, London, Reprinted 1968.

Mackliesh, A., *Poetry and Experience*. The Bodley Head, London, 1961.

Reaves, James, *The Critical Sense*, William Heinemann Ltd., London, Reprinted 1960.

Richards, I. A., *Coleridge on Imagination*, Routledge & Kegan Paul Ltd, London, 3rd Edition, 1962.

———, *Principles of Literary Criticism*, Routledge & Kegan Paul Ltd., London, Eleventh Edition, 1949.

Scott James, R. A., *The Making of Literature*, Martin Secker & warbury Ltd., London, Reprinted 1948.

Skelton; Robin, *The Poetic Pattern*, Routledge & Kegan Paul Ltd, London, 1956.

———, *The Practice of Poetry*, Heinemann Educational Books Ltd., London, 1971.

Spurgeon, Caroline F. E., *Shakespear's Imagery and What It Tells Us*, Cambridge University Press, 1952.

*The Oxford English Dictionary*, Oxford University Press, London Reprinted 1961.

Wellek, Rene and Warren, Austin, *Theory of Literature*, Jonathan Cape, London, Reprinted 1955.

*Webster's New International Dictionary of English Language* (ed. William Allen Neilson), G. & C. Merriam Co. Publishers, U. S. A., Second Edition, 1949.

Whalley, George, *Poetic Practice*, Routledge & Kegan Paul Ltd., London, 1972.



Marfat.com

**ਰਸਾਲੇ :**

'ਆਲੋਚਨਾ', ਪੰਜਾਬੀ ਸਾਹਿਤ ਅਕਾਡਮੀ, ਪੰਜਾਬੀ ਭਵਨ, ਲੁਧਿਆਣਾ, ਅਕਤੂਬਰ 1981-ਮਾਰਚ 1982.

'ਖੋਜ ਪਤ੍ਰਿਕਾ' (ਬਾਬਾ ਫ਼ਰੀਦ ਵਿਸ਼ੇਸ਼ ਅੰਕ), ਪੰਜਾਬੀ ਯੂਨੀਵਰਸਿਟੀ, ਪਟਿਆਲਾ।

'ਪੰਜਾਬੀ ਦੁਨੀਆਂ', ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਫ਼ਰਵਰੀ 1974.



Marfat.com